ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਕਲਾ ਉਪਾਇ ਧਰੀ ਜਿਨਿ ਧਰਣਾ ॥ ਗਗਨੁ ਰਹਾਇਆ ਹੁਕਮੇ ਚਰਣਾ ॥ ਅਗਨਿ ਉਪਾਇ ਈਧਨ ਮਹਿ ਬਾਧੀ, ਸੋ ਪ੍ਰਭੁ ਰਾਖੈ ਭਾਈ ਹੇ ॥੧॥ ਜੀਅ ਜੰਤ ਕਉ ਰਿਜਕੁ ਸੰਬਾਹੇ ॥ ਕਰਣ ਕਾਰਣ ਸਮਰਥ ਆਪਾਹੇ ॥ ਖਿਨ ਮਹਿ ਥਾਪਿ ਉਥਾਪਨਹਾਰਾ, ਸੋਈ ਤੇਰਾ ਸਹਾਈ ਹੇ ॥੨॥ ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥ ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥ ਸਦਾ ਸਦਾ ਜਪੀਐ ਸੋ ਪ੍ਰੀਤਮੁ ,ਵਡੀ ਜਿਸੁ ਵਡਿਆਈ ਹੇ ॥੩॥ ਸੁਲਤਾਨ ਖਾਨ ਕਰੇ ਖਿਨ ਕੀਰੇ ॥ ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ ॥ ਗਰਬ ਨਿਵਾਰਣ ਸਰਬ ਸਧਾਰਣ, ਕਿਛੁ ਕੀਮਤਿ ਕਹੀ ਨ ਜਾਈ ਹੇ ॥੪॥ ਸੋ ਪਤਿਵੰਤਾ ਸੋ ਧਨਵੰਤਾ ॥ ਜਿਸੁ ਮਨਿ ਵਸਿਆ ਹਰਿ ਭਗਵੰਤਾ ॥ ਮਾਤਾ ਪਿਤਾ ਸੁਤ ਬੰਧਪ ਭਾਈ, ਜਿਨਿ ਇਹ ਸ੍ਰਿਸਟਿ ਉਪਾਈ ਹੇ ॥੫॥ ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥ ਸਾਧ ਸੰਗਤਿ ਨਿਹਚਉ ਹੈ ਤਰਣਾ ॥ ਮਨ ਬਚ ਕਰਮ ਅਰਾਧੇ ਕਰਤਾ, ਤਿਸੁ ਨਾਹੀ ਕਦੇ ਸਜਾਈ ਹੇ ॥੬॥ (ਹੇ ਭਾਈ!) ਜਿਸ ਪ੍ਰਭੂ ਨੇ (ਅਪਣੇ ਵਿਚੋਂ) ਸ਼ਕਤੀ ਪੈਦਾ ਕਰਕੇ ਧਰਤੀ ਕਾਇਮ ਕੀਤੀ ਹੈ; ਜਿਸ ਪ੍ਰਭੂ ਨੇ ਧਰਤੀ ਪੈਦਾ ਕਰਕੇ (ਇਸ ਵਿਚ ਅਪਣੀ) ਸ਼ਕਤੀ ਰੱਖੀ ਹੋਈ ਹੈ (ਸੰ.ਸ. ;ਫ.ਸ.)।ਪ੍ਰਭੂ ਨੇ ਅਕਾਸ਼ ਨੂੰ ਅਪਣੇ ਹੁਕਮ ਰੂਪ ਚਰਨਾਂ ਦੇ ਆਸਰੇ ਟਿਕਾ ਰੱਖਿਆ ਹੈ।ਅੱਗ ਪੈਦਾ ਕਰਕੇ ਲਕੜੀਆਂ ਵਿਚ ਬੰਨ੍ਹ ਰੱਖੀ ਹੈ, ਹੇ ਭਾਈ! ਉਹ ਪ੍ਰਭੂ (ਸਾਰੇ ਜੀਵਾਂ ਦੀ) ਰੱਖਿਆ ਕਰਦਾ ਹੈ ।੧।(ਹੇ ਭਾਈ!) ਪ੍ਰਭੂ ਸਾਰੇ ਛੋਟੇ ਵੱਡੇ ਜੀਵ ਜੰਤੂਆਂ ਨੂੰ ਰਿਜਕ ਪਹੁੰਚਾਉਂਦਾ ਹੈ।ਸ੍ਰਿਸਟੀ ਰਚਨਾ ਦਾ ਮੂਲ ਕਾਰਣ ਪ੍ਰਭੂ ਆਪ ਹੀ ਹੈ ਅਤੇ ਸਰਬ ਸ਼ਕਤੀਮਾਨ ਹੈ।(ਉਹ) ਇਕ ਖਿਨ ਵਿਚ (ਜਗਤ ਨੂੰ) ਪੈਦਾ ਕਰਕੇ ਖਿਨ ਵਿਚ ਨਾਸ਼ ਕਰ ਦੇਣ ਵਾਲਾ ਹੈ, ਉਹ ਹੀ ਪ੍ਰਭੂ ਤੇਰੀ ਸਹਾਇਤਾ ਕਰਨ ਵਾਲਾ ਹੈ।੨।(ਹੇ ਭਾਈ!) ਜਿਸ ਪ੍ਰਭੂ ਨੇ ਮਾਂ ਦੇ ਗਰਭ ਵਿਚ ਤੇਰੀ ਪਾਲਣਾ ਕੀਤੀ ਹੈ।(ਉਸ ਪ੍ਰਭੂ ਨੇ ਹਰੇਕ) ਸਾਹ ਨਾਲ ਅਤੇ ਭੋਜਨ ਦੀ ਹਰੇਕ ਬੁਰਕੀ ਖਾਣ ਸਮੇਂ ਨਾਲ ਹੋ ਕੇ ਤੇਰੀ ਸੰਭਾਲ ਕੀਤੀ ਹੈ।ਉਸ ਪ੍ਰੀਤਮ ਪ੍ਰਭੂ ਨੂੰ ਸਦਾ ਜਪਣਾ ਚਾਹੀਦਾ ਹੈ, ਜਿਸ ਪ੍ਰਭੂ ਦੀ ਵੱਡੀ ਵਡਿਆਈ ਹੈ।੩।(ਹੇ ਭਾਈ! ਪ੍ਰਭੂ) ਬਾਦਸ਼ਾਹਾਂ ਤੇ ਸਰਦਾਰਾਂ ਨੂੰ ਇਕ ਖਿਨ ਵਿਚ ਕੀੜੇ (ਕੰਗਾਲ) ਕਰ ਦਿੰਦਾ ਹੈ।ਪ੍ਰਭੂ ਗਰੀਬਾਂ ਨੂੰ ਨਿਵਾਜ ਕੇ ਅਮੀਰ ਕਰਦਾ ਹੈ।ਹੰਕਾਰ ਦੂਰ ਕਰਨ ਵਾਲਾ ਪ੍ਰਭੂ ਸਾਰੇ ਜੀਵਾਂ ਨੂੰ ਆਸਰਾ ਦੇਣ ਵਾਲਾ ਹੈ, (ਉਸ ਪ੍ਰਭੂ ਦੇ ਗੁਣਾਂ ਦੀ) ਕੁਛ ਕੀਮਤ ਕਹੀ ਨਹੀਂ ਜਾ ਸਕਦੀ।੪।(ਹੇ ਭਾਈ!) ਉਹ ਮਨੁੱਖ ਇੱਜਤ ਵਾਲਾ ਹੈ ਅਤੇ ਉਹ ਧਨਾਢ ਹੈ।ਜਿਸ ਦੇ ਮਨ ਵਿਚ ਹਰੀ ਭਗਵਾਨ ਵਸਿਆ ਹੈ।ਜਿਸ ਪ੍ਰਭੂ ਨੇ ਇਹ ਸ੍ਰਿਸਟੀ ਪੈਦਾ ਕੀਤੀ ਹੈ, (ਉਹ ਹੀ ਮੇਰਾ) ਮਾਤਾ, ਪਿਤਾ, ਪੁਤ੍ਰ ,ਸਬੰਧੀ ਤੇ ਭਰਾ ਹੈ।੫।(ਹੇ ਭਾਈ! ਜਦੋਂ) ਪ੍ਰਭੂ ਦੀ ਸਰਣ ਵਿਚ ਆ ਗਏ, (ਤਾਂ ਕਿਸੇ ਤਰ੍ਹਾਂ) ਡਰਨਾ ਨਹੀਂ ਚਾਹੀਦਾ।ਸਾਧ ਸੰਗਤ ਵਿਚ ਨਿਸਚੇ ਹੀ (ਭਵਜਲ ਨੂੰ) ਤਰ ਜਾਈਦਾ ਹੈ।(ਜਿਹੜਾ ਮਨੁੱਖ) ਮਨ, ਬਚਨ ਅਤੇ ਕਰਮ ਦੁਆਰਾ ਕਰਤਾਰ ਨੂੰ ਸਿਮਰਦਾ ਹੈ, ਉਸ ਨੂੰ ਕਦੇ ਜਮਾਂ ਦੀ ਸਜਾ ਨਹੀਂ ਮਿਲਦੀ।੬।

ਸੋਲਹੇ = ਸੋਲ੍ਹਾਂ ਪਦਿਆਂ ਵਾਲੇ ਸ਼ਬਦ, ਜੋ ਕੇਵਲ ਮਾਰੂ ਰਾਗ ਵਿਚ ਹੀ ਹਨ।ਕਈ ਸੋਲਹੇ ੧੫, ੧੬ ਤੇ ੧੭ ਪਦਿਆਂ ਵਾਲੇ ਵੀ ਹਨ ,ਪਰ ਸੰਗਿਆ ਸਭ ਦੀ ਸੋਲਹੇ ਹੀ ਹੈ।ਉਞ ਚਾਲ ਇਨ੍ਹਾਂ ਸੋਲਿਹਾਂ ਦੀ ਚਿਤ੍ਰ ਕਲਾ ਛੰਦ ਵਾਂਙ ਹੈ।

ਪਦਾਰਥ = ਕਲਾ–ਸ਼ਕਤੀ।ਉਪਾਇ–ਪੈਦਾ ਕਰਕੇ।ਧਰੀ–ਕਾਇਮ ਕੀਤੀ; ਬਣਾਈ।ਜਿਨਿ–ਜਿਸ (ਪ੍ਰਭੂ) ਨੇ।ਧਰਣਾ–ਧਰਤੀ। ਗਗਨੁ–ਅਕਾਸ਼।ਰਹਾਇਆ–ਟਿਕਾਇਆ; ਰੱਖਿਆ।ਹੁਕਮੇ ਚਰਣਾ–ਹੁਕਮ ਰੂਪ ਚਰਨਾਂ ਦੇ ਆਸਰੇ।ਈਧਨ ਮਹਿ–ਲੱਕੜਾਂ ਵਿਚ। ਬਾਧੀ–ਬੰਨ੍ਹ ਰੱਖੀ ਹੈ।ਸੋ–ਉਹ।ਰਾਖੈ–ਰੱਖਿਆ ਕਰਦਾ ਹੈ।ਭਾਈ ਹੇ–ਹੇ ਭਾਈ!।੧।ਜੀਅ ਜੰਤ–ਸਥੂਲ ਜੀਵ ਅਤੇ ਸੂਖਮ ਜੀਵ। ਕਉ–ਨੂੰ।ਰਿਜਕੁ–ਭੋਜਨ।ਸੰਬਾਹੇ–ਪਹੁੰਚਾਉਂਦਾ ਹੈ।ਕਰਣ ਕਾਰਣ–ਸ੍ਰਿਸਟੀ ਰਚਨਾ ਦਾ ਮੂਲ ਕਾਰਣ; ਸਾਰੇ ਕਾਰਨਾਂ ਦੇ ਕਰਨ ਵਾਲਾ ।ਆਪਾਹੇ–ਆਪ ਹੀ; ਨਿਰਲੇਪ (ਮਾਇਆ ਦੀ ਪਾਹ ਤੋਂ ਰਹਿਤ)।ਥਾਪਿ–ਪੈਦਾ ਕਰਕੇ।ਉਥਾਪਨਹਾਰਾ–ਨਾਸ਼ ਕਰਨ ਵਾਲਾ।ਸੋਈ– ਉਹ ਹੀ।ਸਹਾਈ–ਸਹਾਇਤਾ ਕਰਨ ਵਾਲਾ।੨।ਮਾਤ–ਮਾਂ ਦੇ।ਗਰਭ ਮਹਿ–ਪੇਟ ਵਿਚ।ਪ੍ਰਤਿਪਾਲਿਆ–ਪਾਲਣਾ ਕੀਤੀ।ਸਾਸਿ– ਹਰੇਕ ਸਾਹ ਦੇ ਨਾਲ।ਗ੍ਰਾਸਿ–ਭੋਜਨ ਦੀ ਹਰੇਕ ਬੁਰਕੀ ਨਾਲ।ਸੰਗਿ–ਨਾਲ।ਸਮਾਲਿਆ–ਸੰਭਾਲ ਕਰਦਾ ਹੈ।ਸੋ ਪ੍ਰੀਤਮੁ–ਉਸ ਪ੍ਰੀਤਮ ਪ੍ਰਭੂ ਨੂੰ।੩।ਸੁਲਤਾਨ–ਬਾਦਸ਼ਾਹ।ਖਾਨ–ਸਰਦਾਰ।ਕੀਰੇ ਕਰੇ–ਕੀੜੇ (ਕੰਗਾਲ) ਕਰ ਦਿੰਦਾ ਹੈ।ਖਿਨ–ਇਕ ਖਿਨ ਵਿਚ।ਨਿਵਾਜਿ– ਵੱਡਾ ਕਰਕੇ; ਆਦਰ ਦੇ ਕੇ।ਮੀਰੇ–ਅਮੀਰ।ਗਰਬ–ਹੰਕਾਰ।ਨਿਵਾਰਣ–ਦੂਰ ਕਰਨ ਵਾਲਾ।ਸਰਬ–ਸਾਰੇ ਜੀਵਾਂ ਦਾ।ਸਧਾਰਣ– ਆਸਰਾ ਦੇਣ ਵਾਲਾ।੪।ਪਤਿਵੰਤਾ–ਇੱਜਤ ਵਾਲਾ।ਧਨਵੰਤਾ–ਧਨਾਢ।ਮਨਿ–ਮਨ ਵਿਚ।ਭਗਵੰਤਾ–ਭਗਵਾਨ।ਸੁਤ–ਪੁਤ੍ਰ।ਬੰਧਪ–

ਰਿਸ਼ਤੇਦਾਰ। ਭਾਈ–ਭਰਾ। ੫। ਸਰਣਾ–ਸ਼ਰਣ ਵਿਚ। ਭਉ–ਡਰ। ਨਿਹਚਉ–ਜਰੂਰ ਹੀ। ਤਰਣਾ–(ਭਵਜਲ ਨੂੰ) ਤਰ ਜਾਈਦਾ ਹੈ। ਬਚ –ਬਚਨਾਂ ਰਾਹੀਂ। ਕਰਮ–ਕੰਮਾਂ ਰਾਹੀਂ। ਅਰਾਧੇ–ਸਿਮਰਦਾ ਹੈ। ਕਰਤਾ–ਕਰਤਾਰ ਨੂੰ। ਸਜਾਈ–(ਜਮਾਂ ਦੀ) ਸਜਾ। ੬।

ਗੁਣ ਨਿਧਾਨ ਮਨ ਤਨ ਮਹਿ ਰਵਿਆ ॥ ਜਨਮ ਮਰਣ ਕੀ ਜੋਨਿ ਨ ਭਵਿਆ ॥ ਦੂਖ ਬਿਨਾਸ ਕੀਆ ਸੁਖਿ ਡੇਰਾ, ਜਾ ਤ੍ਰਿਪਤਿ ਰਹੇ ਆਘਾਈ ਹੇ ॥੭॥ ਮੀਤੁ ਹਮਾਰਾ ਸੋਈ ਸੁਆਮੀ ॥ ਥਾਨ ਥਨੰਤਰਿ ਅੰਤਰਜਾਮੀ ॥ ਸਿਮਰਿ ਸਿਮਰਿ ਪੂਰਨ ਪਰਮੇਸੁਰ, ਚਿੰਤਾ ਗਣਤ ਮਿਟਾਈ ਹੇ ॥੮॥(ਹੇ ਭਾਈ! ਜਿਸ ਮਨੁੱਖ ਨੇ ਅਪਣੇ) ਮਨ ਵਿਚ ਤੇ ਸਰੀਰ ਵਿਚ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਸਿਮਰਿਆ ਹੈ। (ਉਹ) ਜਨਮ ਮਰਨ ਦੀ ਜੂਨ ਵਿਚ ਨਹੀਂ ਭਟਕਿਆ। ਜਦੋਂ (ਮਨੁੱਖ) ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ ਪੂਰੀ ਤਰ੍ਹਾਂ ਰੱਜਿਆ ਰਹਿੰਦਾ ਹੈ, (ਤਾਂ ਉਸ ਦੇ) ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਅਤੇ (ਉਹ) ਸੁੱਖਾਂ ਦੇ ਅੰਦਰ ਡੇਰਾ ਕਰ ਲੈਂਦਾ ਹੈ। ੭। (ਹੇ ਭਾਈ!) ਉਹ ਮਾਲਕ ਸਾਡਾ (ਜੀਵਾਂ ਦਾ ਅਸਲੀ) ਮਿਤ੍ਰ ਹੈ। (ਉਹ ਸਾਰੇ) ਥਾਵਾਂ ਉਤੇ ਅਤੇ ਥਾਵਾਂ ਦੇ ਅੰਦਰ ਵਸਣ ਵਾਲੇ ਜੀਵਾਂ ਦੇ ਅੰਦਰ ਦੀ ਜਾਨਣ ਵਾਲਾ ਹੈ। ਪੂਰਨ ਪ੍ਰਭੂ ਨੂੰ ਸਿਮਰ ਸਿਮਰ ਕੇ (ਅਸੀਂ) ਚਿੰਤਾ ਅਤੇ ਕਰਮਾਂ ਦੇ ਲੇਖੇ ਦੀ ਗਿਣਤੀ ਮਿਟਾ ਲਈ ਹੈ। ੮।

ਅੰਗ ੧੦੭੨ = ਹਰਿ ਕਾ ਨਾਮੁ ਕੋਟਿ ਲਖ ਬਾਹਾ ॥ ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥ ਗਿਆਨ ਖੜਗੁ ਕਰਿ ਕਿਰਪਾ ਦੀਨਾ, ਦੂਤ ਮਾਰੇ ਕਰਿ ਧਾਈ ਹੇ ॥੯॥ ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥ ਜੀਤਿ ਆਵਹੁ ਵਸਹੁ ਘਰਿ ਅਪਨੇ ॥ ਲਖ ਚਉਰਾਸੀਹ ਨਰਕ ਨ ਦੇਖਹੁ ,ਰਸਕਿ ਰਸਕਿ ਗੁਣ ਗਾਈ ਹੇ ॥੧੦॥ ਖੰਡ ਬ੍ਰਹਮੰਡ ਉਧਾਰਣਹਾਰਾ ॥ ਊਚ ਅਥਾਹ ਅਗੰਮ ਅਪਾਰਾ ॥ ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ, ਸੋ ਜਨੁ ਤਿਸਹਿ ਧਿਆਈ ਹੇ ॥੧੧॥ (ਹੇ ਭਾਈ!) ਹਰੀ ਦਾ ਨਾਮ ਲੱਖਾਂ ਕ੍ਰੋੜਾਂ ਬਾਹਾਂ ਦੀ ਤਾਕਤ ਦੇ ਬਰਾਬਰ ਹੈ। ਹਰੀ ਦਾ ਜਸ ਕੀਰਤਨ ਉਸ ਮਨੁੱਖ ਦੇ ਨਾਲ ਰਹਿਣ ਵਾਲਾ ਅਸਲ ਧਨ ਹੈ; ਉਥੇ ਪ੍ਰਲੋਕ ਵਿਚ ਨਾਲ ਰਹਿਣ ਵਾਲਾ ਧਨ ਹੈ। ਪ੍ਰਭੂ ਨੇ ਕ੍ਰਿਪਾ ਕਰਕੇ (ਜਿਸ ਮਨੁੱਖ ਨੂੰ) ਗਿਆਨ ਦਾ ਖੰਡਾ ਫੜਾ ਦਿਤਾ ਹੈ, (ਉਸ ਨੇ) ਧਾਵਾ ਕਰਕੇ ਕਾਮਾਦਿਕ ਵੈਰੀ ਮਾਰ ਦਿਤੇ ਹਨ। ੯। (ਹੇ ਭਾਈ!) ਹਰੀ ਦੇ ਨਾਮ ਦਾ ਜਾਪ ਜਪੋ, ਜੋ ਜਪਣ ਯੋਗ ਜਪ ਹੈ; ਹੋਰ ਜਪ ਜਪਣ ਦੀ ਥਾਂ ਹਰੀ ਦਾ ਜਾਪ ਜਪੋ (ਸ਼ਬਦਾਰਥ। ਫਿਰ ਤੁਸੀਂ) ਕਾਮਾਦਿਕ ਵੈਰੀਆਂ ਨੂੰ ਜਿੱਤ ਕੇ ਆਵੋਗੇ ਅਤੇ ਅਪਣੇ ਅਸਲੀ ਘਰ ਵਿਚ ਜਾ ਵਸੋਗੇ। (ਜਦੋਂ ਤੁਸੀਂ) ਅਨੰਦ ਵਿਚ ਮਗਨ ਹੋ ਕੇ ਪ੍ਰਭੂ ਦੇ ਗੁਣ ਗਾਓਗੇ, (ਤਾਂ) ਚੁਰਾਸੀ ਲੱਖ ਜੂਨਾਂ ਦੇ ਨਰਕ ਨਹੀਂ ਦੇਖੋਗੇ। ੧੦। (ਹੇ ਭਾਈ!) ਪ੍ਰਭੂ ਨੌਂ ਖੰਡਾਂ ਅਤੇ ਬ੍ਰਹਮੰਡਾਂ ਦੇ ਜੀਵਾਂ ਨੂੰ (ਭਵਜਲ ਤੋਂ) ਤਾਰ ਦੇਣ ਵਾਲਾ ਹੈ। (ਉਹ ਪ੍ਰਭੂ ਸਭ ਤੋਂ) ਉਚਾ, ਅਥਾਹ, ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਬੇਅੰਤ ਹੈ। ਉਹ ਮਨੁੱਖ ਉਸ ਪ੍ਰਭੂ ਨੂੰ ਸਿਮਰਦਾ ਹੈ, ਜਿਸ ਉਤੇ ਪ੍ਰਭੂ ਅਪਣੀ ਕ੍ਰਿਪਾ ਕਰਦਾ ਹੈ। ੧੧।

ਪਦਾਰਥ = ਗੁਣ ਨਿਧਾਨ–ਗੁਣਾਂ ਦਾ ਖਜਾਨਾ ਪ੍ਰਭੂ। ਤਨ ਮਹਿ–ਸਰੀਰ ਵਿਚ। ਰਵਿਆ–ਸਿਮਰਿਆ। ਜੋਨਿ–ਜੂਨਾਂ ਵਿਚ। ਨ ਭਵਿਆ–ਨਹੀਂ ਭਟਕਿਆ। ਬਿਨਾਸ–ਨਾਸ਼ ਹੋ ਜਾਂਦਾ ਹੈ। ਕੀਆ–ਕਰ (ਬਣਾ) ਲੈਂਦਾ ਹੈ। ਸੁਖਿ–ਸੁੱਖਾਂ ਵਿਚ। ਡੇਰਾ–ਟਿਕਾਣਾ। ਜਾ–ਜਦੋਂ। ਤ੍ਰਿਪਤਿ ਰਹੇ ਆਘਾਈ–ਪੂਰੀ ਤਰ੍ਹਾਂ ਰੱਜਿਆ ਰਹਿੰਦਾ ਹੈ। ੭। ਮੀਤੁ–ਮਿਤ੍ਰ। ਸੋਈ–ਉਹ। ਸੁਆਮੀ–ਮਾਲਕ ਪ੍ਰਭੂ। ਥਾਨ–ਥਾਵਾਂ ਉਤੇ। ਥਨੰਤਰਿ–ਥਾਂਵਾਂ ਦੇ ਅੰਦਰ। ਅੰਤਰਜਾਮੀ–ਦਿਲਾਂ ਦੇ ਅੰਦਰ ਦੀ ਜਾਨਣ ਵਾਲਾ। ਸਿਮਰਿ–ਸਿਮਰ ਕੇ। ਗਣਤ–ਕਰਮਾਂ ਦੇ ਲੇਖੇ ਦੀ ਗਿਣਤੀ। ੮। ਕੋਟਿ ਲਖ–ਲੱਖਾਂ ਕ੍ਰੋੜਾਂ। ਬਾਹਾ–ਬਾਹਾਂ; ਸਹਾਇਕ। ਸੰਗਿ ਤਾਹਾ–ਉਸ ਦੇ ਨਾਲ (ਰਹਿਣ ਵਾਲਾ); ਉਥੇ (ਪ੍ਰਲੋਕ ਵਿਚ) ਨਾਲ ਜਾਣਾ ਵਾਲਾ। ਖੜਗੁ–ਖੰਡਾ। ਕਰਿ–ਕਰਕੇ। ਦੀਨਾ–ਦਿਤਾ ਹੈ। ਦੂਤ–ਕਾਮਾਦਿਕ ਵੈਰੀ। ਕਰਿ ਧਾਈ–ਹੱਲਾ ਕਰਕੇ। ੯। ਜਪੁ ਜਪਨੇ–ਜਪਣ ਯੋਗ ਜਪ। ਜੀਤਿ–ਜਿੱਤ ਕੇ। ਘਰ ਅਪਨੇ–ਅਪਣੇ ਅਸਲੀ ਘਰ ਵਿਚ; ਪ੍ਰਭੂ ਦੀ ਹਜੂਰੀ ਵਿਚ। ਰਸਕਿ ਰਸਕਿ–ਅਨੰਦ ਵਿਚ ਮਗਨ ਹੋ ਕੇ; ਸਵਾਦ ਲੈ ਲੈ ਕੇ। ਗਾਈ ਹੇ–ਗਾਉਂਦਾ ਹੈ। ੧੦। ਉਧਾਰਣਹਾਰਾ–(ਭਵਜਲ ਤੋਂ) ਤਾਰਨ ਵਾਲਾ। ਅਥਾਹ–ਬਹੁਤ ਡੂੰਘਾ। ਅਗੰਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰਾ–ਬੇਅੰਤ। ਸੋ ਜਨੁ–ਉਹ ਮਨੁੱਖ। ਤਿਸਹਿ–ਉਸ (ਪ੍ਰਭੂ) ਨੂੰ। ੧੧।

ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ ਕਰਿ ਕਿਰਪਾ ਕੀਨੇ ਘਰ ਗੋਲੇ ॥ ਅਨਹਦ ਰੁਣ ਝੁਣਕਾਰੁ ਸਹਜ ਧੁਨਿ, ਸਾਚੀ ਕਾਰ ਕਮਾਈ ਹੇ ॥ ੧੨॥ ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ ਬਿਨਸਿ ਗਈ ਹਉਮੈ ਮਤਿ ਮੇਰੀ ॥ ਅੰਗੀਕਾਰੁ ਕੀਆ ਪ੍ਰਭਿ ਅਪਨੈ, ਜਗ ਮਹਿ ਸੋਭ ਸੁਹਾਈ ਹੇ ॥੧੩॥ ਜੈ ਜੈਕਾਰੁ ਜਪਹੁ ਜਗਦੀਸੈ ॥ ਬਲਿ ਬਲਿ ਜਾਈ ਪ੍ਰਭ ਅਪੁਨੈ ਈਸੈ ॥ ਤਿਸੁ ਬਿਨੁ ਦੂਜਾ ਅਵਰੁ ਨ ਦੀਸੈ, ਏਕਾ ਜਗਤਿ ਸਬਾਈ ਹੇ ॥੧੪॥ ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥ ਸਿਮਰਿ ਸਿਮਰਿ ਜੀਵਹਿ ਜਨ ਤੇਰੇ,

ਏਕੰਕਾਰਿ ਸਮਾਈ ਹੇ ॥੧੫॥ ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥ ਸਭੈ ਉਧਾਰਣੁ ਖਸਮੁ ਹਮਾਰਾ ॥ ਸਿਮਰਿ ਨਾਮੁ ਪੁੰਨੀ ਸਭ ਇਛਾ, ਜਨ ਨਾਨਕ ਪੈਜ ਰਖਾਈ ਹੇ ॥੧੬॥੧॥(ਹੇ ਭਾਈ!) ਮਾਇਕ ਬੰਧਨ ਤੋੜ ਕੇ ਪ੍ਰਭੂ ਨੇ (ਜਿਹੜੇ ਸੇਵਕ) ਮੁੱਲ ਲੈ ਲਏ ਹਨ।ਕ੍ਰਿਪਾ ਕਰਕੇ (ਪ੍ਰਭੂ ਨੇ ਉਹ ਅਪਣੇ) ਘਰ ਦੇ ਗੋਲੇ ਬਣਾ ਲਏ ਹਨ।(ਉਨ੍ਹਾਂ ਸੇਵਕਾਂ ਨੇ) ਨਾਮ ਸਿਮਰਨ ਦੀ ਸੱਚੀ ਕਾਰ ਕਮਾਈ ਹੈ, (ਇਸ ਲਈ ਉਨ੍ਹਾਂ ਦੇ ਹਿਰਦੇ ਵਿਚ) ਨਾਮ ਸਿਮਰਨ ਦੀ ਇਕ ਰਸ ਮਿੱਠੀ ਤੇ ਸੁਰੀਲੀ ਅਖੰਡ ਧੁਨੀ ਵੱਜਦੀ ਰਹਿੰਦੀ ਹੈ।੧੨।ਹੇ ਪ੍ਰਭੂ! (ਜਦੋਂ ਤੋਂ) ਮੇਰੇ ਮਨ ਵਿਚ ਤੇਰੀ ਪ੍ਰਤੀਤ ਬਣੀ ਹੈ।(ਉਦੋਂ ਤੋਂ) ਮੇਰੀ ਹਉਮੈ ਵਾਲੀ ਮੱਤ ਨਾਸ਼ ਹੋ ਗਈ ਹੈ।ਅਪਣੇ ਪ੍ਰਭੂ ਨੇ ਮੇਰਾ ਪੱਖ ਕੀਤਾ ਹੈ, (ਇਸ ਲਈ) ਸਾਰੇ ਜਗਤ ਵਿਚ ਮੇਰੀ ਸੁੰਦਰ ਸੋਭਾ ਹੋਈ ਹੈ।੧੩।(ਹੇ ਭਾਈ!) ਜਗਤ ਦੇ ਮਾਲਕ ਪ੍ਰਭੂ ਦੀ ਜੈ ਜੈਕਾਰ ਜਪਦੇ ਰਹੋ।ਮੈਂ ਤਾਂ ਅਪਣੇ ਈਸ਼੍ਵਰ ਤੋਂ ਬਾਰ ਬਾਰ ਬਲਹਾਰ ਜਾਂਦਾ ਹਾਂ।(ਮੈਨੂੰ) ਉਸ ਪ੍ਰਭੂ ਤੋਂ ਬਿਨਾ ਹੋਰ ਕੋਈ ਦੂਜਾ ਦਿਸਦਾ ਹੀ ਨਹੀਂ, ਸਾਰੇ ਜਗਤ ਵਿਚ ਇਕ ਪ੍ਰਭੂ ਦੀ ਹੀ ਸੱਤਾ ਕੰਮ ਕਰਦੀ ਹੈ।੧੪।ਮੈਂ ਤਿੰਨ (ਭੂਤ, ਭਵਿੱਖ ਤੇ ਵਰਤਮਾਨ) ਕਾਲ ਵਿਚ ਪ੍ਰਭੂ ਨੂੰ ਸੱਚ ਕਰ ਕੇ ਜਾਣਿਆ ਹੈ।ਗੁਰੂ ਦੀ ਕ੍ਰਿਪਾ ਨਾਲ ਮੇਰਾ ਮਨ ਸਦਾ ਰੰਗਿਆ ਰਹਿੰਦਾ ਹੈ।ਹੇ ਪ੍ਰਭੂ! ਅਸੀਂ ਤੇਰੇ ਸੇਵਕ ਤੇਰਾ ਨਾਮ ਸਿਮਰ ਸਿਮਰ ਕੇ ਜਿਉਂਦੇ ਹਾਂ ਅਤੇ ਤੇਰੇ ਇਕ ਓਅੰਕਾਰ ਸਰੂਪ ਵਿਚ ਸਮਾਏ ਰਹਿੰਦੇ ਹਾਂ।੧੫।ਪ੍ਰਭੂ ਭਗਤ ਜਨਾਂ ਦਾ ਪਿਆਰਾ ਪ੍ਰੀਤਮ ਹੈ।ਸਾਡਾ ਮਾਲਕ ਪ੍ਰਭੂ ਸਾਰੇ ਜੀਵਾਂ ਨੂੰ (ਭਵਜਲ ਤੋਂ) ਤਾਰਨ ਵਾਲਾ ਹੈ।ਪ੍ਰਭੂ ਦਾ ਨਾਮ ਸਿਮਰ ਕੇ ਸਾਡੀ ਸਾਰੀਆਂ ਇਛਾਵਾਂ ਪੂਰੀਆਂ ਹੋ ਗਈਆਂ ਹਨ, (ਪ੍ਰਭੂ ਨੇ) ਦਾਸ ਨਾਨਕ ਦੀ ਪੈਜ ਰੱਖ ਲਈ ਹੈ।੧੬।੧।

ਪਦਾਰਥ = ਤੋੜਿ–ਤੋੜ ਕੇ।ਪ੍ਰਭਿ–ਪ੍ਰਭੂ ਨੇ।ਲੀਏ ਮੋਲੇ–ਮੁੱਲ ਲੈ ਲਏ ਹਨ।ਕਰਿ–ਕਰ ਕੇ।ਘਰ ਗੋਲੇ–ਘਰ ਦੇ ਸੇਵਕ।ਅਨਹਦ–ਇਕ ਰਸ; ਲਗਾਤਾਰ (ਬਿਨਾ ਵਜਾਏ ਵੱਜਦਾ ਹੈ)।ਰੁਣਝੁਣਕਾਰ–ਮਿੱਠੀ ਸੁਰੀਲੀ ਅਵਾਜ।ਸਹਜ ਧੁਨਿ–ਨਾਮ ਸਿਮਰਨ ਦੀ ਅਖੰਡ ਧੁਨੀ।੧੨।ਮਨਿ–ਮਨ ਵਿਚ।ਪਰਤੀਤਿ–ਸ਼ਰਧਾ।ਬਨੀ–ਬਣੀ ਹੈ।ਪ੍ਰਭ–ਹੇ ਪ੍ਰਭੂ!।ਬਿਨਸਿ ਗਈ–ਨਾਸ਼ ਹੋ ਹਈ।ਮਤਿ–ਅਕਲ।ਅੰਗੀਕਾਰੁ–ਪੱਖ; ਸਹਾਇਤਾ।ਪ੍ਰਭਿ–ਪ੍ਰਭੂ ਨੇ।ਜਗ ਮਹਿ–ਜਗਤ ਵਿਚ।ਸੋਭ–ਸੋਭਾ।ਸੁਹਾਈ–ਸੁੰਦਰ।੧੩।ਜੈ ਜੈਕਾਰੁ–ਸਿਫਤ ਸਲਾਹ।ਜਪਹੁ–ਜਪਦੇ ਰਹੋ।ਜਗਦੀਸੈ–ਜਗਤ ਦੇ ਮਾਲਕ ਦੀ।ਬਲਿ ਬਲਿ ਜਾਈ–ਮੈਂ ਬਾਰ ਬਾਰ ਬਲਿਹਾਰ ਜਾਂਦਾ ਹਾਂ।ਈਸੈ–ਈਸ਼੍ਵਰ।ਅਵਰੁ–ਹੋਰ।ਏਕਾ–ਇਕ ਪ੍ਰਭੂ।ਜਗਤਿ ਸਬਾਈ–ਸਾਰੇ ਜਗਤ ਵਿਚ।੧੪।ਸਤਿ–ਸੱਚ ਕਰਕੇ।ਜਾਤਾ–ਜਾਣਿਆ ਹੈ।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਰਾਤਾ–ਰੰਗਿਆ ਹਾਂ।ਸਿਮਰਿ–ਸਿਮਰ ਕੇ।ਜੀਵਹਿ–ਜਿਉਂਦੇ ਹਾਂ।ਜਨ–ਸੇਵਕ।ਏਕੰਕਾਰਿ–ਇਕ ਓਅੰਕਾਰ ਸਰੂਪ ਵਿਚ।ਸਮਾਈ ਹੇ–ਲੀਨ ਰਹਿੰਦੇ ਹਾਂ।੧੫।ਸਭੈ–ਸਾਰੇ (ਜੀਵਾਂ ਦਾ)।ਉਧਾਰਣੁ–(ਭਵਜਲ ਤੋਂ) ਤਾਰਨ ਵਾਲਾ।ਖਸਮ ਹਮਾਰਾ–ਸਾਡਾ ਮਾਲਕ ਪ੍ਰਭੂ।ਪੁੰਨੀ–ਪੂਰੀ ਹੋਈ ਹੈ।ਜਨ ਨਾਨਕ–ਦਾਸ ਨਾਨਕ ਦੀ।ਪੈਜ–ਇੱਜਤ।੧੬।੧।

ਉਥਾਨਕਾ = ਦੇਹ ਅਤੇ ਜੀਵਾਤਮਾ ਦੀ ਆਪਸ ਵਿਚ ਗੱਲ ਬਾਤ ਕਰਾ ਕੇ ਦਸਦੇ ਹਨ ਕਿ ਇਨ੍ਹਾਂ ਦੋਹਾਂ ਦਾ ਮੇਲ ਸਦੀਵੀ ਨਹੀਂ।ਇਸ ਮੇਲ ਦੀਆਂ ਖੁਸ਼ੀਆਂ ਮਾਨਣ ਨਾਲ ਅਸਲੀ ਖੁਸ਼ੀ ਨਹੀਂ ਮਿਲਦੀ, ਉਹ ਤਾਂ ਹਰੀ ਰਸ ਮਾਨਣ ਨਾਲ ਮਿਲਦੀ ਹੈ।ਇਹ ਹਰੀ ਰਸ ਗੁਰੂ ਤੋਂ ਮਿਲਦਾ ਹੈ।(ਸ਼ਬਦਾਰਥ)

ਮਾਰੂ ਸੋਲਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਸੰਗੀ ਜੋਗੀ ਨਾਰਿ ਲਪਟਾਣੀ ॥ ਉਰਝਿ ਰਹੀ ਰੰਗ ਰਸ ਮਾਣੀ ॥ ਕਿਰਤ ਸੰਜੋਗੀ ਭਏ ਇਕਤ੍ਰਾ, ਕਰਤੇ ਭੋਗ ਬਿਲਾਸਾ ਹੇ ॥੧॥ ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥ ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥ ਮਿਲਿ ਏਕਤ੍ਰ ਵਸਹਿ ਦਿਨੁ ਰਾਤੀ, ਪ੍ਰਿਉ ਦੇ ਧਨਹਿ ਦਿਲਾਸਾ ਹੇ ॥੨॥ ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥ ਜੋ ਪਾਵੈ ਸੋ ਆਣਿ ਦਿਖਾਵੈ ॥ ਏਕ ਵਸਤੁ ਕਉ ਪਹੁਚਿ ਨ ਸਾਕੈ, ਧਨ ਰਹਤੀ ਭੂਖ ਪਿਆਸਾ ਹੇ ॥੩॥ ਧਨ ਕਰੈ ਬਿਨਉ ਦੋਊ ਕਰ ਜੋਰੈ ॥ ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥ ਐਸਾ ਬਣਜੁ ਕਰਹੁ ਗ੍ਰਿਹ ਭੀਤਰਿ, ਜਿਤੁ ਉਤਰੈ ਭੂਖ ਪਿਆਸਾ ਹੇ ॥੪॥ ਸਗਲੇ ਕਰਮ ਧਰਮ ਜੁਗ ਸਾਧਾ ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥ ਭਈ ਕ੍ਰਿਪਾ ਨਾਨਕ ਸਤ ਸੰਗੇ, ਤਉ ਧਨ ਪਿਰ ਅਨੰਦ ਉਲਾਸਾ ਹੇ ॥੫॥(ਹੇ ਭਾਈ! ਏਹ ਜੀਵਾਤਮਾ ਅਸਲ ਵਿਚ) ਵਿਰੱਕਤ ਜੋਗੀ ਹੈ (ਜਦ ਇਹ) ਦੇਹ ਰੂਪ ਇਸਤ੍ਰੀ ਦਾ ਸਾਥੀ ਬਣ ਜਾਂਦਾ ਹੈ ਤਾਂ ਦੇਹ ਰੂਪ ਇਸਤ੍ਰੀ (ਇਸ ਨਾਲ) ਲਿਪਟੀ ਰਹਿੰਦੀ ਹੈ।(ਇਹ ਦੇਹ, ਜੀਵਾਤਮਾ ਨੂੰ ਅਪਣੇ ਮੋਹ ਵਿਚ) ਫਸਾ ਰਹੀ ਹੈ ਅਤੇ ਪਦਾਰਥਾਂ ਦੇ ਰਸਾਂ ਦਾ ਅਨੰਦ ਮਾਣ ਰਹੀ ਹੈ।ਪਿਛਲੇ ਜਨਮਾਂ ਦੇ ਕੀਤੇ ਚੰਗੇ ਕਰਮਾਂ ਦੇ ਸੰਜੋਗਾਂ ਨਾਲ (ਦੇਹ ਤੇ ਜੀਵਾਤਮਾ) ਇਕੱਤ੍ਰ ਹੋਏ ਹਨ

ਅਤੇ ਦੁਨਿਆਂ ਦੇ ਭੋਗ ਬਿਲਾਸ ਕਰਦੇ ਰਹਿੰਦੇ ਹਨ।੧।(ਹੇ ਭਾਈ!) ਜੀਵਾਤਮਾ ਪਤੀ ਜੋ ਹੁਕਮ ਕਰਦਾ ਹੈ, ਉਹ ਦੇਹ ਰੂਪ ਇਸਤ੍ਰੀ ਤੁਰੰਤ ਮੰਨ ਲੈਂਦੀ ਹੈ।ਜੀਵਾਤਮਾ ਪਤੀ, ਦੇਹ ਰੂਪ ਇਸਤ੍ਰੀ ਨੂੰ ਸ਼ਿੰਗਾਰ ਕੇ ਅਪਣੇ ਨਾਲ ਰਖਦਾ ਹੈ।(ਇਹ ਦੋਵੇਂ) ਮਿਲ ਕੇ ਦਿਨ ਰਾਤ ਇਕੱਠੇ ਵਸਦੇ ਹਨ, ਜੀਵਾਤਮਾ ਪਤੀ ਦੇਹ ਰੂਪ ਇਸਤ੍ਰੀ ਨੂੰ ਦਿਲਾਸਾ ਦੇਂਦਾ ਹੈ।੨।(ਹੇ ਭਾਈ!) ਦੇਹ ਇਸਤ੍ਰੀ ਜੋ ਕੁਛ ਮੰਗਦੀ ਹੈ, (ਤਾਂ ਉਸ ਦੀ ਪੂਰਤੀ ਲਈ) ਪਤੀ ਜੀਵਾਤਮਾ ਕਈ ਪ੍ਰਕਾਰ ਦੀ ਦੌੜ ਭੱਜ ਕਰਦਾ ਹੈ।(ਫਿਰ ਪਤੀ) ਜੋ ਕੁਛ ਪ੍ਰਾਪਤ ਕਰਦਾ ਹੈ ,ਉਹ ਲਿਆ ਕੇ (ਦੇਹ ਇਸਤ੍ਰੀ ਨੂੰ) ਦਿਖਾਉਂਦਾ ਹੈ।(ਪਰ ਇਹ ਦੋਵੇਂ) ਇਕ ਨਾਮ ਪਦਾਰਥ ਨੂੰ ਨਹੀਂ ਪਹੁੰਚ ਸਕਦੇ, (ਨਾਮ ਤੋਂ ਬਿਨਾ) ਦੇਹ ਇਸਤ੍ਰੀ ਨੂੰ (ਦੁਨਿਆਵੀ ਪਦਾਰਥਾਂ ਦੀ) ਭੁੱਖ ਤੇ ਪਿਆਸ ਬਣੀ ਰਹਿੰਦੀ ਹੈ।੩।ਦੇਹ ਇਸਤ੍ਰੀ ਦੋਵੇਂ ਹੱਥ ਜੋੜਦੀ ਹੈ ਅਤੇ (ਜੀਵਾਤਮਾ ਪਤੀ ਅੱਗੇ) ਬੇਨਤੀ ਕਰਦੀ ਹੈ।ਕਿ ਹੇ ਪਿਆਰੇ ਜੀਵਾਤਮਾ! (ਤੁਸੀਂ ਮੈਨੂੰ ਛਡ ਕੇ) ਪ੍ਰਦੇਸ ਨ ਜਾਓ, ਮੇਰੇ ਇਸੇ ਘਰ ਵਿਚ ਵਸਦੇ ਰਹੋ।ਘਰ ਅੰਦਰ ਹੀ ਟਿਕ ਕੇ ਐਸਾ ਵਣਜ ਕਰੋ, ਜਿਸ ਨਾਲ ਮੇਰੀ ਭੁੱਖ ਪਿਆਸ ਉਤਰ ਜਾਵੇ (ਮੇਰੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ)।੪।(ਹੇ ਭਾਈ! ਨਾਮ ਤੋਂ ਬਿਨਾ ਦੇਹ ਇਸਤ੍ਰੀ ਨੇ) ਪਿਛਲੇ ਜੁਗਾਂ ਦੇ ਸਾਰੇ ਧਾਰਮਕ ਕਰਮ ਕਰ ਲਏ ਹਨ।(ਪਰ) ਹਰੀ ਦੇ ਨਾਮ ਰਸ ਤੋਂ ਬਿਨਾ (ਇਸ ਨੂੰ) ਤਿਲ ਮਾਤ੍ਰ ਵੀ ਸੁਖ ਨਹੀਂ ਲੱਭਿਆ।ਨਾਨਕ ਗੁਰੂ ਜੀ ਆਖਦੇ ਹਨ ਕਿ ਜਦੋਂ ਸਤਸੰਗਤ ਰਾਹੀਂ ਪ੍ਰਭੂ ਦੀ ਕ੍ਰਿਪਾ ਹੋਈ, ਤਾਂ ਦੇਹ ਇਸਤ੍ਰੀ ਤੇ ਜੀਵਾਤਮਾ ਪਤੀ ਮਿਲ ਕੇ ਸੁੱਖ ਅਨੰਦ ਮਾਣਦੇ ਹਨ।੫।

ਪਦਾਰਥ = ਸੰਗੀ–ਸਾਥੀ।ਜੋਗੀ–ਨਿਰਲੇਪ ਜੀਵਾਤਮਾ।ਨਾਰਿ–ਦੇਹ ਰੂਪ ਇਸਤ੍ਰੀ।ਲਪਟਾਣੀ–ਚੰਬੜੀ ਹੋਈ ਹੈ।ਉਰਝਿ ਰਹੀ–ਫਸਾ ਰਹੀ ਹੈ।ਰੰਗ ਰਸ–ਰਸਾਂ ਦੇ ਅਨੰਦ।ਮਾਣੀ–ਮਾਣਦੀ ਹੈ।ਕਿਰਤ ਸੰਜੋਗੀ–ਕੀਤੇ ਕਰਮਾਂ ਦੇ ਸੰਜੋਗਾਂ ਨਾਲ।ਇਕਤ੍ਰਾ–ਇਕੱਠੇ।ਕਰਤੇ–ਕਰਦੇ ਹਨ।ਭੋਗ ਬਿਲਾਸਾ–ਅਨੰਦ ਮਾਣਦੇ ਹਨ।੧।ਪਿਰੁ–(ਦੇਹ ਰੂਪ ਇਸਤ੍ਰੀ ਦਾ) ਖਸਮ ਜੀਵਾਤਮਾ।ਸੁ–ਉਹ।ਧਨ–ਦੇਹ ਰੂਪ ਇਸਤ੍ਰੀ।ਤਤੁ–ਤੁਰੰਤ।ਮਾਨੈ–ਮੰਨ ਲੈਂਦੀ ਹੈ।ਧਨਹਿ–ਦੇਹ ਰੂਪ ਇਸਤ੍ਰੀ ਨੂੰ।ਸੀਗਾਰਿ–ਸ਼ਿੰਗਾਰ ਕੇ।ਰਖੈ ਸੰਗਾਨੈ–ਨਾਲ ਰੱਖਦੀ ਹੈ।ਮਿਲਿ–ਮਿਲ ਕੇ।ਰਾਤੀ–ਰਾਤ।ਪ੍ਰਿਉ–ਜੀਵਾਤਮਾ ਪਤੀ।ਦੇ–ਦੇਂਦਾ ਹੈ।ਦਿਲਾਸਾ–ਧੀਰਜ; ਤਸੱਲੀ।੨।ਮਾਗੈ–ਮੰਗਦੀ ਹੈ।ਬਹੁ ਬਿਧਿ –ਕਈ ਪ੍ਰਕਾਰ ਦੀ।ਧਾਵੈ–ਦੌੜ ਭੱਜ ਕਰਦਾ ਹੈ।ਸੋ ਆਨਿ–ਉਹ ਲਿਆ ਕੇ।ਏਕ ਵਸਤੁ–ਇਕ ਨਾਮ ਪਦਾਰਥ।ਕਉ–ਨੂੰ।ਰਹਤੀ–ਬਣੀ ਰਹਿੰਦੀ ਹੈ।੩।ਬਿਨਉ–ਬੇਨਤੀ।ਦੋਊ ਕਰ–ਦੋਵੇਂ ਹੱਥ।ਜੋਰੈ–ਜੋੜਦੀ ਹੈ।ਪ੍ਰਿਅ–ਹੇ ਪਿਆਰੇ!।ਪਰਦੇਸਿ–ਪਰਾਏ ਦੇਸ ਵਿਚ। ਨ ਜਾਹੁ–ਨਾ ਜਾਓ।ਘਰਿ ਮੋਰੈ–ਮੇਰੇ ਘਰ ਵਿਚ ਹੀ।ਗ੍ਰਿਹ ਭੀਤਰਿ–ਸਰੀਰ ਘਰ ਵਿਚ ਹੀ।ਜਿਤੁ–ਜਿਸ (ਵਣਜ) ਨਾਲ।ਉਤਰੈ–ਲਹਿ ਜਾਵੇ।੪।ਸਗਲੇ–ਸਾਰੇ।ਕਰਮ ਧਰਮ–ਧਾਰਮਕ ਕਰਮ।ਜੁਗ–ਪਿਛਲੇ ਜੁਗਾਂ ਦੇ।ਸਾਧਾ–ਕੀਤੇ ਹਨ।ਤਿਲੁ–ਰੱਤਾ ਭਰ ਵੀ। ਲਾਧਾ–ਲੱਭਿਆ।ਭਈ–ਹੋਈ।ਸਤਸੰਗੇ–ਸਤਸੰਗਤ ਰਾਹੀਂ।ਤਉ–ਤਾਂ; ਤਦ।ਅਨੰਦ ਉਲਾਸਾ–ਸੁਖ ਅਨੰਦ।੫।

ਅੰਗ ੧੦੭੩ = ਧਨ ਅੰਧੀ ਪਿਰੁ ਚਪਲੁ ਸਿਆਨਾ ॥ ਪੰਚ ਤਤੁ ਕਾ ਰਚਨੁ ਰਚਾਨਾ ॥ ਜਿਸੁ ਵਖਰ ਕਉ ਤੁਮ ਆਏ ਹਹੁ ,ਸੋ ਪਾਇਓ ਸਤਿਗੁਰ ਪਾਸਾ ਹੇ ॥੬॥ ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖ ਵਾਸੀ ਬਾਲ ਗੁਪਾਲੇ ॥ ਤੁਝੈ ਬਿਨਾ ਹਉ ਕਿਤ ਹੀ ਨ ਲੇਖੈ, ਵਚਨੁ ਦੇਹਿ ਛੋਡਿ ਨ ਜਾਸਾ ਹੇ ॥੭॥ ਪਿਰਿ ਕਹਿਆ ਹਉ ਹੁਕਮੀ ਬੰਦਾ ॥ ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥ ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ, ਜਾ ਸਦੇ ਤ ਊਠਿ ਸਿਧਾਸਾ ਹੇ ॥੮॥ ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥ ਧਨ ਕਛੂ ਨ ਸਮਝੈ ਚੰਚਲਿ ਕਾਚੇ ॥ ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ, ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥ ਆਈ ਆਗਿਆ ਪਿਰਹੁ ਬੁਲਾਇਆ ॥ ਨਾ ਧਨ ਪੁਛੀ ਨ ਮਤਾ ਪਕਾਇਆ ॥ ਊਠਿ ਸਿਧਾਇਓ ਛੂਟਰਿ ਮਾਟੀ, ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥

ਦੇਹ ਰੂਪ ਇਸਤ੍ਰੀ (ਮਾਇਆ ਦੇ ਮੋਹ ਵਿਚ) ਅੰਨ੍ਹੀ ਹੋਈ ਪਈ ਹੈ, (ਪਰ) ਜੀਵਾਤਮਾ ਪਤੀ ਚੰਚਲ ਤੇ ਸਿਆਣਾ ਹੈ।(ਇਹ ਜਾਣਦਾ ਹੈ ਕਿ ਪ੍ਰਭੂ ਨੇ) ਪੰਜ ਤੱਤ ਇਕੱਠੇ ਕਰਕੇ (ਸਰੀਰ ਦੀ) ਬਨਾਵਟ ਬਣਾਈ ਹੈ।(ਹੇ ਭਾਈ!) ਜਿਸ ਨਾਮ ਰੂਪ ਸੌਦਾ ਲੈਣ ਵਾਸਤੇ ਤੁਸੀਂ (ਜਗਤ ਵਿਚ) ਆਏ ਹੋ, ਉਹ (ਜਿਸ ਕਿਸੇ ਮਨੁੱਖ ਨੇ) ਪਾਇਆ ਹੈ, ਸਤਿਗੁਰੂ ਪਾਸੋਂ ਪਾਇਆ ਹੈ।੬।ਦੇਹ ਰੂਪ ਬੇਸਮਝ ਇਸਤ੍ਰੀ (ਜੀਵਾਤਮਾ ਪਤੀ ਨੂੰ) ਆਖਦੀ ਹੈ ਕਿ ਹੇ ਸੁਖ ਵਿਚ ਵਸਣ ਵਾਲੇ ਲਾਡਲੇ ਪਤੀ! ਤੂੰ ਮੇਰੇ ਨਾਲ ਵਸਦਾ ਰਹੁ (ਤਾਂ ਕਿ ਮੈਂ ਸਦਾ ਜਿਉਂਦੀ ਰਹਾਂ)।ਮੈਂ ਤੇਰੇ ਬਿਨਾ ਕਿਸੇ ਗਿਣਤੀ ਵਿਚ ਨਹੀਂ ਹਾਂ, ਮੈਨੂੰ ਬਚਨ ਦੇਹ, ਕਿ ਮੈਂ ਤੈਨੂੰ ਛਡ ਕੇ ਨਹੀਂ ਜਾਵਾਂਗਾ।੭। ਜੀਵਾਤਮਾ ਪਤੀ ਨੇ ਕਿਹਾ ਕਿ ਮੈਂ ਪ੍ਰਭੂ ਦੇ ਹੁਕਮ ਵਿਚ ਰਹਿਣ ਵਾਲਾ ਦਾਸ ਹਾਂ।ਉਹ ਮੇਰਾ ਮਾਲਕ ਪ੍ਰਭੂ ਬਹੁਤ ਵੱਡਾ ਹੈ, ਜਿਸ ਨੂੰ

ਕਿਸੇ ਦਾ ਡਰ ਨਹੀਂ, ਕਿਸੇ ਦੀ ਮੁਥਾਜੀ ਨਹੀਂ (ਸੁਤੰਤਰ ਤੇ ਨਿਰਇੱਛਤ ਹੈ)। ਜਿੰਨਾ ਚਿਰ (ਉਹ ਮੈਨੂੰ ਤੇਰੇ ਨਾਲ) ਰੱਖੇਗਾ, ਉਤਨਾ ਚਿਰ ਮੈਂ ਤੇਰੇ ਨਾਲ ਰਹਿਣਾ ਹੈ, ਜਦੋਂ ਉਹ ਬੁਲਾਏਗਾ, ਤਾਂ ਮੈਂ ਤੇਰੇ ਕੋਲੋਂ ਉਠ ਕੇ ਚਲੇ ਜਾਵਾਂਗਾ।੮। ਜਦੋਂ ਪਿਆਰੇ ਜੀਵਾਤਮਾ ਨੇ ਇਹ ਸੱਚੇ ਬਚਨ ਦੇਹ ਇਸਤ੍ਰੀ ਨੂੰ ਕਹੇ। ਚੰਚਲ ਤੇ ਸ਼ਰਧਾ ਹੀਣ ਦੇਹ ਇਸਤ੍ਰੀ ਨੇ ਉਹ ਬਚਨ ਕੁਛ ਸਮਝੇ ਨਹੀਂ। (ਦੇਹ ਇਸਤ੍ਰੀ) ਮੁੜ ਮੁੜ ਜੀਵਾਤਮਾ ਪਤੀ ਦਾ ਹੀ ਸੰਗ ਮੰਗਦੀ ਹੈ, ਉਹ (ਜੀਵਾਤਮਾ ਪਤੀ ਇਸ) ਗੱਲ ਨੂੰ ਮਖੌਲ ਕਰਕੇ ਜਾਣਦਾ ਹੈ (ਕਿ ਇਸ ਨੂੰ ਪਤਾ ਨਹੀਂ ਕਿ ਸਭ ਕੁਛ ਮਾਲਕ ਦੇ ਹੁਕਮ ਵਿਚ ਹੁੰਦਾ ਹੈ)।੯। ਮਾਲਕ ਪ੍ਰਭੂ ਦੀ ਜਦੋਂ ਆਗਿਆ ਆਈ, (ਤਾਂ ਉਸ ਨੇ) ਜੀਵਾਤਮਾ ਪਤੀ ਨੂੰ ਬੁਲਾ ਲਿਆ। (ਜੀਵਾਤਮਾ ਨੇ ਜਾਣ ਵੇਲੇ) ਨਾ ਦੇਹ ਇਸਤ੍ਰੀ ਨੂੰ ਪੁੱਛਿਆ ਅਤੇ ਨਾ ਹੀ (ਉਸ ਨਾਲ ਕੋਈ) ਸਲਾਹ ਕੀਤੀ। (ਜਦੋਂ ਜੀਵਾਤਮਾ ਪਤੀ) ਉਠ ਕੇ ਚਲਾ ਗਿਆ, ਤਾਂ ਦੇਹ ਇਸਤ੍ਰੀ ਛੁੱਟੜ ਹੋ ਕੇ ਮਿੱਟੀ ਬਣ ਗਈ, ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਦੇਖੋ, ਮੋਹ ਦੀ (ਇਹ ਸਾਰੀ) ਆਸਾ ਮਿਥਿਆ ਹੈ।੧੦।

ਪਦਾਰਥ = ਧਨ–ਦੇਹ ਰੂਪ ਇਸਤ੍ਰੀ। ਅੰਧੀ–ਅੰਨ੍ਹੀ (ਬੇਸਮਝ)। ਪਿਰ–ਜੀਵਾਤਮਾ ਪਤੀ। ਚਪਲ–ਚੰਚਲ (ਫੁਰਤੀਲਾ)। ਸਿਆਨਾ–ਸਿਆਣਾ। ਪੰਚ ਤਤੁ–ਹਵਾ ਪਾਣੀ ਮਿੱਟੀ ਅੱਗ ਤੇ ਅਕਾਸ਼। ਰਚਨੁ–ਬਨਾਵਟ। ਰਚਾਨਾ–ਬਣਾਈ ਹੈ। ਵਖਰ ਕਉ–ਸੌਦੇ ਵਾਸਤੇ। ਸੋ–ਉਹ (ਸੌਦਾ)। ਪਾਸਾ–ਪਾਸੋਂ।੬। ਵਸੁ–ਵਸਦਾ ਰਹੁ। ਮੈ ਨਾਲੇ–ਮੇਰੇ ਨਾਲ। ਪ੍ਰਿਅ ਸੁਖਵਾਸੀ–ਹੇ ਸੁਖ ਵਿਚ ਰਹਿਣ ਵਾਲੇ ਪਿਆਰੇ!। ਬਾਲ ਗੁਪਾਲੇ–ਹੇ ਲਾਡਲੇ ਪਤੀ!। ਤੁਝੈ ਬਿਨਾ–ਤੇਰੇ ਬਿਨਾ। ਹਉ–ਮੈਂ। ਕਿਤ ਹੀ ਲੇਖੈ–ਕਿਸੇ ਗਿਣਤੀ ਵਿਚ; ਕਿਸੇ ਜੋਗੀ। ਵਚਨੁ ਦੇਹਿ–ਵਾਅਦਾ ਕਰ। ਨ ਜਾਸਾ–ਨਹੀਂ ਜਾਵਾਂਗਾ।੭। ਪਿਰਿ–ਪਤੀ ਨੇ। ਹੁਕਮੀ–(ਪ੍ਰਭੂ ਦੇ) ਹੁਕਮ ਵਿਚ ਰਹਿਣ ਵਾਲਾ। ਬੰਦਾ–ਦਾਸ। ਭਾਰੋ ਠਾਕੁਰੁ–ਬਹੁਤ ਵੱਡਾ ਮਾਲਕ। ਕਾਣਿ–ਡਰ। ਛੰਦਾ–ਮੁਥਾਜੀ; ਗੁਲਾਮੀ। ਜਿਚਰੁ–ਜਿੰਨਾ ਚਿਰ। ਤਿਚਰੁ–ਉਤਨਾ ਚਿਰ। ਤੁਮ ਸੰਗਿ –ਤੇਰੇ ਨਾਲ। ਜਾ–ਜਦੋਂ। ਸਦੇ (ਸੱਦੇ ਪੜ੍ਹੋ)–ਬੁਲਾਏਗਾ। ਤਾ–ਤਾਂ; ਤਦ। ਊਠਿ ਸਿਧਾਸਾ ਹੇ–ਉਠ ਕੇ ਚਲੇ ਜਾਵਾਂਗਾ।੮। ਜਉ–ਜਦੋਂ। ਕਹੇ–ਆਖੇ। ਪ੍ਰਿਅ–ਪਿਆਰਾ ਜੀਵਾਤਮਾ। ਧਨ ਚੰਚਲਿ–ਚੰਚਲ ਦੇਹ ਇਸਤ੍ਰੀ ਨੇ। ਕਾਚੇ–ਸ਼ਰਧਾ ਹੀਣ; ਬੇਸਮਝ। ਬਹੁਰਿ ਬਹੁਰਿ–ਮੁੜ ਮੁੜ। ਸੰਗੁ–ਸਾਥ। ਓਹੁ–ਉਹ (ਜੀਵਾਤਮਾ)। ਕਰਿ ਹਾਸਾ–ਮਖੌਲ ਕਰਕੇ।੯। ਪਿਰਹੁ–ਜੀਵਾਤਮਾ ਪਤੀ ਨੂੰ। ਮਤਾ ਪਕਾਇਆ–ਸਲਾਹ ਕੀਤੀ। ਸਿਧਾਇਓ–ਚਲਾ ਗਿਆ। ਛੂਟਰਿ ਮਾਟੀ–ਛੁੱਟੜ ਹੋ ਕੇ ਮਿੱਟੀ ਬਣ ਗਈ; ਦੇਹ ਮਿੱਟੀ ਨੂੰ ਛੁੱਟੜ ਕਰਕੇ। ਮਿਥਨ–ਝੂਠਾ; ਨਾਸ਼ ਵੰਤ; ਜੋ ਇਕ ਰਸ ਨਹੀਂ। ਮੋਹਾਸਾ–ਮੋਹ ਦੀ ਆਸਾ।੧੦।

ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥ ਬਿਨੁ ਸਤਿਗੁਰ ਪਚਿ ਮੂਏ ਸਾਕਤ, ਨਿਗੁਰੇ ਗਲਿ ਜਮ ਫਾਸਾ ਹੇ ॥੧੧॥ ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ ਜਿਤਨੇ ਨਰਕ ਸੇ ਮਨਮੁਖਿ ਭੋਗੈ, ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ ਗੁਰਮੁਖਿ ਸੋਇ, ਜਿ ਹਰਿ ਜੀਉ ਭਾਇਆ ॥ ਤਿਸੁ ਕਉਣੁ ਮਿਟਾਵੈ, ਜਿ ਪ੍ਰਭਿ ਪਹਿਰਾਇਆ ॥ ਸਦਾ ਅਨੰਦੁ ਕਰੇ ਆਨੰਦੀ, ਜਿਸ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥ ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥ ਐਸਾ ਪ੍ਰਭੁ ਮਿਲਿਆ ਸੁਖ ਦਾਤਾ, ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥ ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥ ਨਾਨਕ ਸਰਣਿ ਦੀਨ ਦੁਖ ਭੰਜਨ, ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥੧॥੨॥ ਹੇ ਮੇਰੇ ਲੋਭੀ ਮਨ! ਤੂੰ ਮੇਰੀ ਸਿੱਖਿਆ ਸੁਣ ਕੇ ਮੰਨ ਲੈ। ਦਿਨ ਰਾਤ ਸਦਾ ਸਤਿਗੁਰੂ ਦੀ ਸੇਵਾ ਕਰਿਆ ਕਰ। ਸਤਿਗੁਰੂ ਦੀ ਸਰਨ ਵਿਚ ਪਏ ਤੋਂ ਬਿਨਾ ਸਾਕਤ ਮਨੁੱਖ (ਵਿਸ਼ੇ ਵਿਕਾਰਾਂ ਵਿਚ) ਸੜ ਕੇ ਮਰ ਗਏ ਹਨ, ਨਿਗੁਰੇ ਮਨੁੱਖ ਦੇ ਗਲ ਵਿਚ ਜਮ ਦਾ ਫਾਹਾ ਪਿਆ ਰਹਿੰਦਾ ਹੈ।੧੧। (ਹੇ ਭਾਈ! ਸੰਸਾਰ ਵਿਚ) ਮਨਮੁਖ ਜਨਮ ਲੈ ਕੇ ਆਉਂਦਾ ਹੈ, ਮਨਮੁਖ ਮਰ ਕੇ (ਇਥੋਂ) ਚਲੇ ਜਾਂਦਾ ਹੈ। ਮਨਮੁਖ ਮੁੜ ਮੁੜ ਜਮਾਂ ਦੀਆਂ ਚੋਟਾਂ ਖਾਂਦਾ ਹੈ। ਜਿਤਨੇ ਨਰਕ ਹਨ, ਉਹ (ਸਾਰੇ ਨਰਕ) ਮਨਮੁਖ ਭੋਗਦਾ ਹੈ, (ਪਰ) ਗੁਰਮੁਖਾਂ ਨੂੰ ਮਾਸਾ ਜਿੰਨਾ ਵੀ ਲੇਪ ਨਹੀਂ ਲਗਦਾ।੧੨। (ਹੇ ਭਾਈ!) ਗੁਰਮੁਖ ਉਹ ਹੈ, ਜੋ ਪ੍ਰਭੂ ਨੂੰ ਚੰਗਾ ਲਗ ਗਿਆ ਹੈ। ਉਸ (ਗੁਰਮੁਖ) ਦੀ ਸੋਭਾ ਨੂੰ ਕੌਣ ਮਿਟਾ ਸਕਦਾ ਹੈ, ਜਿਸ ਨੂੰ ਪ੍ਰਭੂ ਨੇ ਸਨਮਾਨ ਦੇ ਕੇ ਸਿਰੋਪਾਉ ਪਹਿਨਾਇਆ ਹੈ। ਜਿਸ ਗੁਰਮੁਖ ਦੇ ਗਲ ਵਿਚ ਪ੍ਰਭੂ ਵੱਲੋਂ ਉਤਮ ਸਿਰੋਪਾ ਪਿਆ ਹੈ, ਉਹ ਅਨੰਦ ਦੇਣ ਵਾਲੇ ਪ੍ਰਭੂ ਨੂੰ ਮਿਲ ਕੇ ਸਦਾ ਅਨੰਦ ਮਾਣਦਾ ਹੈ।੧੩। (ਹੇ ਭਾਈ!) ਮੈਂ ਪੂਰੇ ਸਤਿਗੁਰੂ ਤੋਂ ਬਲਹਾਰ ਜਾਂਦਾ ਹਾਂ। ਜੋ ਸ਼ਰਣ ਵਿਚ ਆਏ ਮਨੁੱਖ ਦੀ ਰੱਖਿਆ ਕਰਦਾ ਹੈ ਤੇ ਦਾਤਾਂ ਦੇਣ ਵਾਲਾ ਹੈ ਅਤੇ ਬਚਨਾਂ ਦਾ ਬਲੀ ਹੈ (ਬਚਨ

ਪੂਰੇ ਹੁੰਦੇ ਹਨ।ਗੁਰੂ ਦੀ ਮੇਹਰ ਨਾਲ ਮੈਨੂੰ) ਸੁੱਖਾਂ ਦਾ ਦਾਤਾ ਅਜੇਹਾ ਪ੍ਰਭੂ ਮਿਲਿਆ ਹੈ, ਜੋ ਵਿਛੜ ਕੇ ਕਿਤੇ ਜਾਂਦਾ ਨਹੀਂ।੧੪।(ਹੇ ਭਾਈ!) ਪ੍ਰਭੂ ਗੁਣਾਂ ਦਾ ਖਜਾਨਾ ਹੈ, (ਉਸ ਦੇ) ਗੁਣਾਂ ਦੀ ਕੁੱਛ ਕੀਮਤ ਨਹੀਂ ਪਾਈ ਜਾ ਸਕਦੀ।(ਉਹ) ਹਰੇਕ ਜੀਵ ਦੇ ਹਿਰਦੇ ਵਿਚ ਅਤੇ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਹੇ ਗਰੀਬਾਂ ਦੇ ਦੁੱਖ ਨਾਸ਼ ਕਰਨ ਵਾਲੇ ਪ੍ਰਭੂ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, (ਮੇਰੇ ਤੇ ਕ੍ਰਿਪਾ ਕਰ) ਜੋ ਤੇਰੇ ਦਾਸ ਹਨ, ਮੈਂ (ਉਨ੍ਹਾਂ ਦੇ) ਚਰਨਾਂ ਦੀ ਧੂੜ ਬਣਿਆ ਰਹਾਂ।੧੫।੧।੨।

ਪਦਾਰਥ = ਰੇ ਮਨ–ਹੇ ਮਨ!।ਮਨ–ਮੰਨ ਲੈ।ਸੇਵਿ–ਸੇਵਾ ਕਰ।ਸਦੇਰੇ–ਸਦਾ।ਪਚਿ–ਸੜ ਕੇ।ਮੂਏ–ਮਰ ਗਏ ਹਨ।ਸਾਕਤ–ਰੱਬ ਤੋਂ ਬੇਮੁਖ ਮਨੁੱਖ।ਗਲਿ–ਗਲ ਵਿਚ।ਜਮ ਫਾਸਾ–ਜਮ ਦਾ ਫਾਹਾ।੧੧।ਮਨਮੁਖਿ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਆਵੈ–ਜਨਮ ਲੈ ਕੇ ਆਉਂਦਾ ਹੈ।ਜਾਵੈ–ਮਰ ਕੇ ਚਲੇ ਜਾਂਦਾ ਹੈ।ਫਿਰਿ ਫਿਰਿ–ਮੁੜ ਮੁੜ।ਸੇ–ਉਹ।ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਲੇਪੁ–ਦਾਗ; ਕਲੰਕ; ਅਸਰ।ਮਾਸਾ–ਰੱਤੀ ਭਰ।੧੨।ਸੋਇ–ਉਹ ਹੈ।ਜਿ–ਜਿਹੜਾ।ਭਾਇਆ–ਚੰਗਾ ਲਗ ਗਿਆ ਹੈ।ਪ੍ਰਭਿ–ਪ੍ਰਭੂ ਨੇ।ਪਹਿਰਾਰਿਆ–ਸਿਰੋਪਾਉ ਪਹਿਨਾਇਆ (ਆਦਰ ਦਿਤਾ)।ਅਨੰਦੁ ਕਰੇ–ਅਨੰਦ ਮਾਣਦਾ ਹੈ।ਅਨੰਦੀ–ਅਨੰਦ ਦੇਣ ਵਾਲਾ ਪ੍ਰਭੂ।ਜਿਸੁ–ਜਿਸ ਦੇ।ਖਾਸਾ–ਵਧੀਆ (ਉਤਮ); ਵਿਸ਼ੇਸ਼।੧੩।ਹਉ–ਮੈਂ।ਬਲਿਹਾਰੀ–ਕੁਰਬਾਨ ਹਾਂ।ਸੂਰੇ–ਸੂਰਮਾ (ਬਲੀ)।ਵਿਛੜਿ–ਵਿਛੜ ਕੇ।ਕਤ ਹੀ–ਕਿਤੇ ਵੀ।ਨ ਜਾਸਾ–ਜਾਂਦਾ ਨਹੀਂ।੧੪।ਗੁਣ ਨਿਧਾਨ–ਹੇ ਗੁਣਾਂ ਦੇ ਖਜਾਨੇ!।ਕੀਮ–ਕੀਮਤ।ਨ ਪਾਈ–ਨਹੀਂ ਪਾਈ ਜਾ ਸਕਦੀ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਸਭ ਠਾਈ–ਸਭ ਜਗ੍ਹਾ।ਦੀਨ–ਗਰੀਬਾਂ ਦੇ।ਦੁਖ ਭੰਜਨ–ਹੇ ਦੁੱਖ ਨਾਸ਼ ਕਰਨ ਵਾਲੇ!।ਰੇਣ–ਚਰਨ ਧੂੜ।੧੫।੧।੨।

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥ ਸਿਰਿ ਸਾਹਾ ਕੈ ਸਚਾ ਸਾਹਿਬੁ ,ਅਵਰੁ ਨਾਹੀ ਕੋ ਦੂਜਾ ਹੇ ॥੧॥ ਹਰਖਵੰਤ ਆਨੰਤ ਦਇਆਲਾ ॥ ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥ ਰੂਪ ਕਰੇ ਕਰਿ ਵੇਖੈ ਵਿਗਸੈ, ਆਪੇ ਹੀ ਆਪਿ ਪੂਜਾ ਹੇ ॥੨॥ ਆਪੇ ਕੁਦਰਤਿ ਕਰੇ ਵੀਚਾਰਾ ॥ ਆਪੇ ਹੀ ਸਚੁ ਕਰੇ ਪਸਾਰਾ ॥ ਆਪੇ ਖੇਲ ਖਿਲਾਵੈ ਦਿਨੁ ਰਾਤੀ, ਆਪੇ ਸੁਣਿ ਸੁਣਿ ਭੀਜਾ ਹੇ ॥੩॥ ਸਾਚਾ ਤਖਤੁ ਸਚੀ ਪਾਤਿਸਾਹੀ ॥ ਸਚੁ ਖਜੀਨਾ ਸਾਚਾ ਸਾਹੀ ॥ ਆਪੇ ਸਚੁ ਧਾਰਿਓ ਸਭੁ ਸਾਚਾ, ਸਚੇ ਸਚਿ ਵਰਤੀਜਾ ਹੇ ॥੪॥ (ਹੇ ਭਾਈ!) ਅਨੰਦ ਵਾਲਾ ਮੇਰਾ ਪ੍ਰਭੂ ਸਭ ਜਗ੍ਹਾ ਅਨੰਦ ਮਾਣ ਰਿਹਾ ਹੈ।(ਉਹ) ਹਰੇਕ ਜੀਵ ਦੇ ਹਿਰਦੇ ਵਿਚ ਵਿਆਪਕ ਹੈ ਅਤੇ ਹਰੇਕ ਜੀਵ ਦੇ ਸਿਰ ਉਤੇ ਲਿਖੇ ਕਰਮਾਂ ਅਨੁਸਾਰ ਫੈਸਲਾ ਕਰਦਾ ਹੈ।ਬਾਦਸ਼ਾਹਾਂ ਦੇ ਸਿਰ ਉਤੇ ਸੱਚਾ ਮਾਲਕ ਹੈ, (ਉਸ ਦੇ ਬਰਾਬਰ ਦਾ) ਹੋਰ ਦੂਜਾ ਕੋਈ ਨਹੀਂ ਹੈ।੧।(ਹੇ ਭਾਈ!) ਖੁਸ਼ੀਆਂ ਦਾ ਮਾਲਕ ਪ੍ਰਭੂ ਬੇਅੰਤ ਅਤੇ ਦਇਆ ਦਾ ਘਰ ਹੈ।ਪ੍ਰਭੂ ਸਭ ਥਾਂ ਪ੍ਰਗਟ ਹੋ ਰਿਹਾ ਹੈ ਅਤੇ ਸਭ ਜੀਵਾਂ ਵਿਚ (ਅਪਣੀ ਜੋਤ ਦਾ) ਚਾਨਣ ਕਰ ਰਿਹਾ ਹੈ।(ਉਹ) ਅਨੇਕਾਂ ਰੂਪ ਬਣਾ ਬਣਾ ਕਰਕੇ ਦੇਖ ਰਿਹਾ ਹੈ ਤੇ ਖੁਸ਼ ਹੁੰਦਾ ਹੈ, (ਉਹ ਸੰਤਾਂ ਦੇ ਅੰਦਰ ਬੈਠਾ) ਆਪ ਹੀ ਅਪਣੇ ਆਤਮ ਦੇਵ ਦੀ ਪੂਜਾ ਕਰ ਰਿਹਾ ਹੈ।੨।(ਹੇ ਭਾਈ!) ਪ੍ਰਭੂ ਆਪ ਹੀ ਅਪਣੀ ਕੁਦਰਤ ਰਾਹੀਂ ਸੰਸਾਰ ਰਚਨਾ ਦਾ ਵਿਚਾਰ ਕਰਦਾ ਹੈ।ਸੱਚਾ ਪ੍ਰਭੂ ਆਪ ਹੀ ਸੰਸਾਰ ਰਚ ਕੇ ਇਸ ਦਾ ਵਿਸਥਾਰ ਕਰਦਾ ਹੈ।ਪ੍ਰਭੂ ਆਪ ਹੀ ਜੀਵਾਂ ਨੂੰ ਦਿਨ ਰਾਤ ਖੇਲ ਖਿਲਾਉਂਦਾ (ਕੰਮ ਧੰਧੇ ਕਰਾਉਂਦਾ) ਹੈ ਅਤੇ ਆਪ ਹੀ (ਜੀਵਾਂ ਦੀਆਂ ਬੇਨਤੀਆਂ) ਸੁਣ ਸੁਣ ਕੇ ਖੁਸ਼ ਹੁੰਦਾ ਹੈ।੩।(ਹੇ ਭਾਈ!) ਪ੍ਰਭੂ ਦਾ ਤਖਤ ਸੱਚਾ ਹੈ ਅਤੇ (ਉਸ ਦੀ) ਪਾਤਸ਼ਾਹੀ (ਹਕੂਮਤ) ਸੱਚੀ ਹੈ।(ਉਸ ਦਾ) ਖਜਾਨਾ ਸੱਚਾ (ਅਟੱਲ) ਹੈ ਅਤੇ ਉਸ ਦੀ ਪਾਤਸ਼ਾਹੀ ਸੱਚੀ ਹੈ।(ਉਹ) ਆਪ ਸੱਚਾ ਹੈ, ਜੋ ਕੁਛ ਉਸ ਨੇ ਬਣਾਇਆ ਹੈ, ਉਹ ਵੀ ਸਭ ਕੁਛ ਸੱਚਾ ਹੈ; ਆਸਰਾ ਦੇ ਕੇ ਰੱਖਿਆ ਸਾਰਾ ਪਰਪੰਚ ਸੱਚਾ ਹੈ, ਸੱਚੇ ਪ੍ਰਭੂ ਦੇ ਸੱਚੇ ਹੁਕਮ ਰਾਹੀਂ ਜਗਤ ਵਿਚ ਵਰਤਾਰਾ ਵਰਤ ਰਿਹਾ ਹੈ।੪।

ਅੰਗ ੧੦੭੪ = ਸਚੁ ਤਪਾਵਸੁ ਸਚੇ ਕੇਰਾ ॥ ਸਾਚਾ ਥਾਨੁ ਸਦਾ ਪ੍ਰਭ ਤੇਰਾ ॥ ਸਚੀ ਕੁਦਰਤਿ ਸਚੀ ਬਾਣੀ, ਸਚੁ ਸਾਹਿਬ ਸੁਖੁ ਕੀਜਾ ਹੇ ॥੫॥ ਏਕੋ ਆਪਿ ਤੂਹੈ ਵਡ ਰਾਜਾ ॥ ਹੁਕਮਿ ਸਚੇ ਕੈ ਪੂਰੇ ਕਾਜਾ ॥ ਅੰਤਰਿ ਬਾਹਰਿ ਸਭੁ ਕਿਛੁ ਜਾਣੈ, ਆਪੇ ਹੀ ਆਪਿ ਪਤੀਜਾ ਹੇ ॥੬॥ (ਹੇ ਭਾਈ!) ਸੱਚੇ ਪ੍ਰਭੂ ਦਾ ਨਿਆਂ ਸੱਚਾ ਹੈ।ਹੇ ਪ੍ਰਭੂ! ਤੇਰਾ ਅਸਥਾਨ (ਸੱਚਖੰਡ) ਸਦਾ ਸੱਚਾ ਹੈ।ਤੇਰੀ ਕੁਦਰਤ ਸੱਚੀ ਅਤੇ ਤੇਰੀ ਰਚਨਾ ਦੀ ਬਣਤਰ ਵੀ ਸੱਚੀ ਹੈ; ਤੇਰੀ ਨਾਮ ਬਾਣੀ ਸੱਚੀ, ਹੇ ਮਾਲਕ! (ਤੂੰ ਹੀ ਜੀਵਾਂ ਨੂੰ ਮਿਲਣ ਵਾਲਾ) ਸੱਚਾ ਸੁਖ ਆਪ ਹੀ ਪੈਦਾ ਕੀਤਾ ਹੈ।੫।(ਹੇ ਪ੍ਰਭੂ!) ਤੂੰ ਇਕ ਆਪ ਹੀ ਸਭ ਤੋਂ ਵੱਡਾ ਰਾਜਾ ਹੈਂ।(ਹੇ ਭਾਈ! ਜੀਵਾਂ ਦੇ) ਸਾਰੇ ਕਾਰਜ

ਸੱਚੇ ਪ੍ਰਭੂ ਦੇ ਹੁਕਮ ਰਾਹੀਂ ਪੂਰੇ ਹੁੰਦੇ ਹਨ। ਜੀਵਾਂ ਦੇ ਅੰਦਰ ਤੇ ਬਾਹਰ ਜਗਤ ਵਿਚ ਜੋ ਕੁਛ ਵਰਤ ਰਿਹਾ, ਪ੍ਰਭੂ ਸਭ ਕੁਝ ਜਾਣਦਾ ਹੈ ਅਤੇ ਆਪ ਹੀ ਜੀਵ ਰੂਪ ਹੋ ਕੇ ਅਪਣੇ ਉਤੇ ਪਤੀਜਦਾ ਹੈ।੬।

ਪਦਾਰਥ = ਕਰੈ ਅਨੰਦੁ-ਅਨੰਦ ਮਾਣ ਰਿਹਾ ਹੈ। ਅਨੰਦੀ-ਅਨੰਦ ਵਾਲਾ; ਅਨੰਦ ਦਾ ਮਾਲਕ। ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ। ਪੂਰਨੁ-ਵਿਆਪਕ ਹੈ। ਸਿਰ ਸਿਰਹਿ-ਹਰੇਕ ਜੀਵ ਦੇ ਸਿਰ ਉਤੇ ਲਿਖੇ ਕਰਮਾਂ ਅਨੁਸਾਰ। ਨਿਬੇਰਾ-ਫੈਸਲਾ; ਨਿਆਂ। ਸਿਰਿ ਸਾਹਾ ਕੈ-ਬਾਦਸ਼ਾਹਾਂ ਦੇ ਸਿਰ ਉਤੇ। ਸਾਹਿਬੁ-ਮਾਲਕ। ਅਵਰੁ ਕੋ-ਕੋਈ ਹੋਰ।੧। ਹਰਖਵੰਤ-ਖੁਸ਼ੀਆਂ ਦਾ ਮਾਲਕ। ਆਨੰਤ-ਬੇਅੰਤ। ਸਰਬ-ਸਾਰੇ ਜੀਵਾਂ ਵਿਚ। ਉਜਾਲਾ-ਚਾਨਣ। ਰੂਪ-ਸ਼ਕਲਾਂ; ਅਕਾਰ। ਕਰੇ ਕਰਿ-ਕਰ ਕਰਕੇ (ਰਚ ਰਚ ਕੇ)। ਵਿਗਸੈ-ਖੁਸ਼ ਹੁੰਦਾ ਹੈ। ਆਪੇ ਆਪਿ-ਆਪ ਹੀ ਅਪਣੀ। ਪੂਜਾ-ਪੂਜਾ ਕਰਦਾ ਹੈ।੨। ਆਪੇ-ਆਪ ਹੀ। ਕੁਦਰਤਿ-ਰਚਨਾ ਕਰਨ ਵਾਲੀ ਸ਼ਕਤੀ ਰਾਹੀਂ। ਸਚੁ-ਸੱਚਾ ਪ੍ਰਭੂ। ਕਰੇ ਪਸਾਰਾ-ਵਿਸਥਾਰ ਕਰਦਾ ਹੈ। ਰਾਤੀ-ਰਾਤ। ਭੀਜਾ ਹੇ-ਖੁਸ਼ ਹੁੰਦਾ ਹੈ।੩। ਤਖਤੁ-ਰਾਜ ਸਿੰਘਾਸਣ। ਖਜੀਨਾ-ਖਜਾਨਾ। ਪਾਤਿਸਾਹੀ-ਬਾਦਸ਼ਾਹਤ। ਸਾਹੀ-ਬਾਦਸ਼ਾਹੀ। ਧਾਰਿਓ-ਬਣਾਇਆ; ਸਹਾਰਾ ਦਿਤਾ। ਸਚੇ ਸਚਿ-ਸੱਚੇ ਪ੍ਰਭੂ ਦੇ ਸੱਚੇ ਹੁਕਮ ਰਾਹੀਂ। ਵਰਤੀਜਾ ਹੇ-ਵਰਤਾਰਾ ਵਰਤ ਰਿਹਾ ਹੈ।੪। ਸਚੁ-ਸੱਚਾ; ਅਟੱਲ। ਤਪਾਵਸ-ਨਿਆਂ। ਸਚੇ ਕੇਰਾ-ਸੱਚੇ ਪ੍ਰਭੂ ਦਾ। ਥਾਨੁ-ਥਾਂ; ਟਿਕਾਣਾ। ਪ੍ਰਭ-ਹੇ ਪ੍ਰਭੂ! ਬਾਣੀ-ਬਣਤਰ; ਨਾਮ ਬਾਣੀ। ਸਾਹਿਬ-ਹੇ ਮਾਲਕ! ਕੀਜਾ ਹੇ-ਪੈਦਾ ਕੀਤਾ ਹੈ।੫। ਵਡ-ਵੱਡਾ। ਹੁਕਮਿ-ਹੁਕਮ ਰਾਹੀਂ। ਸਚੇ ਕੈ-ਸੱਚੇ ਪ੍ਰਭੂ ਦੇ। ਕਾਜਾ-ਕਾਰਜ। ਅੰਤਰਿ-ਜੀਵਾਂ ਦੇ ਦਿਲ ਅੰਦਰ। ਬਾਹਰਿ-ਬਾਹਰ ਜਗਤ ਵਿਚ। ਜਾਣੈ-ਜਾਣਦਾ ਹੈ। ਆਪੇ ਆਪਿ-ਆਪ ਹੀ ਜੀਵ ਰੂਪ ਹੋ ਕੇ ਅਪਣੇ ਉਪਰ। ਪਤੀਜਾ ਹੇ-ਪਤੀਜਦਾ ਹੈ; ਸੰਤੁਸ਼ਟ ਹੁੰਦਾ ਹੈ।੬।

ਤੂ ਵਡ ਰਸੀਆ ਤੂ ਵਡ ਭੋਗੀ ॥ ਤੂ ਨਿਰਬਾਣੁ ਤੂਹੈ ਹੀ ਜੋਗੀ ॥ ਸਰਬ ਸੂਖ ਸਹਜ ਘਰਿ ਤੇਰੈ, ਅਮਿਉ ਤੇਰੀ ਦ੍ਰਿਸਟੀਜਾ ਹੈ ॥੭॥ ਤੇਰੀ ਦਾਤਿ ਤੁਝੈ ਤੇ ਹੋਵੈ ॥ ਦੇਹਿ ਦਾਨੁ ਸਭਸੈ ਜੰਤ ਲੋਐ ॥ ਤੋਟਿ ਨ ਆਵੈ ਪੂਰ ਭੰਡਾਰੈ, ਤ੍ਰਿਪਤਿ ਰਹੇ ਆਘੀਜਾ ਹੇ ॥੮॥ ਜਾਚਹਿ ਸਿਧ ਸਾਧਿਕ ਬਨਵਾਸੀ ॥ ਜਾਚਹਿ ਜਤੀ ਸਤੀ ਸੁਖਵਾਸੀ ॥ ਇਕੁ ਦਾਤਾਰੁ ਸਗਲ ਹੈ ਜਾਚਿਕ, ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥ ਕਰਹਿ ਭਗਤਿ ਅਰੁ ਰੰਗ ਅਪਾਰਾ ॥ ਖਿਨ ਮਹਿ ਥਾਪਿ ਉਥਾਪਨਹਾਰਾ ॥ ਭਾਰੋ ਤੋਲੁ ਬੇਅੰਤ ਸੁਆਮੀ, ਹੁਕਮੁ ਮੰਨਿ ਭਗਤੀਜਾ ਹੇ ॥੧੦॥ ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥ ਚਤੁਰੁ ਸਰੂਪੁ ਸਿਆਣਾ ਸੋਈ, ਜੋ ਮਨਿ ਤੇਰੈ ਭਾਵੀਜਾ ਹੇ ॥੧੧॥ ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥ ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ, ਅਵਰੁ ਕਹਾ ਕਿਛੁ ਕੀਜਾ ਹੇ ॥੧੨॥ (ਹੇ ਪ੍ਰਭੂ! ਸਾਰੇ ਜੀਵਾਂ ਵਿਚ ਵਸਦਾ ਹੋਇਆ) ਤੂੰ ਸਭ ਤੋਂ ਵੱਡਾ ਰਸ ਮਾਨਣ ਵਾਲਾ ਹੈਂ ਅਤੇ ਤੂੰ ਰਸਾਂ ਦਾ ਵੱਡਾ ਭੋਗੀ ਹੈਂ। ਤੂੰ ਵਾਸ਼ਨਾ ਰਹਿਤ ਹੈਂ ਅਤੇ ਸਮਾਧੀ ਲਾ ਕੇ ਜੁੜਨ ਵਾਲਾ ਵੀ ਤੂੰ ਹੀ ਹੈਂ। ਤੇਰੇ ਘਰ ਵਿਚ ਹੀ ਸਾਰੇ ਸੁੱਖ ਸੁਭਾਵਕ ਹੀ ਮੌਜੂਦ ਹਨ, ਤੇਰੀ ਮੇਹਰ ਦੀ ਨਜਰ ਵਿਚੋਂ ਅੰਮ੍ਰਿਤ ਵਰ੍ਹਦਾ ਹੈ।੭। (ਹੇ ਪ੍ਰਭੂ!) ਤੇਰੀ ਭਗਤੀ ਦੀ ਦਾਤ ਤੇਰੇ ਪਾਸੋਂ ਹੀ ਪ੍ਰਾਪਤ ਹੁੰਦੀ ਹੈ। ਤੂੰ ਸਾਰੇ ਲੋਕਾਂ ਵਿਚ ਸਾਰੇ ਜੀਵਾਂ ਨੂੰ ਦਾਨ ਦੇਂਦਾ ਹੈਂ। ਤੇਰੇ ਭਰੇ ਹੋਏ ਭੰਡਾਰਿਆਂ ਵਿਚ ਕਿਸੇ ਚੀਜ ਦੀ ਤੋਟ ਨਹੀਂ ਆਉਂਦੀ, (ਜੀਵ ਤੇਰੇ ਪਾਸੋਂ ਦਾਨ ਲੈ ਕੇ) ਮਨ ਕਰਕੇ ਰੱਜੇ ਰਹਿੰਦੇ ਹਨ ਅਤੇ ਸਰੀਰ ਕਰਕੇ ਵੀ ਰੱਜ ਜਾਂਦੇ ਹਨ।੮। (ਹੇ ਪ੍ਰਭੂ! ਤੇਰੇ ਪਾਸੋਂ) ਸਾਧਨਾ ਕਰਨ ਵਾਲੇ ਸਿੱਧ ਅਤੇ ਜੰਗਲਾਂ ਵਿਚ ਵਸਣ ਵਾਲੇ ਸਾਧੂ ਦਾਨ ਮੰਗਦੇ ਹਨ। ਜਤੀ, ਸਤੀ ਅਤੇ ਸੁਖ ਵਿਚ ਵਸਣ ਵਾਲੇ ਮਨੁੱਖ ਤੇਰੇ ਪਾਸੋਂ ਮੰਗਦੇ ਹਨ। ਤੂੰ ਇਕੋ ਹੀ ਦਾਤਾ ਹੈਂ, ਹੋਰ ਸਾਰਾ (ਜਗਤ ਤੇਰੇ ਦਰ ਤੋਂ) ਮੰਗਣ ਵਾਲਾ ਹੈ, ਤੂੰ ਸਾਰੀ ਸ੍ਰਿਸਟੀ ਨੂੰ ਦਾਨ ਦੇਂਦਾ ਹੈਂ।੯। (ਹੇ ਭਾਈ! ਅਨੇਕਾਂ ਭਗਤ) ਪ੍ਰਭੂ ਦੀ ਭਗਤੀ ਕਰਦੇ ਹਨ ਅਤੇ ਉਸ ਨਾਲ ਬਹੁਤ ਪ੍ਰੇਮ ਕਰਦੇ ਹਨ। (ਉਹ) ਇਕ ਖਿਨ ਵਿਚ ਦੁਨੀਆਂ ਨੂੰ ਪੈਦਾ ਕਰਕੇ ਨਾਸ਼ ਕਰ ਦੇਣ ਵਾਲਾ ਹੈਂ। ਉਹ ਮਾਲਕ ਬੇਅੰਤ ਹੈ, ਉਸ ਦੀ ਤਾਕਤ ਦਾ ਵਜਨ ਬਹੁਤ ਭਾਰਾ ਹੈ, ਪ੍ਰਭੂ ਦਾ ਹੁਕਮ ਮੰਨ ਕੇ ਹੀ ਭਗਤ ਬਣੀਦਾ ਹੈ।੧੦। (ਹੇ ਪ੍ਰਭੂ! ਗੁਰੂ ਰੂਪ ਹੋ ਕੇ) ਜਿਸ ਮਨੁੱਖ ਨੂੰ ਤੂੰ ਦਰਸ਼ਨ ਦੇਂਦਾ ਹੈ, ਉਹ ਤੈਨੂੰ ਜਾਣਦਾ ਹੈ। ਉਹ ਗੁਰੂ ਦੇ ਸ਼ਬਦ ਦੁਆਰਾ ਸਦਾ ਅਨੰਦ ਮਾਣਦਾ ਹੈ। ਉਹੀ ਚਤਰ, ਸੋਹਣੇ ਰੂਪ ਵਾਲਾ ਤੇ ਸਿਆਣਾ ਮਨੁੱਖ ਹੈ, ਜੋ ਤੇਰੇ ਮਨ ਵਿਚ ਚੰਗਾ ਲਗਦਾ ਹੈ।੧੧। ਹੇ ਪ੍ਰਭੂ! ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਹ (ਦੁਨੀਆਂ ਵੱਲੋਂ) ਬੇਪ੍ਰਵਾਹ ਹੋ ਜਾਂਦਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਹ ਸੱਚਾ ਸ਼ਾਹ ਹੈ। ਜਿਸ ਮਨੁੱਖ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੂੰ ਡਰ ਕਾਹਦਾ? (ਤੈਨੂੰ ਚੇਤੇ ਕਰਨ ਤੋਂ ਬਿਨਾ ਉਸ ਨੇ) ਹੋਰ ਕਰਨਾ ਕੀ ਹੈ? (ਕੁਛ ਨਹੀਂ ਕਰਨਾ ਹੈ)।੧੨।

ਪਦਾਰਥ = ਵਡ ਰਸੀਆ–ਵੱਡਾ ਰਸ ਮਾਨਣ ਵਾਲਾ। ਭੋਗੀ–ਪਦਾਰਥਾਂ ਨੂੰ ਭੋਗਣ ਵਾਲਾ। ਨਿਰਬਾਣੁ–ਵਾਸ਼ਨਾ ਰਹਿਤ; ਨਿਰਲੇਪ। ਜੋਗੀ –ਜੁੜਿਆ ਹੋਇਆ; ਵਿਰੱਕਤ। ਸਰਬ ਸੂਖ–ਸਾਰੇ ਸੁੱਖ। ਸਹਜ–ਸੁਭਾਵਕ ਹੀ। ਘਰਿ–ਘਰ ਵਿਚ। ਅਮਿਉ–ਅੰਮ੍ਰਿਤ। ਦ੍ਰਿਸਟੀਜਾ ਹੇ– ਦ੍ਰਿਸ਼ਟੀ (ਨਜਰ) ਵਿਚ ਹੈ।੭। ਤੁਝੈ ਤੇ–ਤੇਰੇ ਪਾਸੋਂ ਹੀ। ਦੇਹਿ–ਤੂੰ ਦੇਂਦਾ ਹੈਂ। ਸਭਸੈ ਜੰਤ–ਸਾਰੇ ਜੀਵਾਂ ਨੂੰ। ਲੋਐ–ਲੋਕਾਂ (ਤਬਕਾਂ) ਵਿਚ। ਤੋਟਿ–ਘਾਟਾ। ਪੂਰ ਭੰਡਾਰੈ–ਭਰੇ ਹੋਏ ਭੰਡਾਰਿਆਂ ਵਿਚ। ਤ੍ਰਿਪਤਿ ਰਹੇ–ਰੱਜੇ ਰਹਿੰਦੇ ਹਨ। ਆਘੀਜਾ ਹੇ–ਰੱਜ ਜਾਂਦੇ ਹਨ।੮। ਜਾਚਹਿ–ਮੰਗਦੇ ਹਨ। ਸਿਧ–ਜੋਗ ਸਾਧਨ ਕਰਨ ਵਾਲੇ ਪੂਰਨ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਬਨਵਾਸੀ–ਜੰਗਲਾਂ ਵਿਚ ਵਸਣ ਵਾਲੇ ਸਾਧੂ। ਜਤੀ–ਕਾਮ ਵਾਸ਼ਨਾ ਨੂੰ ਵਸ ਕਰਨ ਦਾ ਜਤਨ ਕਰਨ ਵਾਲੇ ਮਨੁੱਖ। ਸਤੀ–ਦਾਨੀ; ਸਤਵਾਦੀ ਮਨੁੱਖ। ਸੁਖਵਾਸੀ– ਸੁੱਖ ਵਿਚ ਵਸਣ ਵਾਲੇ ਮਨੁੱਖ। ਸਗਲ–ਸਾਰਾ ਜਗਤ। ਜਾਚਿਕ–ਮੰਗਣ ਵਾਲਾ। ਸ੍ਰਿਸਟੀਜਾ–ਸ੍ਰਿਸਟੀ ਨੂੰ।੯। ਕਰਹਿ–ਕਰਦੇ ਹਨ। ਅਰੁ–ਅਤੇ। ਰੰਗ ਅਪਾਰਾ–ਬਹੁਤ ਪ੍ਰੇਮ। ਖਿਨ ਮਹਿ–ਇਕ ਖਿਨ ਵਿਚ। ਥਾਪਿ–ਪੈਦਾ ਕਰਕੇ। ਉਥਾਪਨਹਾਰਾ–ਨਾਸ਼ ਕਰਨ ਵਾਲਾ ਹੈ। ਭਾਰੋ ਤੋਲੁ–ਵਜਨ ਭਾਰਾ ਹੈ। ਸੁਆਮੀ–ਮਾਲਕ ਪ੍ਰਭੂ। ਮੰਨਿ–ਮੰਨ ਕੇ। ਭਗਤੀਜਾ ਹੇ–ਭਗਤ ਬਣੀਦਾ ਹੈ।੧੦। ਸੋਈ–ਉਹ ਹੀ। ਤੁਧੁ– ਤੈਨੂੰ। ਕੈ ਸਬਦਿ–ਦੇ ਸ਼ਬਦ ਦੁਆਰਾ। ਰੰਗ–ਅਨੰਦ। ਮਾਣੈ–ਮਾਣਦਾ ਹੈ। ਚਤੁਰ–(ਵਿਕਾਰਾਂ ਤੋਂ ਬਚਣ ਲਈ) ਚਤਰ ਰਹਿਣਾ। ਸਰੂਪੁ –ਸੋਹਣੇ ਰੂਪ ਵਾਲਾ। ਮਨਿ–ਮਨ ਵਿਚ। ਭਾਵੀਜਾ ਹੇ–ਚੰਗਾ ਲਗਦਾ ਹੈ।੧੧। ਚੀਤਿ–ਚੇਤੇ; ਚਿੱਤ ਵਿਚ। ਆਵਹਿ–ਤੂੰ ਆਉਂਦਾ ਹੈਂ। ਵੇਪਰਵਾਹਾ–ਇੱਛਾ ਰਹਿਤ; ਨਿਡਰ; ਬੇਮੁਤਾਜ। ਸਾਹਾ–ਸ਼ਾਹ (ਧਨਾਢ)। ਭਉ ਕੇਹਾ–ਡਰ ਕਾਹਦਾ? ਸੋ–ਉਹ। ਅਵਰੁ–ਹੋਰ। ਕਹਾ ਕੀਜਾ ਹੇ–ਕੀ ਕਰਨਾ ਹੈ? (ਨਾਮ ਸਿਮਰਨ ਤੋਂ ਬਿਨਾ ਕੁਛ ਨਹੀਂ ਕਰਨਾ)।੧੨।

ਤ੍ਰਿਸਨਾ ਬੂਝੀ ਅੰਤਰੁ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥ ਸੁਰਤਿ ਸਬਦੁ ਰਿਦ ਅੰਤਰਿ ਜਾਗੀ, ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥ ਮਰੈ ਨਾਹੀ ਸਦ ਸਦ ਹੀ ਜੀਵੈ ॥ ਅਮਰੁ ਭਇਆ ਅਬਿਨਾਸੀ ਥੀਵੈ ॥ ਨਾ ਕੋ ਆਵੈ ਨਾ ਕੋ ਜਾਵੈ, ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ ਚੜੈ ਸਵਾਇਆ ਨਿਤ ਨਿਤ ਰੰਗਾ, ਘਟੈ ਨਾਹੀ ਤੋਲੀਜਾ ਹੇ ॥੧੫॥ ਬਾਰਹਾ ਕੰਚਨੁ ਸੁਧੁ ਕਰਾਇਆ ॥ ਨਦਰਿ ਸਰਾਫ ਵੰਨੀ ਸਚੜਾਇਆ ॥ ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥ ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ ਨਾਨਕ ਦਾਸ ਸਦਾ ਕੁਰਬਾਨੀ ॥ ਸੰਤ ਸੰਗਿ ਮਹਾ ਸੁਖੁ ਪਾਇਆ, ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥(ਹੇ ਭਾਈ! ਜਿਸ ਮਨੁੱਖ ਦੀ) ਤ੍ਰਿਸ਼ਨਾ ਦੀ ਅੱਗ ਬੁਝ ਗਈ ਹੈ, (ਉਸ ਦਾ) ਹਿਰਦਾ ਠੰਢਾ (ਸ਼ਾਂਤ) ਹੋ ਗਿਆ ਹੈ। ਪੂਰੇ ਗੁਰੂ ਨੇ ਪ੍ਰਭੂ ਤੋਂ ਟੁੱਟੇ ਹੋਏ (ਉਸ ਦੇ) ਮਨ ਨੂੰ ਲੈ ਕੇ ਮੁੜ ਪ੍ਰਭੂ ਨਾਲ ਜੋੜ ਦਿਤਾ ਹੈ। ਗੁਰੂ ਦੇ ਸ਼ਬਦ ਨੂੰ ਸੁਰਤ ਵਿਚ ਟਿਕਾਉਣ ਦੀ ਸੂਝ (ਉਸ ਦੇ) ਹਿਰਦੇ ਅੰਦਰ ਜਾਗ ਪਈ ਹੈ ਅਤੇ (ਉਹ) ਵਿਸ਼ੇ ਵਿਕਾਰਾਂ ਦੇ ਬੂਰ ਨੂੰ ਹਟਾ ਕੇ ਬੜੇ ਸੁਆਦ ਨਾਲ ਨਾਮ ਅੰਮ੍ਰਿਤ ਪੀਂਦਾ ਹੈ।੧੩। (ਹੇ ਭਾਈ! ਉਹ ਮਨੁੱਖ) ਮਰਦਾ ਨਹੀਂ, ਸਦਾ ਸਦਾ ਹੀ ਜਿਉਂਦਾ ਹੈ। (ਉਹ) ਅਮਰ ਹੋ ਗਿਆ ਹੈ ਅਤੇ (ਉਹ) ਨਾਸ਼ ਰਹਿਤ ਜੀਵਨ ਵਾਲਾ ਹੋ ਜਾਂਦਾ ਹੈ। (ਉਹ ਦੀ ਨਜਰ ਵਿਚ) ਨਾ ਕੋਈ ਆਉਂਦਾ (ਜੰਮਦਾ) ਹੈ ਨਾ ਕੋਈ ਜਾਂਦਾ (ਮਰਦਾ) ਹੈ, ਗੁਰੂ ਨੇ ਉਸ ਦਾ ਭਰਮ ਦੂਰ ਕਰ ਦਿਤਾ ਹੈ।੧੪। (ਹੇ ਭਾਈ!) ਪੂਰੇ ਗੁਰੂ ਦੀ ਬਾਣੀ ਪੂਰਨ ਹੈ। (ਜੋ ਮਨੁੱਖ ਗੁਰੂ ਦੀ ਬਾਣੀ ਦੁਆਰਾ) ਪੂਰੇ ਪ੍ਰਭੂ ਨਾਲ ਲੱਗਾ ਹੋਇਆ ਹੈ, (ਉਸ ਦੀ ਬਿਰਤੀ) ਪੂਰੇ ਪ੍ਰਭੂ ਵਿਚ ਲੀਨ ਹੋਈ ਰਹਿੰਦੀ ਹੈ। (ਉਸ ਦੇ ਮਨ ਵਿਚ) ਪ੍ਰਭੂ ਦੇ ਨਾਮ ਸਿਮਰਨ ਦਾ ਵਧੀਕ ਰੰਗ ਚੜ੍ਹ ਜਾਂਦਾ ਹੈ, ਜੋ ਤੋਲਿਆਂ ਕਦੇ ਘਟਦਾ ਨਹੀਂ।੧੫। (ਹੇ ਭਾਈ! ਜਦੋਂ ਸੁਨਿਆਰੇ ਕੋਲੋਂ) ਬਾਰਾਂ ਵੇਰੀ ਅੱਗ ਦਾ ਸੇਕ ਦੇ ਕੇ ਸੋਨਾ ਸ਼ੁੱਧ ਕਰਾਇਆ। (ਫਿਰ ਉਹ ਸੋਨਾ) ਸਰਾਫ ਦੀ ਨਜਰ (ਪਰਖ) ਵਿਚ ਸੱਚੀ ਵੰਨੀ ਵਾਲਾ ਭਾਵ ਸ਼ੁੱਧ ਤੇ ਚਮਕਦੇ ਰੰਗ ਵਾਲਾ ਸਾਬਤ ਹੋਇਆ ਹੈ। (ਜਿਹੜਾ ਸੋਨਾ) ਸਰਾਫ ਨੇ ਪਰਖ ਕੇ ਅਪਣੇ ਖਜਾਨੇ ਵਿਚ ਪਾ ਲਿਆ ਹੈ, ਫਿਰ (ਉਸ ਨੂੰ ਭੱਠੀ ਵਿਚ ਪਾ ਕੇ ਮੁੜ) ਤਪਾਇਆ ਨਹੀਂ ਜਾਂਦਾ (ਜਿਸ ਮਨੁੱਖ ਨੇ ਪ੍ਰਭੂ ਦੇ ਨਾਮ ਸਿਮਰਨ ਰਾਹੀਂ ਵਿਸ਼ੇ ਵਿਕਾਰਾਂ ਦੀ ਮੈਲ ਲਾਹ ਕੇ ਮਨ ਪਵਿਤ੍ਰ ਕਰ ਲਿਆ, ਉਹ ਮਨੁੱਖ ਸਤਿਗੁਰੂ ਸਰਾਫ ਦੀ ਨਿਗ੍ਹਾ (ਪਰਖ) ਵਿਚ ਪੂਰਾ ਉਤਰ ਗਿਆ ਹੈ, ਕਿਉਂਕਿ ਉਸ ਨੂੰ ਨਾਮ ਦਾ ਸੱਚਾ ਰੰਗ ਚੜ੍ਹ ਗਿਆ ਹੈ। ਗੁਰੂ ਸਰਾਫ ਨੇ ਪਰਖ ਕੇ ਅਪਣੇ ਖਜਾਨੇ ਵਿਚ ਪਾ ਲਿਆ ਭਾਵ ਸੰਗਤ ਵਿਚ ਰਲਾ ਲਿਆ, ਮੁੜ ਕੇ ਉਹ ਆਵਾਗਉਣ ਦੀ ਭੱਠੀ ਵਿਚ ਨਹੀਂ ਤਪਾਇਆ ਜਾਂਦਾ)।੧੬। ਹੇ ਮਾਲਕ ਪ੍ਰਭੂ! ਤੇਰਾ ਨਾਮ ਅੰਮ੍ਰਿਤ (ਮੌਤ ਰਹਿਤ ਕਰਨ ਵਾਲਾ) ਹੈ। (ਤੇਰਾ) ਦਾਸ ਨਾਨਕ (ਉਸ ਨਾਮ ਤੋਂ) ਸਦਾ ਕੁਰਬਾਨ ਜਾਂਦਾ ਹੈ। ਸੰਤਾਂ

ਦੀ ਸੰਗਤ ਵਿਚ ਰਹਿ ਕੇ ਮੈਂ ਮਹਾਨ ਸੁਖ ਪਾਇਆ ਹੈ, ਤੇਰਾ ਦਰਸ਼ਨ ਦੇਖ ਕੇ ਮੇਰਾ ਇਹ ਮਨ ਖੁਸ਼ ਹੋ ਗਿਆ ਹੈ।੧੭।੧।੩।

ਵੰਨੀਸ ਚੜਾਇਆ = (ਦਰਪਣ; ਮ.ਕੋ. ; ਟਕਸਾਲ; ਸੰ.ਸ.) ਸੋਹਣੇ ਰੰਗ ਵਾਲਾ ਸੋਨਾ ਸਰਾਫ ਦੀ ਨਜਰ ਵਿਚ ਚੜ੍ਹ ਜਾਂਦਾ ਹੈ ਭਾਵ ਪ੍ਰਵਾਨ ਹੋ ਜਾਂਦਾ ਹੈ (ਦਰਪਣ)।ਵੰਨੀਸ-ਕਸੌਟੀ, ਜਿਸ ਨਾਲ ਸੋਨਾ ਪਰਖੀਦਾ ਹੈ (ਮ.ਕੋ.)।

ਪਦਾਰਥ = ਬੂਝੀ-ਬੁਝ ਗਈ।ਅੰਤਰੁ-ਹਿਰਦਾ।ਗੁਰਿ ਪੂਰੈ-ਪੂਰੇ ਗੁਰੂ ਨੇ।ਲੈ ਤੂਟਾ-ਤੁੱਟੇ ਹੋਏ ਨੂੰ ਲੈ ਕੇ।ਗੰਢਾ-ਜੋੜ ਦਿਤਾ।ਸੁਰਤਿ -ਸੁਰਤ ਵਿਚ।ਰਿਦ ਅੰਤਰਿ-ਹਿਰਦੇ ਅੰਦਰ।ਜਾਗੀ-ਜਾਗ ਪਈ।ਅਮਿਉ-ਨਾਮ ਅੰਮ੍ਰਿਤ।ਝੋਲਿ ਝੋਲਿ-ਹਟਾ ਕੇ; ਸੁਆਦ ਨਾਲ। ਪੀਜਾ ਹੇ-ਪੀਂਦਾ ਹੈ।੧੩।ਸਦ ਸਦ ਹੀ-ਸਦਾ ਸਦਾ ਹੀ।ਜੀਵੈ-ਜਿਉਂਦਾ ਹੈ।ਅਮਰੁ ਭਇਆ-ਮੌਤ ਰਹਿਤ ਹੋ ਗਿਆ ਹੈ।ਅਬਿਨਾਸੀ -ਨਾਸ਼ ਰਹਿਤ ਜੀਵਨ ਵਾਲਾ।ਥੀਵੈ-ਹੋ ਜਾਂਦਾ ਹੈ।ਕੋ-ਕਈ।ਆਵੈ-ਆਉਂਦਾ (ਜੰਮਦਾ ਹੈ)।ਜਾਵੈ-ਜਾਂਦਾ (ਮਰਦਾ) ਹੈ।ਭਰਮੀਜਾ-ਭਰਮ।੧੪।ਪੂਰੈ ਲਾਗਾ-ਪੂਰਨ ਪ੍ਰਭੂ ਨਾਲ ਲੱਗਾ (ਜੁੜਿਆ) ਹੈ।ਪੂਰੇ ਮਾਹਿ-ਪੂਰੇ ਪ੍ਰਭੂ ਵਿਚ।ਸਮਾਣੀ-ਲੀਨ ਹੋਈ ਰਹਿੰਦੀ ਹੈ। ਚੜੈ ਸਵਾਇਆ-ਬਹੁਤਾ ਚੜ੍ਹਦਾ ਹੈ।ਤੋਲੀਜਾ-ਤੋਲਿਆਂ।੧੫।ਬਾਰਹਾ ਕੰਚਨੁ ਸੁਧੁ-ਬਾਰਾਂ ਵਾਰੀ ਅੱਗ ਦਾ ਸੇਕ ਦੇ ਕੇ ਸ਼ੁੱਧ ਕੀਤਾ ਸੋਨਾ।ਨਦਰਿ ਸਰਾਫ-ਸਰਾਫ ਦੀ ਨਜਰ (ਪਰਖ) ਵਿਚ।ਵੰਨੀ ਸਚੜਾਇਆ-ਸੱਚੀ ਵੰਨੀ (ਸੋਹਣੇ ਰੰਗ) ਵਾਲਾ।ਪਰਖਿ-ਪਰਖ ਕੇ ।ਖਜਾਨੈ-ਖਜਾਨੇ ਵਿਚ।ਸਰਾਫੀ-ਸਰਾਫ ਨੇ।ਫਿਰਿ-ਮੁੜ ਕੇ।ਨਾਹੀ ਤਾਈਜਾ-ਤਪਾਇਆ ਨਹੀਂ ਜਾਂਦਾ।੧੬।ਸੁਆਮੀ-ਹੇ ਮਾਲਕ ਪ੍ਰਭੂ !।ਕੁਰਬਾਨੀ-ਕੁਰਬਾਨ ਜਾਂਦਾ ਹੈ।ਸੰਤ ਸੰਗਿ-ਸੰਤਾਂ ਦੀ ਸੰਗਤ ਵਿਚ।ਭੀਜਾ-ਖੁਸ਼ ਹੋਇਆ ਹੈ।੧੭।੧।੩।

ਮਾਰੂ ਮਹਲਾ ੫ ਸੋਲਹੇ ੴ ਸਤਿਗੁਰ ਪ੍ਰਸਾਦਿ ॥ ਗੁਰੁ ਗੋਪਾਲੁ ਗੁਰੁ ਗੋਵਿੰਦਾ ॥ ਗੁਰੁ ਦਇਆਲੁ ਸਦਾ ਬਖਸਿੰਦਾ ॥ ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ, ਗੁਰੁ ਪਵਿਤ੍ਰੁ ਅਸਥਾਨਾ ਹੇ ॥੧॥ (ਹੇ ਭਾਈ !) ਗੁਰੂ ਗੋਪਾਲ ਰੂਪ ਹੈ, ਗੁਰੂ ਹੀ ਗੋਬਿੰਦ ਰੂਪ ਹੈ।ਗੁਰੂ ਦਇਆ ਦਾ ਘਰ ਹੈ ਅਤੇ ਸਦਾ ਬਖਸ਼ਿਸ਼ ਕਰਨ ਵਾਲਾ ਹੈ।(ਸਿੱਖਾਂ ਵਾਸਤੇ) ਗੁਰੂ ਹੀ ਸ਼ਾਸ਼ਤ੍ਰ ,ਗੁਰੂ ਸਿਮ੍ਰਤੀਆਂ ਹੈ, ਗੁਰੂ ਦੀ ਸੇਵਾ ਹੀ ਛੇ ਕਰਮ ਰੂਪ ਹੈ ਅਤੇ ਗੁਰੂ ਪਵਿਤ੍ਰ (ਤੀਰਥ) ਅਸਥਾਨ ਹੈ।੧।

ਅੰਗ ੧੦੭੫ = ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥ ਗੁਰੁ ਸਿਮਰਤ ਮਨੁ ਨਿਰਮਲੁ ਹੋਵੈ, ਗੁਰੁ ਕਾਟੇ ਅਪਮਾਨਾ ਹੇ ॥੨॥ ਗੁਰ ਕਾ ਸੇਵਕੁ ਨਰਕਿ ਨ ਜਾਏ ॥ ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥ ਗੁਰ ਕਾ ਸੇਵਕੁ ਸਾਧ ਸੰਗੁ ਪਾਏ, ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥ ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ ਕਲਿ ਕਲੇਸ ਮਿਟਾਏ ਸਤਿਗੁਰੁ ,ਹਰਿ ਦਰਗਹ ਦੇਵੈ ਮਾਨਾਂ ਹੇ ॥੪॥ ਅਗਮੁ ਅਗੋਚਰੁ ਗੁਰੂ ਦਿਖਾਇਆ ॥ ਭੂਲਾ ਮਾਰਗਿ ਸਤਿਗੁਰਿ ਪਾਇਆ ॥ ਗੁਰਿ ਸੇਵਕ ਕਉ ਬਿਘਨੁ ਨ ਭਗਤੀ, ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ ॥੫॥ (ਹੇ ਭਾਈ !) ਗੁਰੂ ਨੂੰ ਸਿਮਰਦਿਆਂ ਸਾਰੇ ਪਾਪ ਨਾਸ਼ ਹੋ ਜਾਂਦੇ ਹਨ।ਗੁਰੂ ਨੂੰ ਸਿਮਰਦਿਆਂ ਮਨੁੱਖ ਜਮਾਂ ਦੀ ਸੰਗਤ ਵਿਚ ਨਹੀਂ ਫਸਦੇ।ਗੁਰੂ ਨੂੰ ਸਿਮਰਦਿਆਂ ਮਨ ਪਵਿਤ੍ਰ ਹੋ ਜਾਂਦਾ ਹੈ ਅਤੇ ਗੁਰੂ ਹੰਕਾਰ ਕੱਟ ਦਿੰਦਾ ਹੈ; ਨਿਰਾਦਰ ਕੱਟ ਦਿੰਦਾ ਹੈ (ਲੋਕ ਪ੍ਰਲੋਕ ਵਿਚ ਨਿਰਾਦਰ ਨਹੀਂ ਹੋਣ ਦਿੰਦਾ)।੨।(ਹੇ ਭਾਈ !) ਗੁਰੂ ਦਾ ਸੇਵਕ ਨਰਕ ਵਿਚ ਨਹੀਂ ਜਾਂਦਾ।ਗੁਰੂ ਦਾ ਸੇਵਕ ਪਾਰਬ੍ਰਹਮ ਨੂੰ ਧਿਆਉਂਦਾ ਹੈ।ਗੁਰੂ ਦਾ ਸੇਵਕ ਸਾਧ ਸੰਗਤ ਪ੍ਰਾਪਤ ਕਰਦਾ ਹੈ, ਗੁਰੂ (ਅਪਣੇ ਸੇਵਕਾਂ ਨੂੰ) ਨਿੱਤ ਆਤਮਕ ਜੀਵਨ ਦਾ ਦਾਨ ਬਖਸ਼ਿਸ਼ ਕਰਦਾ ਹੈ।੩।(ਹੇ ਭਾਈ !) ਗੁਰੂ ਦੇ ਦਰ ਤੇ ਬੈਠ ਕੇ ਹਰੀ ਦਾ ਕੀਰਤਨ ਸੁਣਨਾ ਚਾਹੀਦਾ ਹੈ।ਸਤਿਗੁਰੂ ਨੂੰ ਮਿਲ ਕੇ ਮੂੰਹ ਨਾਲ ਹਰੀ ਦਾ ਜਸ ਉਚਾਰਨ ਕਰਨਾ ਚਾਹੀਦਾ ਹੈ।ਸਤਿਗੁਰੂ (ਮਨੁੱਖ ਦੇ ਸਾਰੇ) ਝਗੜੇ ਤੇ ਕਲੇਸ਼ ਮਿਟਾ ਦੇਂਦਾ ਹੈ ਅਤੇ (ਮਨੁੱਖ ਨੂੰ) ਹਰੀ ਦੀ ਦਰਗਾਹ ਵਿਚ ਆਦਰ ਦੇਂਦਾ ਹੈ।੪।(ਹੇ ਭਾਈ ! ਅਪਣੇ ਸੇਵਕਾਂ ਨੂੰ) ਗੁਰੂ ਨੇ ਪ੍ਰਭੂ ਦਿਖਾ ਦਿਤਾ ਹੈ, ਜੋ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ।(ਜਿਹੜਾ ਸੇਵਕ ਪ੍ਰਭੂ ਨੂੰ) ਭੁੱਲਿਆ ਹੋਇਆ ਸੀ, (ਉਸ ਨੂੰ) ਸਤਿਗੁਰੂ ਨੇ (ਪ੍ਰਭੂ ਦੀ ਪ੍ਰਾਪਤੀ ਵਾਲੇ) ਰਸਤੇ ਤੇ ਪਾ ਦਿਤਾ ਹੈ।ਗੁਰੂ ਦੇ ਸੇਵਕਾਂ ਨੂੰ ਭਗਤੀ ਦੇ ਕਾਰਣ ਬਿਘਨ ਨਹੀਂ ਪੈਂਦਾ, (ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਗੁਰੂ ਨੇ) ਹਰੀ ਦਾ ਪੂਰਾ ਗਿਆਨ ਦ੍ਰਿੜ ਕਰਾ ਦਿਤਾ ਹੈ ੫।

ਪਦਾਰਥ = ਗੋਪਾਲੁ-ਸ੍ਰਿਸਟੀ ਦੀ ਪਾਲਣਾ ਕਰਨ ਵਾਲਾ।ਗੋਵਿੰਦਾ-ਗਿਆਨ ਕਰਕੇ ਪ੍ਰਾਪਤ ਹੋਣ ਯੋਗ ਪ੍ਰਭੂ।ਦਇਆਲੁ-ਦਇਆ ਦਾ ਘਰ।ਬਖਸਿੰਦਾ-ਬਖਸ਼ਿਸ਼ ਕਰਨ ਵਾਲਾ।ਸਾਸਤ-ਸ਼ਾਸਤ੍ਰ।ਖਟੁ ਕਰਮਾ-ਛੇ ਧਾਰਮਕ ਕਰਮ (ਯਗ, ਹੋਮ, ਇਸ਼ਨਾਨ, ਸੰਧਿਆ,

ਅਤਿਥ ਪੂਜਾ ਅਤੇ ਦੇਵ ਅਰਚਾ)।ਅਸਥਾਨਾ-ਤੀਰਥ ਅਸਥਾਨ।੧।ਸਿਮਰਤ-ਸਿਮਰਦਿਆਂ।ਕਿਲਵਿਖ-ਪਾਪ।ਨਾਸਹਿ-ਨਾਸ਼ ਹੋ ਜਾਂਦੇ ਹਨ; ਨੱਸ ਜਾਂਦੇ ਹਨ।ਜਮ ਸੰਗਿ-ਜਮਾਂ ਦੀ ਸੰਗਤ ਵਿਚ।ਨ ਫਾਸਹਿ-ਨਹੀਂ ਫਸਦੇ।ਅਪਮਾਨਾ-ਹੰਕਾਰ; ਨਿਰਾਦਰ।੨।ਨਰਕਿ -ਨਰਕ ਵਿਚ।ਨ ਜਾਏ-ਨਹੀਂ ਜਾਂਦਾ।ਧਿਆਏ-ਧਿਆਉਂਦਾ ਹੈ।ਪਾਏ-ਪ੍ਰਾਪਤ ਕਰਦਾ ਹੈ।ਨਿਤ-ਹਰ ਰੋਜ; ਸਦਾ।ਜੀਅ ਦਾਨਾ-ਆਤਮਕ ਜੀਵਨ ਦਾ ਦਾਨ।੩।ਗੁਰ ਦੁਆਰੈ-ਗੁਰੂ ਦੇ ਦਰ ਤੇ।ਭੇਟਿ-ਮਿਲ ਕੇ।ਮੁਖਿ-ਮੂੰਹ ਨਾਲ।ਭਣੀਐ-ਉਚਾਰਨਾ ਚਾਹੀਦਾ ਹੈ ।ਕਲਿ-ਝਗੜੇ।ਮਾਨਾਂ ਹੇ-ਆਦਰ ਦੇਂਦਾ ਹੈ।੪।ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ-ਇੰਦ੍ਰੀਆਂ ਦੇ ਵਿਸ਼ਿਆਂ ਤੋਂ ਰਹਿਤ।ਸਤਿਗੁਰਿ-ਸਤਿਗੁਰੂ ਨੇ।ਮਾਰਗਿ-ਰਸਤੇ ਤੇ।ਭਗਤੀ-ਭਗਤੀ ਦੇ ਕਾਰਨ।ਦ੍ਰਿੜਾਇਆ-ਦ੍ਰਿੜ ਕਰਾ ਦਿਤਾ।ਪੂਰ-ਪੂਰਾ।੫।

ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥ ਜਲਿ ਥਲਿ ਪੂਰਿ ਰਹਿਆ ਗੋਸਾਈ ॥ ਊਚ ਊਨ ਸਭ ਏਕ ਸਮਾਨਾਂ, ਮਨਿ ਲਾਗਾ ਸਹਜਿ ਧਿਆਨਾ ਹੇ ॥੬॥ ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ ਗੁਰਿ ਮਿਲਿਐ ਨਹ ਜੋਹੈ ਮਾਈ ॥ ਸਤੁ ਸੰਤੋਖੁ ਦੀਆ ਗੁਰਿ ਪੂਰੈ, ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥ ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ ਆਪਿ ਸੁਣੀ ਤੈ ਆਪਿ ਵਖਾਣੀ ॥ ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ,ਤਿਨ ਪਾਇਆ ਨਿਹਚਲ ਥਾਨਾਂ ਹੇ ॥੮॥ ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥ ਸਾਧੂ ਧੂਰਿ ਜਾਚਹਿ ਜਨ ਤੇਰੇ, ਨਾਨਕ ਸਦ ਕੁਰਬਾਨਾਂ ਹੇ ॥੯॥੧॥੪॥ (ਹੇ ਭਾਈ!) ਗੁਰੂ ਨੇ (ਅਪਣੇ ਸੇਵਕਾਂ ਨੂੰ) ਸਾਰੇ ਥਾਂਵਾਂ ਵਿਚ ਪ੍ਰਭੂ ਵਸਦਾ ਦਿਖਾ ਦਿਤਾ ਹੈ।ਪ੍ਰਭੂ ਮਾਲਕ ਜਲਾਂ ਵਿਚ ਥਲਾਂ ਵਿਚ ਵਿਆਪਕ ਹੋ ਰਿਹਾ ਹੈ।ਉਚੇ ਤੇ ਖਾਲੀ ਸਭ ਥਾਂਵਾਂ ਵਿਚ; ਉਚੇ ਮਨੁੱਖਾਂ ਤੇ ਨੀਵੇਂ ਮਨੁੱਖਾਂ ਵਿਚ ਪ੍ਰਭੂ ਇਕੋ ਜਿਹਾ ਵਿਆਪਕ ਹੈ, ਮੇਰੇ ਮਨ ਵਿਚ ਸਹਜੇ ਹੀ (ਉਸ ਦਾ) ਧਿਆਨ ਲਗ ਗਿਆ ਹੈ।੬।(ਹੇ ਭਾਈ!) ਗੁਰੂ ਦੇ ਮਿਲਿਆਂ (ਮਨੁੱਖ) ਤ੍ਰਿਸ਼ਨਾ ਦੀ ਸਾਰੀ ਅੱਗ ਬੁਝਾ ਦਿੰਦਾ ਹੈ।ਗੁਰੂ ਦੇ ਮਿਲਿਆਂ ਮਾਇਆ (ਮਨੁੱਖ ਦੇ ਮਨ ਉਤੇ) ਅਸਰ ਨਹੀਂ ਪਾ ਸਕਦੀ।ਪੂਰੇ ਗੁਰੂ ਨੇ (ਜਿਸ ਮਨੁੱਖ ਨੂੰ) ਸਤ ਸੰਤੋਖ ਆਦਿ ਗੁਣਾਂ ਦਾ ਖਜਾਨਾ ਦਿਤਾ ਹੈ, (ਉਹ ਆਪ) ਨਾਮ ਅੰਮ੍ਰਿਤ ਪੀਂਦਾ ਹੈ ਅਤੇ ਹੋਰਨਾਂ ਨੂੰ ਵੀ ਪਿਲਾਉਂਦਾ ਹੈ (ਆਪ ਜਪਦਾ ਹੈ ਅਤੇ ਹੋਰਨਾਂ ਨੂੰ ਵੀ ਜਪਾਉਂਦਾ ਹੈ)।੭।(ਹੇ ਭਾਈ!) ਗੁਰੂ ਦੀ ਬਾਣੀ ਸਭ (ਗੁਰ ਸਿੱਖਾਂ ਦੇ ਹਿਰਦੇ) ਵਿਚ ਸਮਾਈ ਹੋਈ ਹੈ।(ਜਿਸ ਗੁਰਸਿੱਖ ਨੇ ਇਹ ਬਾਣੀ ਗੁਰੂ ਪਾਸੋਂ) ਆਪ ਸੁਣੀ ਹੈ, (ਉਸ ਸਿੱਖ ਨੇ ਹੋਰਨਾਂ ਸਿੱਖਾਂ ਅੱਗੇ ਇਸ ਬਾਣੀ ਦਾ) ਵਖਿਆਨ ਕੀਤਾ ਹੈ; (ਇਹ ਬਾਣੀ) ਪ੍ਰਭੂ ਨੇ ਗੁਰੂ ਰੂਪ ਹੋ ਕੇ ਆਪ ਉਚਾਰਨ ਕੀਤੀ ਹੈ ਅਤੇ ਆਪ ਹੀ (ਗੁਰੂ ਨੇ ਸਿੱਖ ਰੂਪ ਹੋ ਕੇ) ਸੁਣੀ ਹੈ।ਜਿਸ ਜਿਸ (ਸਿੱਖ ਨੇ ਇਹ ਬਾਣੀ) ਜਪੀ ਹੈ, ਉਹ ਸਾਰੇ ਸਿੱਖ ਭਵਜਲ ਤੋਂ ਤਰ ਗਏ ਹਨ, ਉਨ੍ਹਾਂ ਨੇ ਪ੍ਰਭੂ ਦਾ ਅਚੱਲ ਅਸਥਾਨ ਪ੍ਰਾਪਤ ਕਰ ਲਿਆ ਹੈ।੮।(ਹੇ ਭਾਈ!) ਸਤਿਗੁਰੂ ਦੀ ਮਹਿਮਾ ਸਤਿਗੁਰੂ ਆਪ ਹੀ ਜਾਣਦਾ ਹੈ।(ਸਤਿਗੁਰੂ) ਜੋ ਕੁਛ ਕਰਦਾ ਹੈ, ਉਹ ਅਪਣੀ ਮਰਜੀ ਅਨੁਸਾਰ ਕਰਦਾ ਹੈ (ਸੁਤੰਤਰ ਹੈ।ਹੇ ਪ੍ਰਭੂ!) ਤੇਰੇ ਸੇਵਕ ਤੇਰੇ ਸਾਧੂਆਂ ਦੀ ਚਰਨ ਧੂੜ ਮੰਗਦੇ ਹਨ, ਨਾਨਕ ਤੇਰੇ ਸਾਧੂਆਂ ਤੋਂ ਸਦਾ ਕੁਰਬਾਨ ਜਾਂਦਾ ਹੈ।੯।੧।੪।

ਪਦਾਰਥ = ਗੁਰਿ-ਗੁਰੂ ਨੇ।ਦ੍ਰਿਸਟਾਇਆ-ਦਿਖਾਇਆ ਹੈ।ਸਭਨੀ ਠਾਈ-ਸਭ ਜਗ੍ਹਾ।ਜਲਿ-ਪਾਣੀ ਵਿਚ।ਥਲਿ-ਧਰਤੀ ਵਿਚ। ਪੂਰਿ ਰਹਿਆ-ਵਿਆਪਕ ਹੈ।ਗੋਸਾਈ-ਪ੍ਰਿਥਵੀ ਦਾ ਮਾਲਕ ਪ੍ਰਭੂ।ਊਨ-ਊਣੇ; ਖਾਲੀ।ਏਕ ਸਮਾਨਾ-ਇਕੋ ਜਿਹਾ।ਮਨਿ-ਮਨ ਵਿਚ ।ਸਹਜਿ-ਸੁਭਾਵਕ ਹੀ।੬।ਗੁਰਿ ਮਿਲਿਐ-ਗੁਰੂ ਦੇ ਮਿਲਣ ਕਰਕੇ।ਬੁਝਾਈ-ਬੁਝਾ ਦਿੰਦਾ ਹੈ।ਨਹ ਜੋਹੈ-ਅਸਰ ਨਹੀਂ ਪਾ ਸਕਦੀ। ਮਾਈ-ਮਾਇਆ।ਦੀਆ-ਦਿਤਾ ਹੈ।ਗੁਰਿ ਪੂਰੈ-ਪੂਰੇ ਗੁਰੂ ਨੇ।ਪੀ-ਪੀਂਦਾ ਹੈ।ਪਾਨਾਂ ਹੇ-(ਹੋਰਨਾਂ ਨੂੰ) ਪਿਲਾਉਂਦਾ ਹੈ।੭।ਸਭ ਮਾਹਿ-ਸਾਰੇ ਸਿਖਾਂ ਵਿਚ।ਸਮਾਣੀ-ਟਿਕੀ ਹੋਈ ਹੈ।ਤੈ-ਅਤੇ।ਵਖਾਣੀ-ਉਚਾਰੀ ਹੈ।ਜਿਨਿ-ਜਿਸ ਨੇ।ਤੇਈ ਸਭਿ-ਉਹ ਸਾਰੇ ਹੀ। ਨਿਸਤਰੇ-ਤਰ ਗਏ ਹਨ।ਤਿਨ-ਉਨ੍ਹਾਂ ਨੇ।ਨਿਹਚਲੁ ਥਾਨਾਂ-ਸਦਾ ਕਾਇਮ ਰਹਿਣ ਵਾਲਾ ਟਿਕਾਣਾ।੮।ਕਰੇ-ਕਰਦਾ ਹੈ।ਸੁ-ਉਹ। ਆਪਣ ਭਾਣੈ-ਅਪਣੀ ਮਰਜੀ ਅਨੁਸਾਰ।ਧੂਰਿ-ਚਰਨ ਧੂੜ।ਜਾਚਹਿ-ਮੰਗਦੇ ਹਨ।ਜਨ-ਸੇਵਕ।ਸਦ-ਸਦਾ।੯।੧।੪।

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥ ਸਭ ਮਹਿ ਵਰਤੈ ਆਪਿ ਨਿਰਾਰਾ ॥ ਵਰਨੁ ਜਾਤਿ ਚਿਹਨੁ ਨਹੀ ਕੋਈ, ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥ ਲਖ ਚਉਰਾਸੀਹ ਜੋਨਿ ਸਬਾਈ ॥ ਮਾਨਸ ਕਉ ਪ੍ਰਭਿ ਦੀਈ ਵਡਿਆਈ ॥ ਇਸੁ ਪਉੜੀ ਤੇ ਜੋ ਨਰੁ ਚੂਕੈ, ਸੋ ਆਇ ਜਾਇ ਦੁਖੁ ਪਾਇਦਾ ॥੨॥ ਕੀਤਾ ਹੋਵੈ ਤਿਸੁ ਕਿਆ ਕਹੀਐ ॥ ਗੁਰਮੁਖਿ ਨਾਮੁ ਪਦਾਰਥੁ ਲਹੀਐ ॥ ਜਿਸੁ ਆਪਿ ਭੁਲਾਏ ਸੋਈ ਭੂਲੈ, ਸੋ ਬੂਝੈ ਜਿਸਹਿ ਬੁਝਾਇਦਾ ॥੩॥ ਹਰਖ ਸੋਗ ਕਾ ਨਗਰੁ

ਇਹੁ ਕੀਆ ॥ ਸੇ ਉਬਰੇ ਜੋ ਸਤਿਗੁਰ ਸਰਣੀਆ ॥ ਤ੍ਰਿਹਾ ਗੁਣਾ ਤੇ ਰਹੈ ਨਿਰਾਰਾ, ਸੋ ਗੁਰਮੁਖਿ ਸੋਭਾ ਪਾਇਦਾ ॥੪॥ ਅਨਿਕ ਕਰਮ ਕੀਏ ਬਹੁਤੇਰੇ ॥ ਜੋ ਕੀਜੈ ਸੋ ਬੰਧਨੁ ਪੈਰੇ ॥ ਕੁਰੁਤਾ ਬੀਜੁ ਬੀਜੇ ਨਹੀ ਜੰਮੈ, ਸਭੁ ਲਾਹਾ ਮੂਲੁ ਗਵਾਇਦਾ ॥੫॥ (ਹੇ ਭਾਈ!) ਅਕਾਰ ਰਹਿਤ ਪ੍ਰਭੂ ਮਾਇਆ ਤੋਂ ਨਿਰਲੇਪ ਹੈ ਅਤੇ ਸ੍ਰਿਸਟੀ ਦਾ ਆਦਿ ਹੈ।(ਉਹ) ਸਾਰੇ ਜੀਵਾਂ ਵਿਚ ਵਰਤ ਰਿਹਾ ਹੈ, (ਪਰ ਉਹ) ਆਪ ਨਿਰਲੇਪ ਹੈ।(ਪ੍ਰਭੂ ਦਾ ਖਤ੍ਰੀ ਬ੍ਰਾਹਮਣ ਆਦਿ) ਕੋਈ ਵਰਨ, ਜਾਤ ਤੇ ਚਿੰਨ ਨਹੀਂ ਹੈ, (ਉਹ ਅਪਣੇ) ਹੁਕਮ ਨਾਲ ਸਾਰੀ ਸ੍ਰਿਸਟੀ ਨੂੰ ਪੈਦਾ ਕਰਦਾ ਹੈ।੧।(ਹੇ ਭਾਈ!) ਸਾਰੀਆਂ ਚੁਰਾਸੀ ਲੱਖ ਜੂਨਾਂ ਵਿਚੋਂ ਮਨੁੱਖਾ ਜਨਮ ਨੂੰ ਪ੍ਰਭੂ ਨੇ ਵਡਿਆਈ ਦਿਤੀ ਹੈ।ਇਸ (ਮਨੁੱਖਾ ਜਨਮ ਦੀ) ਪਉੜੀ ਤੋਂ ਜਿਹੜਾ ਮਨੁੱਖ ਖੁੰਝ ਜਾਂਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਪਾਉਂਦਾ ਹੈ।੨।(ਹੇ ਭਾਈ! ਜਿਹੜਾ ਜੀਵ) ਪ੍ਰਭੂ ਦਾ ਪੈਦਾ ਕੀਤਾ ਹੋਇਆ ਹੋਵੇ, ਉਸ ਨੂੰ ਕੀ ਕਹੀਏ? (ਉਸ ਦੀ ਕੀ ਵਡਿਆਈ ਕਰੀਏ? ਵਡਿਆਈ ਪ੍ਰਭੂ ਦੀ ਕਰਨੀ ਚਾਹੀਦੀ ਹੈ, ਜਿਸ ਨੇ ਜੀਵ ਨੂੰ ਪੈਦਾ ਕੀਤਾ ਹੈ)।ਗੁਰੂ ਦੁਆਰਾ ਪ੍ਰਭੂ ਦਾ ਨਾਮ ਪਦਾਰਥ ਪ੍ਰਾਪਤ ਕਰਨਾ ਚਾਹੀਦਾ ਹੈ।(ਪਰ ਜੀਵ ਦੇ ਵਸ ਵਿਚ ਕੁਛ ਨਹੀਂ) ਜਿਸ ਜੀਵ ਨੂੰ ਪ੍ਰਭੂ ਆਪ ਭੁਲਾ ਦੇਵੇ, ਉਹ ਹੀ ਭੁਲਦਾ ਹੈ, ਉਹ ਜੀਵ ਸਮਝਦਾ ਹੈ, ਜਿਸ ਨੂੰ ਪ੍ਰਭੂ ਸਮਝਾਉਂਦਾ ਹੈ।੩।(ਹੇ ਭਾਈ!) ਪ੍ਰਭੂ ਨੇ ਇਹ ਸਰੀਰ ਖੁਸ਼ੀ ਗਮੀ ਦਾ ਨਗਰ ਪੈਦਾ ਕੀਤਾ ਹੋਇਆ ਹੈ।(ਖੁਸ਼ੀ ਗਮੀ ਤੋਂ) ਉਹ ਮਨੁੱਖ ਬਚ ਗਏ ਹਨ, ਜੋ ਸਤਿਗੁਰੂ ਦੀ ਸ਼ਰਣ ਵਿਚ ਆਏ ਹਨ।(ਜੋ ਮਨੁੱਖ) ਮਾਇਆ ਦੇ ਤਿੰਨ ਗੁਣਾਂ ਤੋਂ ਨਿਰਲੇਪ ਰਹਿੰਦਾ ਹੈ, ਉਹ ਗੁਰਮੁਖ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ।੪।(ਹੇ ਭਾਈ! ਮਨੁੱਖ ਨੇ) ਅਨੇਕਾਂ ਤਰ੍ਹਾਂ ਦੇ ਬਹੁਤ ਧਾਰਮਕ ਕਰਮ ਕੀਤੇ ਹਨ।ਜੋ ਕਰਮ ਕਰੀਦਾ ਹੈ, ਉਹ (ਬੁੱਧੀ ਰੂਪ) ਪੈਰਾਂ ਵਿਚ ਪਿਆ ਬੰਧਨ ਹੈ।(ਜੋ ਮਨੁੱਖ) ਬੇਮੌਸਮਾ ਬੀਜ ਬੀਜਦਾ ਹੈ, (ਉਹ ਬੀਜ) ਜੰਮਦਾ ਨਹੀਂ, (ਸੱਗੋਂ ਉਹ ਅਪਣਾ) ਸਾਰਾ ਲਾਭ ਵੀ ਗਵਾ ਲੈਂਦਾ ਹੈ ਤੇ ਮੂਲ ਵੀ ਗਵਾ ਲੈਂਦਾ ਹੈ (ਕਲਜੁਗ ਵਿਚ ਨਾਮ ਸਿਮਰਨ ਤੇ ਕੀਰਤਨ ਕਰਨ ਦੀ ਰੁੱਤ ਹੈ, ਬੇਦ ਸ਼ਾਸਤ੍ਰਾਂ ਦੇ ਦੱਸੇ ਕਰਮਾਂ ਦੀ ਨਹੀਂ, ਉਹ ਕਰਮ ਨਿਸਫਲ ਜਾਣਗੇ)।੫।

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੁਤਿ ਨਾਹੀ ਨਾਹੀ ॥ (ਅੰਗ ੧੧੮੫)

ਅੰਗ ੧੦੭੬ = ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥ ਆਪਿ ਤਰੈ ਸਗਲੇ ਕੁਲ ਤਾਰੇ, ਹਰਿ ਦਰਗਹ ਪਤਿ ਸਿਉ ਜਾਇਦਾ ॥੬॥ (ਹੇ ਭਾਈ!) ਕਲਜੁਗ ਵਿਚ ਕੀਰਤਨ ਕਰਨਾ ਸਭ ਤੋਂ ਸ੍ਰੇਸ਼ਟ ਕਰਮ ਹੈ।ਗੁਰੂ ਦੀ ਸ਼ਰਣ ਵਿਚ ਪੈ ਕੇ ਧਿਆਨ ਲਾ ਕੇ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ।(ਨਾਮ ਜਪਣ ਵਾਲਾ ਮਨੁੱਖ ਭਵਜਲ ਤੋਂ) ਆਪ ਵੀ ਤਰ ਜਾਂਦਾ ਹੈ ਅਤੇ ਅਪਣੇ ਸਾਰੇ ਖਾਨਦਾਨ ਨੂੰ ਵੀ ਤਾਰ ਲੈਂਦਾ ਹੈ ਅਤੇ (ਉਹ) ਰੱਬੀ ਦਰਗਾਹ ਵਿਚ ਇੱਜਤ ਨਾਲ ਜਾਂਦਾ ਹੈ।੬।

ਪਦਾਰਥ = ਆਦਿ–ਸਾਰੀ ਸ੍ਰਿਸਟੀ ਦਾ ਮੁੱਢ।ਨਿਰੰਜਨੁ–ਮਾਇਆ ਦੇ ਅਸਰ ਤੋਂ ਰਹਿਤ।ਨਿਰੰਕਾਰਾ–ਅਕਾਰ ਰਹਿਤ।ਸਭ ਮਹਿ–ਸਾਰੇ ਜੀਵਾਂ ਵਿਚ।ਵਰਤੈ–ਵਰਤ ਰਿਹਾ ਹੈ।ਨਿਰਾਰਾ–ਨਿਰਲੇਪ।ਵਰਨੁ–ਖਤ੍ਰੀ ਬ੍ਰਾਹਮਣ ਆਦਿ ਵਰਨ; ਰੰਗ।ਚਿਹਨੁ–(ਸਰੀਰ ਉਤੇ ਬਣੇ ਧਾਰਮਕ) ਨਿਸ਼ਾਨ।ਹੁਕਮੇ–ਹੁਕਮ ਨਾਲ।ਉਪਾਇਦਾ–ਪੈਦਾ ਕਰਦਾ ਹੈ।੧।ਜੋਨਿ ਸਬਾਈ–ਸਾਰੀਆਂ ਜੂਨਾਂ ਵਿਚੋਂ।ਮਾਣਸ ਕਉ–ਮਨੁੱਖਾ ਜਨਮ ਨੂੰ।ਪ੍ਰਭਿ–ਪ੍ਰਭੂ ਨੇ।ਦੀਈ–ਦਿਤੀ ਹੈ।ਤੇ–ਤੋਂ।ਜੋ ਨਰੁ–ਜਿਹੜਾ ਮਨੁੱਖ।ਚੂਕੈ–ਖੁੰਝ ਜਾਂਦਾ ਹੈ।ਸੋ–ਉਹ (ਮਨੁੱਖ)।ਆਇ ਜਾਇ–ਜਨਮ ਮਰਨ ਦੇ ਗੇੜ ਵਿਚ ਪੈ ਕੇ।੨।ਕੀਤਾ ਹੋਵੈ–ਪੈਦਾ ਕੀਤਾ ਹੋਇਆ ਹੋਵੇ।ਤਿਸੁ–ਉਸ ਨੂੰ।ਕਿਆ ਕਹੀਐ–ਕੀ ਵਡਿਆਈ ਕਰੀਏ? ਗੁਰਮੁਖਿ–ਗੁਰੂ ਦੁਆਰਾ।ਲਹੀਐ–ਪ੍ਰਾਪਤ ਕਰਨਾ ਚਾਹੀਦਾ ਹੈ।ਆਪਿ–ਪ੍ਰਭੂ ਆਪ।ਭੁਲਾਏ–ਭੁਲਾ ਦੇਵੇ।ਸੋਈ–ਉਹ ਹੀ।ਸੋ–ਉਹ।ਬੂਝੈ–(ਰੁਹਾਨੀ ਜੀਵਨ ਨੂੰ) ਸਮਝਦਾ ਹੈ।ਜਿਸਹਿ–ਜਿਸ ਨੂੰ।੩।ਹਰਖ–ਖੁਸ਼ੀ।ਨਗਰੁ–ਸਰੀਰ ਜਾਂ ਸੰਸਾਰ ਨਗਰ।ਕੀਆ–ਪੈਦਾ ਕੀਤਾ ਹੈ।ਸੇ–ਉਹ।ਉਬਰੇ–ਬਚ ਗਏ ਹਨ।ਸਰਣੀਆ–ਸ਼ਰਣ ਵਿਚ ਆਏ ਹਨ।ਤ੍ਰਿਹਾ ਗੁਣਾ ਤੇ–ਮਾਇਆ ਦੇ ਤਿੰਨ (ਰਜੋ ਸਤੋ ਤਮੋ) ਗੁਣਾਂ ਤੋਂ।ਨਿਰਾਰਾ–ਨਿਰਲੇਪ; ਅਲੱਗ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਪਾਇਦਾ–ਪਾਉਂਦਾ ਹੈ।੪।ਕਰਮ–ਸ਼ਾਸਤ੍ਰਾਂ ਦੇ ਦੱਸੇ ਕਰਮ।ਕੀਏ–ਕੀਤੇ ਹਨ।ਬਹੁਤੇਰੇ–ਬਹੁਤ; ਬਥੇਰੇ।ਜੋ ਕੀਜੈ–ਜੋ (ਕਰਮ) ਕਰੀਦਾ ਹੈ।ਬੰਧਨੁ ਪੈਰੇ–ਪੈਰਾਂ ਵਿਚ ਪਈ ਬੇੜੀ ਹੈ।ਕੁਰੁਤਾ (ਕੁਰੁੱਤਾ ਪੜ੍ਹੋ)–ਬੇ ਮੌਸਮਾ।ਨਹੀ ਜੰਮੈ–ਉਗਦਾ ਨਹੀਂ।ਲਾਹਾ–ਲਾਭ।ਮੂਲੁ–ਅਸਲ ਧਨ।ਗਵਾਇਦਾ–ਗਵਾ ਲੈਂਦਾ ਹੈ।੫।ਮਹਿ–ਵਿਚ।ਪਰਧਾਨਾ–ਸਭ ਤੋਂ ਸ੍ਰੇਸਟ ਕਰਮ।ਲਾਇ ਧਿਆਨਾ–ਧਿਆਨ ਲਾ ਕੇ।ਤਰੈ–(ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।ਸਗਲੇ ਕੁਲ–ਸਾਰੇ ਖਾਨਦਾਨ ਨੂੰ।ਤਾਰੇ–ਤਾਰ ਲੈਂਦਾ ਹੈ।ਪਤਿ ਸਿਉ–ਇੱਜਤ ਨਾਲ।੬।

ਖੰਡ ਪਤਾਲ ਦੀਪ ਸਭਿ ਲੋਆ ॥ ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥ ਨਿਹਚਲੁ ਏਕੁ ਆਪਿ ਅਬਿਨਾਸੀ, ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥੭॥ ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥ ਜਿਉ ਜਲ ਤਰੰਗ ਉਠਹਿ ਬਹੁ ਭਾਤੀ ,ਫਿਰਿ ਸਲਲੈ ਸਲਲ ਸਮਾਇਦਾ ॥੮॥ ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ॥ ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥ ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ, ਹਰਿ ਕੀਰਤਨਿ ਮਨੁ ਠਹਰਾਇਦਾ ॥੯॥ ਰੂੜੋ ਠਾਕੁਰੁ ਕਿਤੈ ਵਸਿ ਨ ਆਵੈ ॥ ਹਰਿ ਸੋ ਕਿਛੁ ਕਰੇ, ਜਿ ਹਰਿ ਕਿਆ ਸੰਤਾ ਭਾਵੈ ॥ ਕੀਤਾ ਲੋੜਨਿ ਸੋਈ ਕਰਾਇਨਿ, ਦਰਿ ਫੇਰੁ ਨ ਕੋਈ ਪਾਇਦਾ ॥੧੦॥ ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ ॥ ਤਿਥੈ ਹਰਿ ਧਿਆਈਐ ਸਾਰਿੰਗਪਾਣੀ ॥ ਜਿਥੁ ਪੁਤ੍ਰ ਕਲਤ੍ਰ ਨ ਬੇਲੀ ਕੋਈ, ਤਿਥੈ ਹਰਿ ਆਪਿ ਛਡਾਇਦਾ ॥੧੧॥ (ਹੇ ਭਾਈ! ਜੋ) ਨੌਂ ਖੰਡ, ਸੱਤ ਪਤਾਲ, ਸੱਤ ਦੀਪ ਤੇ ਸਾਰੇ ਲੋਕ ਹਨ। (ਇਨ੍ਹਾਂ) ਸਾਰਿਆਂ ਨੂੰ ਪ੍ਰਭੂ ਨੇ ਆਪ ਹੀ ਕਾਲ ਦੇ ਵਸ ਵਿਚ ਕੀਆ ਹੋਇਆ ਹੈ। ਸਦਾ ਸਥਿਰ ਰਹਿਣ ਵਾਲਾ ਇਕੋ ਨਾਸ਼ ਰਹਿਤ ਪ੍ਰਭੂ ਆਪ ਹੀ ਹੈ ਤੇ ਜੋ ਮਨੁੱਖ ਉਸ ਨੂੰ ਸਿਮਰਦਾ ਹੈ, ਉਹ ਸਦਾ ਸਥਿਰ ਰਹਿਣ ਵਾਲਾ ਹੋ ਜਾਂਦਾ ਹੈ।੭। (ਹੇ ਭਾਈ! ਜੋ) ਹਰੀ ਦਾ ਸੇਵਕ ਹੈ, ਉਹ ਹਰੀ ਵਰਗਾ ਹੀ ਹੋ ਜਾਂਦਾ ਹੈ। (ਭਾਵੇਂ ਉਹ) ਮਨੁੱਖਾ ਦੇਹੀ ਵਾਲਾ ਹੈ, (ਪਰ ਤੁਸੀਂ ਉਸ ਸੇਵਕ ਦਾ ਹਰੀ ਨਾਲੋਂ) ਫਰਕ ਨਾ ਸਮਝੋ {ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ। ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ੩੯੭}। ਜਿਵੇਂ (ਸਮੁੰਦਰ ਦੇ) ਪਾਣੀ ਵਿਚੋਂ ਬਹੁਤ ਤਰ੍ਹਾਂ ਦੀਆਂ ਲਹਿਰਾਂ ਉਠਦੀਆਂ ਹਨ, (ਉਹ ਲਹਿਰਾਂ) ਪਾਣੀ ਰੂਪ ਹੋ ਕੇ ਮੁੜ ਪਾਣੀ ਵਿਚ ਮਿਲ ਜਾਂਦੀਆਂ ਹਨ (ਜਿਵੇਂ ਪਾਣੀ ਦੀਆਂ ਲਹਿਰਾਂ ਤੇ ਪਾਣੀ ਵਿਚ ਕੋਈ ਫਰਕ ਨਹੀਂ, ਇਸੇ ਤਰ੍ਹਾਂ ਹਰੀ ਅਤੇ ਉਸ ਦੇ ਸੇਵਕ ਵਿਚ ਕੋਈ ਫਰਕ ਨਹੀਂ)।੮। (ਹੇ ਭਾਈ! ਪ੍ਰਭੂ ਦਾ) ਮੰਗਤਾ ਪ੍ਰਭੂ ਦੇ ਦਰ ਉਤੇ ਖੜਾ ਇਕ ਦਾਨ ਮੰਗਦਾ ਹੈ। ਜਦ ਪ੍ਰਭੂ ਨੂੰ ਚੰਗਾ ਲਗਦਾ ਹੈ, ਤਾਂ (ਉਹ ਮੰਗਤੇ ਉਤੇ) ਕ੍ਰਿਪਾ ਕਰਦਾ ਹੈ। (ਮੰਗਤਾ ਇਹ ਦਾਨ ਮੰਗਦਾ ਹੈ ਕਿ ਹੇ ਪ੍ਰਭੂ!) ਮੈਨੂੰ ਦਰਸ਼ਨ ਦੇਹ, ਜਿਸ ਨਾਲ ਮੇਰਾ ਮਨ ਰੱਜ ਜਾਵੇ, ਹੇ ਹਰੀ! ਤੇਰੇ ਕੀਰਤਨ ਵਿਚ ਮੈਂ ਅਪਣਾ ਮਨ ਟਿਕਾਉਂਦਾ ਹਾਂ।੯। (ਹੇ ਭਾਈ!) ਸੁੰਦਰ ਮਾਲਕ ਕਿਸੇ ਸਾਧਨ ਨਾਲ ਵਸ ਵਿਚ ਨਹੀਂ ਆਉਂਦਾ। ਹਰੀ ਉਹ ਕੁਛ ਕਰਦਾ ਹੈ, ਜੋ ਜੁਛ ਹਰੀ ਦਿਆਂ ਸੰਤਾਂ ਨੂੰ ਚੰਗਾ ਲਗਦਾ ਹੈ। (ਹਰੀ ਦੇ ਸੰਤ ਜੋ ਕੁਛ) ਕਰਨਾ ਚਾਹੁੰਦੇ ਹਨ, ਉਹ ਹੀ ਹਰੀ ਪਾਸੋਂ ਕਰਵਾ ਲੈਂਦੇ ਹਨ, ਪ੍ਰਭੂ ਦੇ ਦਰ ਉਤੇ (ਸੰਤਾਂ ਦੀ ਗੱਲ ਨੂੰ) ਕੋਈ ਰੁਕਾਵਟ ਨਹੀਂ ਪਾ ਸਕਦਾ (ਪ੍ਰਭੂ ਸੰਤਾਂ ਦੀ ਗੱਲ ਮੰਨ ਲੈਂਦਾ ਹੈ)।੧੦। (ਹੇ ਭਾਈ! ਕਿਸੇ) ਪ੍ਰਾਣੀ ਨੂੰ ਜਿੱਥੇ ਕੋਈ ਔਕੜ ਆ ਬਣਦੀ ਹੈ। ਉਥੇ ਸਾਰੰਗਪਾਣੀ ਹਰੀ ਨੂੰ ਸਿਮਰਨਾ ਚਾਹੀਦਾ ਹੈ। ਜਿੱਥੇ (ਮੁਸ਼ਕਲ ਸਮੇਂ ਵਿਚ) ਪੁਤ੍ਰ ਤੇ ਇਸਤ੍ਰੀ ਆਦਿ ਕੋਈ ਬੇਲੀ ਨਹੀਂ ਬਣਦਾ, ਉਥੇ ਹਰੀ ਆਪ (ਮੁਸ਼ਕਲ ਤੋਂ) ਛਡਾਉਂਦਾ ਹੈ।੧੧।

ਪਦਾਰਥ = ਖੰਡ–ਪ੍ਰਿਥਵੀ ਦੇ ਨੌਂ ਵੱਡੇ ਹਿੱਸੇ। ਦੀਪ–ਟਾਪੂ। ਲੋਆ–ਰਚਨਾ ਦੇ ਮੰਡਲ (ਤਬਕ)। ਕਾਲੈ ਵਸਿ–ਕਾਲ ਦੇ ਵਸ ਵਿਚ। ਪ੍ਰਭਿ–ਪ੍ਰਭੂ ਨੇ। ਕੀਆ–ਕੀਤਾ ਹੈ। ਨਿਹਚਲੁ–ਸਦਾ ਕਾਇਮ ਰਹਿਣ ਵਾਲਾ। ਅਬਿਨਾਸੀ–ਨਾਸ਼ ਰਹਿਤ। ਸੋ–ਉਹ (ਮਨੁੱਖ)। ਤਿਸਹਿ–ਉਸ (ਪ੍ਰਭੂ) ਨੂੰ। ਧਿਆਇਦਾ–ਸਿਮਰਦਾ ਹੈ।੭। ਹਰਿ ਜੇਹਾ–ਹਰੀ ਵਰਗਾ। ਭੇਦੁ–ਫਰਕ। ਨ ਜਾਣਹੁ–ਨਾ ਜਾਣੋ (ਸਮਝੋ)। ਮਾਣਸ ਦੇਹਾ–ਮਨੁੱਖਾ ਸਰੀਰ। ਜਲ ਤਰੰਗ–ਪਾਣੀ ਦੀਆਂ ਲਹਿਰਾਂ। ਉਠਹਿ–ਉਠਦੀਆਂ ਹਨ। ਬਹੁ ਭਾਤੀ–ਬਹੁਤ ਤਰ੍ਹਾਂ ਦੀਆਂ। ਫਿਰਿ–ਮੁੜ ਕੇ। ਸਲਲੈ–ਪਾਣੀ ਵਿਚ। ਸਲਲ–ਪਾਣੀ। ਸਮਾਇਦਾ–ਮਿਲ ਜਾਂਦਾ ਹੈ।੮। ਜਾਚਿਕੁ–ਮੰਗਤਾ। ਦੁਆਰੈ–ਦਰ ਉਤੇ (ਖੜਾ)। ਜਾ–ਜਦੋਂ। ਭਾਵੈ–ਚੰਗਾ ਲਗਦਾ ਹੈ। ਤਾ–ਤਾਂ। ਧਾਰੈ–ਕਰਦਾ ਹੈ। ਦੇਹੁ ਦਰਸੁ–ਦਰਸ਼ਨ ਦੇਹ। ਜਿਤੁ–ਜਿਸ ਨਾਲ। ਤ੍ਰਿਪਤਾਸੈ–ਰੱਜ ਜਾਵੇ। ਕੀਰਤਨਿ–ਕੀਰਤਨ ਵਿਚ। ਠਹਰਾਇਦਾ–ਟਿਕਾਉਂਦਾ ਹਾਂ।੯। ਰੂੜੋ ਠਾਕੁਰੁ–ਸੁੰਦਰ ਪ੍ਰਭੂ। ਕਿਤੈ–ਕਿਸੇ (ਸਾਧਨ ਨਾਲ)। ਵਸਿ–ਵਸ ਵਿਚ। ਜਿ–ਜੋ ਕੁਛ। ਹਰਿ ਕਿਆ–ਹਰੀ ਦਿਆਂ। ਕੀਤਾ ਲੋੜਨਿ–ਕਰਨਾ ਚਾਹੁੰਦੇ ਹਨ। ਸੋਈ–ਉਹ ਹੀ। ਕਰਾਇਨਿ–ਕਰਵਾ ਲੈਂਦੇ ਹਨ। ਦਰਿ–ਦਰ ਉਤੇ। ਫੇਰੁ–ਰੁਕਾਵਟ। ਨ ਪਾਇਦਾ–ਪਾ ਨਹੀਂ ਸਕਦਾ।੧੦। ਅਉਘਟੁ–ਔਕੜ; ਮੁਸ਼ਕਲ। ਪ੍ਰਾਣੀ–ਮਨੁੱਖ ਨੂੰ। ਤਿਥੈ–ਉਥੇ। ਸਾਰਿੰਗਪਾਣੀ–ਜਿਸ ਦੇ ਹੱਥ ਵਿਚ ਧਰਤੀ ਹੈ; ਧਨੁੱਖ ਧਾਰੀ ਪ੍ਰਭੂ। ਕਲਤ੍ਰ–ਇਸਤ੍ਰੀ। ਬੇਲੀ–ਸਾਥੀ; ਸਹਾਇਕ।੧੧।

ਵਡਾ ਸਾਹਿਬੁ ਅਗਮ ਅਥਾਹਾ ॥ ਕਿਉ ਮਿਲੀਐ ਪ੍ਰਭ ਵੇਪਰਵਾਹਾ ॥ ਕਾਟਿ ਸਿਲਕ ਜਿਸੁ ਮਾਰਗਿ ਪਾਏ, ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥ ਹੁਕਮੁ ਬੂਝੈ ਸੋ ਸੇਵਕੁ ਕਹੀਐ ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥ ਹਉਮੈ ਜਾਇ ਤ ਏਕੋ ਬੂਝੈ, ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥ ਹਰਿ ਕੇ ਭਗਤ ਸਦਾ ਸੁਖਵਾਸੀ ॥ ਬਾਲ ਸੁਭਾਇ ਅਤੀਤ ਉਦਾਸੀ ॥ ਅਨਿਕ ਰੰਗ ਕਰਹਿ ਬਹੁ ਭਾਤੀ,

ਜਿਉ ਪਿਤਾ ਪੂਤੁ ਲਾਡਾਇਦਾ ॥੧੪॥ ਅਗਮ ਅਗੋਚਰੁ ਕੀਮਤਿ ਨਹੀ ਪਾਈ ॥ ਤਾ ਮਿਲੀਐ ਜਾ ਲਏ ਮਿਲਾਈ ॥ ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ ,ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥ ਆਪੇ ਕਰਤਾ ਕਾਰਣ ਕਰਣਾ ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ, ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥ (ਹੇ ਭਾਈ!) ਮਨ ਬਾਣੀ ਦੀ ਪਹੁੰਚ ਤੇ ਪਰੇ ਅਥਾਹ ਪ੍ਰਭੂ ਵੱਡਾ ਮਾਲਕ ਹੈ। ਉਸ ਬੇਪ੍ਰਵਾਹ ਪ੍ਰਭੂ ਨੂੰ ਕਿਵੇਂ ਮਿਲਿਆ ਜਾ ਸਕਦਾ ਹੈ? ਭਰਮ ਦੀ ਰੱਸੀ ਸਾਡੇ ਗਲੋਂ ਕੱਟ ਕੇ ਜਿਸ ਪ੍ਰਭੂ ਨੇ ਰਸਤੇ ਪਾਇਆ ਹੈ, ਉਹ ਹਰੀ ਸੰਗਤ ਵਿਚ ਵਸਦਾ ਹੈ (ਸ਼ਬਦਾਰਥ); ਮੋਹ ਮਾਇਆ ਦੀ ਫਾਹੀ ਕੱਟ ਕੇ ਜਿਸ ਮਨੁੱਖ ਨੂੰ ਪ੍ਰਭੂ ਜੀਵਨ ਦੇ ਸਹੀ ਰਸਤੇ ਪਾਉਂਦਾ ਹੈ, ਉਹ ਮਨੁੱਖ ਸਾਧ ਸੰਗਤ ਵਿਚ ਵਾਸਾ ਪਾ ਲੈਂਦਾ ਹੈ।੧੨।(ਹੇ ਭਾਈ! ਜਿਹੜਾ ਮਨੁੱਖ) ਪ੍ਰਭੂ ਦੇ ਹੁਕਮ ਨੂੰ ਸਮਝਦਾ (ਮੰਨਦਾ) ਹੈ, ਉਹ ਸੇਵਕ ਕਿਹਾ ਜਾਂਦਾ ਹੈ।(ਭਾਵੇਂ ਕੋਈ ਮਨੁੱਖ) ਬੁਰਾ ਕਹੀ ਜਾਵੇਂ ਜਾਂ ਭਲਾ ਕਹੀ ਜਾਵੇ, (ਬੁਰਾ ਭਲਾ) ਦੋਹਾਂ ਨੂੰ ਇਕੋ ਜਿਹਾ ਸਹਾਰਨਾ ਚਾਹੀਦਾ ਹੈ।(ਜਦੋਂ ਮਨੁੱਖ ਦੇ ਅੰਦਰੋਂ) ਹਉਮੈ ਦੂਰ ਹੋ ਜਾਂਦੀ ਹੈ, ਤਾਂ ਉਹ ਇਕ ਪ੍ਰਭੂ ਨੂੰ ਸਭ ਕੁਛ ਕਰਨ ਕਰਾਉਣ ਵਾਲਾ ਸਮਝ ਲੈਂਦਾ ਹੈ, ਉਹ ਗੁਰਮੁਖ ਸਹਿਜ ਅਵਸਥਾ ਵਿਚ ਟਿਕਿਆ ਰਹਿੰਦਾ ਹੈ।੩।ਹਰੀ ਦੇ ਭਗਤ ਸਦਾ ਸੁਖ ਵਿਚ ਵਸਣ ਵਾਲੇ ਹੁੰਦੇ ਹਨ।(ਉਹ) ਬਾਲਕਾਂ ਵਾਲੇ (ਸਰਲ ਤੇ ਵੈਰ ਵਿਰੋਧ ਤੋਂ ਰਹਿਤ) ਸੁਭਾਵ ਵਾਲੇ, ਤਿਆਗੀ ਤੇ ਉਪਰਾਮ ਰਹਿੰਦੇ ਹਨ। ਜਿਵੇਂ ਪਿਤਾ ਅਪਣੇ ਪੁਤ੍ਰ ਨੂੰ ਲਾਡ ਲਡਾਉਂਦਾ (ਪਿਆਰ ਕਰਦਾ) ਹੈ, (ਤਿਵੇਂ ਭਗਤ ਪ੍ਰਭੂ ਪਿਤਾ ਦੀ ਹਜੂਰੀ ਵਿਚ ਰਹਿ ਕੇ) ਬਹੁਤ ਤਰ੍ਹਾਂ ਦੇ ਅਨੇਕਾਂ ਅਨੰਦ ਮਾਣਦੇ ਹਨ।੧੪।(ਹੇ ਭਾਈ!) ਪ੍ਰਭੂ ਮਨ ਬਾਣੀ ਤੋਂ ਪਰੇ ਅਤੇ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਵੀ ਪਰੇ ਹੈ, (ਉਸ ਦੀ) ਕੀਮਤ ਨਹੀਂ ਪਾਈ ਜਾ ਸਕਦੀ।(ਉਸ ਨੂੰ) ਤਦ ਹੀ ਮਿਲਿਆ ਜਾ ਸਕਦਾ ਹੈ, ਜਦੋਂ (ਉਹ ਆਪ ਮਨੁੱਖ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ। ਗੁਰੂ ਰਾਹੀਂ ਪ੍ਰਭੂ ਉਨ੍ਹਾਂ ਮਨੁੱਖਾਂ ਨੂੰ ਪ੍ਰਗਟ ਹੋਇਆ ਹੈ, ਜਿਨ੍ਹਾਂ ਦੇ ਮੱਥੇ ਉਤੇ (ਪਹਿਲੇ ਜਨਮਾਂ ਦੇ ਸੰਸਕਾਰਾਂ ਅਨੁਸਾਰ) ਧੁਰ ਤੋਂ ਲੇਖ ਲਿਖਿਆ ਹੁੰਦਾ ਹੈ।੧੫।ਹੇ ਪ੍ਰਭੂ! ਤੂੰ ਆਪ ਹੀ ਜਗਤ ਨੂੰ ਪੈਦਾ ਕਰਨ ਵਾਲਾ ਹੈਂ ਅਤੇ ਸਾਰੇ ਕਾਰਨਾਂ ਦੇ ਕਰਨ ਵਾਲਾ ਹੈਂ। ਸ੍ਰਿਸਟੀ ਪੈਦਾ ਕਰਕੇ ਤੂੰ ਸਾਰੀ ਧਰਤੀ ਨੂੰ ਆਸਰਾ ਦਿਤਾ ਹੋਇਆ ਹੈ। ਹੇ ਹਰੀ! ਦਾਸ ਨਾਨਕ ਤੇਰੇ ਦਰ ਤੇ ਆਇਆ ਹੈ, ਤੇਰੀ ਸ਼ਰਣ ਵਿਚ ਪਿਆ ਹੈ, ਹੇ ਹਰੀ! (ਜਿਵੇਂ ਤੈਨੂੰ) ਚੰਗਾ ਲਗਦਾ ਹੈ, (ਤਿਵੇਂ ਤੂੰ ਅਪਣੇ ਸੇਵਕਾਂ ਦੀ) ਲਾਜ ਰੱਖਦਾ ਆਇਆ ਹੈਂ।੧੬।੧।੫।

ਪਦਾਰਥ = ਸਾਹਿਬੁ–ਮਾਲਕ ਪ੍ਰਭੂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਥਾਹਾ–ਬਹੁਤ ਡੂੰਘਾ। ਕਾਟਿ–ਕੱਟ ਕੇ। ਸਿਲਕ–ਫਾਹੀ। ਮਾਰਗਿ–ਰਸਤੇ ਤੇ। ਪਾਏ–ਪਾਉਂਦਾ ਹੈ। ਸੋ–ਉਹ (ਮਨੁੱਖ)।੧੨। ਬੂਝੈ–ਸਮਝਦਾ ਹੈ। ਕਹੀਐ–ਕਿਹਾ ਜਾਂਦਾ ਹੈ। ਬੁਰਾ ਭਲਾ–ਮਾੜਾ ਚੰਗਾ। ਦੁਇ–ਦੋਹਾਂ ਨੂੰ। ਸਮਸਰਿ–ਇਕੋ ਜਿਹਾ। ਸਹੀਐ–ਸਹਾਰਨਾ ਚਾਹੀਦਾ ਹੈ। ਜਾਇ–ਦੂਰ ਹੋ ਜਾਂਦੀ ਹੈ। ਤ–ਤਾਂ; ਤਦ। ਏਕੋ ਬੂਝੈ–ਇਕੋ ਪ੍ਰਭੂ ਨੂੰ ਕਰਨ ਕਰਾਉਣ ਵਾਲਾ ਸਮਝਦਾ ਹੈ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸਹਜਿ–ਸਹਿਜ ਅਵਸਥਾ ਵਿਚ। ਸਮਾਇਦਾ–ਟਿਕਿਆ ਰਹਿੰਦਾ ਹੈ।੧੩। ਸੁਖ ਵਾਸੀ–ਸੁਖ ਵਿਚ ਵਸਣ ਵਾਲੇ। ਬਾਲ ਸੁਭਾਇ–ਬੱਚਿਆਂ ਵਰਗਾ ਵੈਰ ਵਿਰੋਧ ਤੇ ਕਪਟ ਰਹਿਤ ਸੁਭਾਵ। ਅਤੀਤ–ਤਿਆਗੀ। ਉਦਾਸੀ–ਉਪਰਾਮ। ਅਨਿਕ–ਅਨੇਕਾਂ। ਰੰਗ ਕਰਹਿ–ਅਨੰਦ ਭੋਗਦੇ ਹਨ। ਬਹੁ ਭਾਤੀ–ਬਹੁਤ ਤਰ੍ਹਾਂ ਦਾ। ਲਾਡਾਇਦਾ–ਪਿਆਰ ਕਰਦਾ ਹੈ।੧੪। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ। ਤਾ–ਤਾਂ; ਤਦ। ਜਾ–ਜਦੋਂ। ਗੁਰਮੁਖਿ–ਗੁਰੂ ਰਾਹੀਂ। ਭਇਆ–ਹੋਇਆ। ਤਿਨ ਜਨ ਕਉ–ਉਨ੍ਹਾਂ ਸੇਵਕਾਂ ਨੂੰ। ਜਿਨ ਮਸਤਕਿ–ਜਿਨ੍ਹਾਂ ਦੇ ਮੱਥੇ ਉਤੇ। ਧੁਰਿ–ਧੁਰ (ਪ੍ਰਭੂ ਦੇ ਦਰ) ਤੋਂ।੧੫। ਕਰਤਾ–ਪੈਦਾ ਕਰਨ ਵਾਲਾ ਪ੍ਰਭੂ। ਕਾਰਣ ਕਰਣਾ–ਸਾਰੇ ਕਾਰਨਾਂ ਦੇ ਕਰਨ ਵਾਲਾ; ਸੰਸਾਰ ਰਚਨਾ ਦਾ ਮੂਲ ਕਾਰਣ। ਉਪਾਇ–ਪੈਦਾ ਕਰਕੇ। ਧਰੀ–ਆਸਰਾ ਦਿਤਾ ਹੋਇਆ ਹੈ। ਧਰਣਾ–ਧਰਤੀ ਨੂੰ। ਜਨ ਨਾਨਕ–ਦਾਸ ਨਾਨਕ। ਦੁਆਰੈ–ਦਰ ਉਤੇ। ਭਾਵੈ–ਚੰਗਾ ਲਗਦਾ ਹੈ। ਲਾਜ–ਇੱਜਤ।੧੬।੧।੫।

ਮਾਰੂ ਸੋਲਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਜੋ ਦੀਸੈ ਸੋ ਏਕੋ ਤੂਹੈ ॥ ਬਾਣੀ ਤੇਰੀ ਸ੍ਰਵਣਿ ਸੁਣੀਐ ॥ ਦੂਜੀ ਅਵਰ ਨ ਜਾਪਸਿ ਕਾਈ, ਸਗਲ ਤੁਮਾਰੀ ਧਾਰਣਾ ॥੧॥ ਆਪਿ ਚਿਤਾਰੇ ਅਪਣਾ ਕੀਆ ॥ ਆਪੇ ਆਪਿ ਆਪਿ ਪ੍ਰਭੁ ਥੀਆ ॥ ਆਪਿ ਉਪਾਇ ਰਚਿਓਨੁ ਪਸਾਰਾ, ਆਪੇ ਘਟਿ ਘਟਿ ਸਾਰਣਾ ॥੨॥ (ਹੇ ਪ੍ਰਭੂ! ਗੁਰਮੁਖਾਂ ਦੀ ਨਜਰ ਵਿਚ) ਜੋ ਕੁਛ ਦਿਸਦਾ ਹੈ, ਉਹ ਕੇਵਕ ਇਕ ਤੂੰ ਹੀ ਹੈਂ। ਤੇਰੀ ਹੀ ਬਾਣੀ ਕੰਨਾਂ ਨਾਲ (ਸਾਰੇ ਜੀਵਾਂ ਦੇ ਅੰਦਰੋਂ) ਸੁਣੀ ਜਾਂਦੀ ਹੈ (ਸਾਰੇ ਜੀਵਾਂ ਵਿਚ ਤੂੰ ਹੀ ਬੋਲ ਰਿਹਾ ਹੈਂ)। ਦੂਜੀ

ਹੋਰ ਕੋਈ ਵਸਤੂ (ਤੈਥੋਂ ਵੱਖਰੀ) ਪ੍ਰਤੀਤ ਨਹੀਂ ਹੋ ਰਹੀ, ਸਾਰਾ ਕੁਛ ਤੂੰ ਹੀ ਅਪਣਾ ਰੂਪ ਧਾਰਿਆ ਹੋਇਆ ਹੈ; ਸਾਰੀ ਸ੍ਰਿਸਟੀ ਨੂੰ ਤੂੰ ਹੀ ਧਾਰਨ ਕੀਤਾ (ਆਸਰਾ ਦਿਤਾ) ਹੋਇਆ ਹੈ।੧।(ਹੇ ਭਾਈ!) ਪ੍ਰਭੂ ਆਪਣੇ ਪੈਦਾ ਕੀਤੇ ਜਗਤ ਨੂੰ ਆਪ ਹੀ ਯਾਦ ਰਖਦਾ (ਸੰਭਾਲ ਕਰਦਾ) ਹੈ।ਭੂਤ ਕਾਲ ਵਿਚ ਵੀ ਪ੍ਰਭੂ ਆਪ ਹੀ ਹੋਇਆ ਹੈ, ਹੁਣ ਵਰਤਮਾਨ ਸਮੇਂ ਵਿਚ ਵੀ ਉਹ ਆਪ ਹੀ ਮੌਜੂਦ ਹੈ ਅਤੇ ਭਵਿੱਖ ਵਿਚ ਵੀ ਪ੍ਰਭੂ ਆਪ ਹੀ ਹੋਵੇਗਾ।ਉਸ ਪ੍ਰਭੂ ਨੇ ਆਪ ਹੀ ਅਪਣੇ ਆਪ ਤੋਂ ਪੈਦਾ ਕਰਕੇ ਇਹ ਜਗਤ ਪਸਾਰਾ ਰਚਿਆ ਹੈ ਅਤੇ ਆਪ ਹੀ ਸਾਰੇ ਜੀਵਾਂ ਵਿਚ ਵਿਆਪਕ ਹੋ ਕੇ (ਸਭ ਦੀ) ਸੰਭਾਲ ਕਰਦਾ ਹੈ।੨।

ਅੰਗ ੧੦੭੭ = ਇਕਿ ਉਪਾਏ ਵਡ ਦਰਵਾਰੀ ॥ ਇਕਿ ਉਦਾਸੀ ਇਕਿ ਘਰਬਾਰੀ ॥ ਇਕਿ ਭੂਖੇ ਇਕਿ ਤ੍ਰਿਪਤਿ ਅਘਾਏ, ਸਭ ਸੈ ਤੇਰਾ ਪਾਰਣਾ ॥੩॥ ਆਪੇ ਸਤਿ ਸਤਿ ਸਤਿ ਸਾਚਾ ॥ ਓਤਿ ਪੋਤਿ ਭਗਤਨ ਸੰਗਿ ਰਾਚਾ ॥ ਆਪੇ ਗੁਪਤੁ ਆਪੇ ਹੈ ਪਰਗਟੁ ,ਅਪਣਾ ਆਪੁ ਪਸਾਰਣਾ ॥੪॥ ਸਦਾ ਸਦਾ ਸਦ ਹੋਵਣਹਾਰਾ ॥ ਊਚਾ ਅਗਮੁ ਅਥਾਹੁ ਅਪਾਰਾ ॥ ਊਣੇ ਭਰੇ ਭਰੇ ਭਰਿ ਊਣੇ, ਏਹਿ ਚਲਤ ਸੁਆਮੀ ਕੇ ਕਾਰਣਾ ॥੫॥ ਮੁਖਿ ਸਾਲਾਹੀ ਸਚੇ ਸਾਹਾ ॥ ਨੈਣੀ ਪੇਖਾ ਅਗਮ ਅਥਾਹਾ ॥ ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ, ਮੇਰੇ ਸਾਹਿਬ ਸਗਲ ਉਧਾਰਣਾ ॥੬॥ (ਹੇ ਪ੍ਰਭੂ!) ਤੂੰ ਕਈ ਮਨੁੱਖ ਵੱਡੇ ਦਰਬਾਰਾਂ ਵਾਲੇ ਪੈਦਾ ਕੀਤੇ ਹਨ।ਕਈ ਮਨੁੱਖ ਤਿਆਗੀ ਅਤੇ ਕਈ ਗ੍ਰਿਹਸਤੀ ਪੈਦਾ ਕੀਤੇ ਹਨ।ਕਈ ਮਨੁੱਖ ਭੁੱਖੇ ਰਹਿੰਦੇ ਹਨ ਅਤੇ ਕਈ ਮਨੁੱਖ ਰੱਜੇ ਹੋਏ ਹਨ ਅਤੇ ਹੋਰਨਾਂ ਨੂੰ ਵੀ ਰਜਾ ਰਹੇ ਹਨ, ਸਾਰੇ ਜੀਵਾਂ ਨੂੰ ਤੇਰਾ ਹੀ ਆਸਰਾ ਹੈ।੩।(ਹੇ ਭਾਈ!) ਸੱਚਾ ਪ੍ਰਭੂ ਆਪ ਹੀ ਤਿੰਨਾਂ ਕਾਲਾਂ ਵਿਚ ਸੱਤ ਸਰੂਪ ਹੈ।(ਉਹ) ਤਾਣੇ ਪੇਟੇ ਵਾਂਗ ਭਗਤਾਂ ਨਾਲ ਮਿਲਿਆ ਹੋਇਆ ਹੈ।ਪ੍ਰਭੂ ਆਪ ਹੀ ਗੁਪਤ (ਨਿਰਗੁਣ) ਰੂਪ ਹੈ ਅਤੇ ਆਪ ਹੀ ਪ੍ਰਗਟ (ਸਰਗੁਣ) ਰੂਪ ਹੈ, ਪ੍ਰਭੂ ਨੇ ਅਪਣੇ ਆਪ ਨੂੰ ਹੀ ਜਗਤ ਰੂਪ ਵਿਚ ਪਸਾਰਿਆ ਹੋਇਆ ਹੈ।੪।(ਹੇ ਭਾਈ!) ਪ੍ਰਭੂ ਸਦਾ ਸਦਾ ਹੋਣ (ਸਦਾ ਕਾਇਮ ਰਹਿਣ) ਵਾਲਾ ਹੈ।(ਉਹ ਸਭ ਤੋਂ) ਉਚਾ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਅਥਾਹ ਹੈ ਅਤੇ ਬੇਅੰਤ ਹੈ।ਉਹ ਖਾਲੀ ਭਾਂਡੇ ਭਰ ਦੇਂਦਾ ਹੈ ਅਤੇ ਭਰੇ ਹੋਏ ਭਾਂਡੇ ਖਾਲੀ ਕਰ ਦਿੰਦਾ ਹੈ, ਇਹ ਸਾਰੇ ਕੌਤਕ ਕਾਰਨ ਰੂਪ ਪ੍ਰਭੂ ਦੇ ਹਨ।੫।ਹੇ ਸੱਚੇ ਪਾਤਸ਼ਾਹ! ਮੈਂ ਮੂੰਹ ਨਾਲ ਤੈਨੂੰ ਸਲਾਹੁੰਦਾ ਹਾਂ।ਹੇ ਅਗਮ ਤੇ ਅਥਾਹ ਪ੍ਰਭੂ! (ਮੇਰੇ ਤੇ ਕ੍ਰਿਪਾ ਕਰ) ਮੈਂ ਤੈਨੂੰ ਅੱਖਾਂ ਨਾਲ ਦੇਖਾਂ।ਹੇ ਸਾਰੇ ਜੀਵਾਂ ਨੂੰ ਤਾਰਨ ਵਾਲੇ ਮੇਰੇ ਮਾਲਕ! ਕੰਨਾਂ ਨਾਲ ਤੇਰਾ ਜਸ ਸੁਣ ਸੁਣ ਕੇ ਮੇਰਾ ਮਨ ਤੇ ਤਨ ਹਰਾ ਭਰਾ ਹੋਇਆ ਰਹੇ।੬।

ਪਦਾਰਥ = ਦੀਸੈ–ਦਿਸਦਾ ਹੈ।ਸੋ–ਉਹ।ਏਕੋ ਤੂ ਹੈ–ਸਿਰਫ ਇਕ ਤੂੰ ਹੀ ਹੈਂ।ਬਾਣੀ–ਅਵਾਜ; ਬੋਲ।ਸ੍ਰਵਣੀ–ਕੰਨਾਂ ਨਾਲ।ਸੁਣੀਐ–ਸੁਣੀ ਜਾਂਦੀ ਹੈ।ਅਵਰ ਕਾਈ–ਹੋਰ ਕੋਈ।ਨ ਜਾਪਸਿ–ਪ੍ਰਤੀਤ ਨਹੀ ਹੋ ਰਹੀ।ਸਗਲ–ਸਾਰੀ ਸ੍ਰਿਸਟੀ।ਧਾਰਣਾ–ਧਾਰਣ ਕੀਤਾ (ਆਸਰਾ ਦਿਤਾ) ਹੋਇਆ ਹੈ।੧।ਚਿਤਾਰੇ–ਯਾਦ (ਸੰਭਾਲ) ਕਰਦਾ ਹੈ।ਕੀਆ–ਪੈਦਾ ਕੀਤਾ ਹੋਇਆ (ਜਗਤ)।ਥੀਆ–ਹੋਇਆ ਹੈ।ਉਪਾਇ–ਪੈਦਾ ਕਰਕੇ।ਰਚਿਓਨੁ–ਉਸ ਨੇ ਰਚਿਆ।ਘਟਿ ਘਟਿ–ਹਰੇਕ ਜੀਵ ਵਿਚ।ਸਾਰਣਾ–ਸੰਭਾਲ ਕਰਦਾ ਹੈ; ਸਾਰ ਲੈਂਦਾ ਹੈ।੨।ਇਕਿ–ਕਈ (ਮਨੁੱਖ)।ਉਪਾਏ–ਪੈਦਾ ਕੀਤੇ ਹਨ।ਵਡ ਦਰਵਾਰੀ–ਵਡੇ ਦਰਬਾਰਾਂ ਵਾਲੇ।ਉਦਾਸੀ–ਤਿਆਗੀ।ਘਰਬਾਰੀ–ਗ੍ਰਿਹਸਤੀ।ਤ੍ਰਿਪਤਿ ਅਘਾਏ–ਰੱਜੇ ਹੋਏ ਹਨ ਤੇ ਹੋਰਨਾਂ ਨੂੰ ਰਜਾ ਰਹੇ ਹਨ।ਸਭਸੈ–ਸਾਰੇ ਜੀਵਾਂ ਨੂੰ।ਪਾਰਣਾ–ਆਸਰਾ।੩।ਸਤਿ–ਸੱਤ ਸਰੂਪ; ਸਦਾ ਕਾਇਮ ਰਹਿਣ ਵਾਲਾ।ਓਤਿ ਪੋਤਿ–ਤਾਣੇ ਪੇਟੇ ਵਾਂਗ।ਸਾਚਾ–ਸੱਚਾ ਪ੍ਰਭੂ।ਭਗਤਨ ਸੰਗਿ–ਭਗਤਾਂ ਨਾਲ।ਰਾਚਾ–ਮਿਲਿਆ ਹੈ; ਜੁੜਿਆ ਹੋਇਆ ਹੈ।ਗੁਪਤੁ–ਲੁਕਿਆ ਹੋਇਆ।ਆਪਣਾ ਆਪੁ–ਅਪਣੇ ਆਪ ਨੂੰ।ਪਸਾਰਣਾ–ਫੈਲਾਇਆ ਹੋਇਆ ਹੈ।੪।ਸਦ–ਸਦਾ।ਹੋਵਨਹਾਰਾ–ਹੋਣ (ਕਾਇਮ ਰਹਿਣ) ਵਾਲਾ।ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਥਾਹ–ਬਹੁਤ ਡੂੰਘਾ।ਅਪਾਰਾ–ਬੇਅੰਤ; ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ।ਊਣੇ–ਖਾਲੀ।ਭਰੇ ਭਰਿ–ਪੂਰੀ ਤਰ੍ਹਾਂ ਭਰੇ ਹੋਏ।ਚਲਤ–ਕੌਤਕ।ਸੁਆਮੀ ਕੇ–ਮਾਲਕ ਪ੍ਰਭੂ ਦੇ।ਕਾਰਣਾ–ਕਰਨ ਵਾਲੇ ਦੇ; ਕਾਰਨ ਰੂਪ ਪ੍ਰਭੂ ਦੇ।੫।ਮੁਖਿ–ਮੂੰਹ ਨਾਲ।ਸਾਲਾਹੀ–ਸਲਾਹੁੰਦਾ ਹਾਂ।ਸਚੇ ਸਾਹਾ–ਹੇ ਸੱਚੇ ਪਾਤਸ਼ਾਹ!।ਨੈਣੀ–ਅੱਖਾਂ ਨਾਲ।ਪੇਖਾ–ਦੇਖਾਂ।ਕਰਨੀ–ਕੰਨਾਂ ਨਾਲ।ਸੁਣਿ–ਸੁਣ ਕੇ।ਤਨੁ–ਸਰੀਰ।ਹਰਿਆ–ਹਰਾ ਭਰਾ ਹੋਇਆ ਰਹੇ।ਸਾਹਿਬ–ਹੇ ਮਾਲਕ ਪ੍ਰਭੂ!।ਸਗਲ ਉਧਾਰਣਾ–ਸਾਰੇ ਜੀਵਾਂ ਨੂੰ ਭਵਜਲ ਤੋਂ ਤਾਰਨ ਵਾਲਾ।੬।

ਕਰਿ ਕਰਿ ਵੇਖਹਿ ਕੀਤਾ ਅਪਣਾ ॥ ਜੀਅ ਜੰਤ ਸੋਈ ਹੈ ਜਪਣਾ ॥ ਅਪਣੀ ਕੁਦਰਤਿ ਆਪੇ ਜਾਣੈ, ਨਦਰੀ ਨਦਰਿ ਨਿਹਾਲਣਾ ॥੭ ॥ ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ ਅਨੰਦ ਮੰਗਲ ਹਰਿ ਚਲਤ ਤਮਾਸੇ ॥ ਗੁਣ ਗਾਵਹਿ ਅਨਹਦ ਧੁਨਿ ਬਾਣੀ, ਤਹ ਨਾਨਕ

ਦਾਸ ਚਿਤਾਰਣਾ ॥੮॥ ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ ਕਰਿ ਕਰਿ ਦੇਖੈ ਖੇਲੁ ਅਪਾਰਾ ॥ ਆਪਿ ਉਪਾਏ ਉਪਾਵਣਹਾਰਾ, ਅਪਣਾ ਕੀਆ ਪਾਲਣਾ ॥੯॥ ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ ਸਦਾ ਸਦਾ ਜਾਈ ਬਲਿਹਾਰੀ ॥ ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ, ਮੇਰੇ ਸੁਆਮੀ ਅਗਮ ਅਪਾਰਣਾ ॥੧੦॥ ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ ਏਕੋ ਏਕੁ ਜਪੀ ਮਨ ਮਾਹੀ ॥ ਹੁਕਮੁ ਬੂਝਿ ਜਨ ਭਏ ਨਿਹਾਲਾ, ਇਹ ਭਗਤਾ ਕੀ ਘਾਲਣਾ ॥੧੧॥ (ਹੇ ਪ੍ਰਭੂ!) ਤੂੰ ਜੀਵਾਂ ਨੂੰ ਪੈਦਾ ਕਰ ਕਰਕੇ ਅਪਣਾ ਪੈਦਾ ਕੀਤਾ ਸੰਸਾਰ ਦੇਖਦਾ (ਸੰਭਾਲ ਕਰਦਾ) ਹੈਂ।(ਹੇ ਭਾਈ! ਸਾਰੇ) ਜੀਵ ਜੰਤਾਂ ਨੇ ਉਸ ਪ੍ਰਭੂ ਨੂੰ ਹੀ ਜਪਣਾ ਹੈ।ਪ੍ਰਭੂ ਅਪਣੀ ਕੁਦਰਤ ਨੂੰ ਆਪ ਹੀ ਜਾਣਦਾ ਹੈ, ਨਜਰ ਕਰਨ ਵਾਲਾ ਪ੍ਰਭੂ ਮੇਹਰ ਦੀ ਨਜਰ ਨਾਲ (ਮਨੁੱਖ ਨੂੰ) ਨਿਹਾਲ ਕਰ ਦੇਂਦਾ ਹੈ; ਮੇਹਰ ਦੀ ਨਜਰ ਨਾਲ ਸਾਰੇ ਜੀਵਾਂ ਵੱਲ ਦੇਖਦਾ ਹੈ।੭।(ਹੇ ਭਾਈ!) ਜਿਥੇ ਸੰਤ ਦੀ ਸਭਾ ਬੈਠਦੀ ਹੈ, ਉਥੇ (ਸੰਤ ਜਨ) ਪ੍ਰਭੂ ਦੇ ਪਾਸ ਬੈਠੇ ਹੁੰਦੇ ਹਨ; ਹੇ ਪ੍ਰਭੂ! (ਉਥੇ ਤੂੰ ਸੰਤ ਸਭਾ ਦੇ) ਪਾਸ ਹੀ ਹੁੰਦਾ ਹੈਂ (ਸ਼ਬਦਾਰਥ; ਸੰ.ਸ.; ਫ.ਸ. ਟਕਸਾਲ)।ਪ੍ਰਭੂ ਦੇ ਕੌਤਕ ਤੇ ਤਮਾਸ਼ੇ ਦੇਖ ਕੇ ਸੰਤ ਜਨ ਆਤਮਕ ਅਨੰਤ ਤੇ ਖੁਸ਼ੀਆਂ ਮਾਣਦੇ ਹਨ।(ਉਹ ਸੰਤ ਜਨ) ਬਾਣੀ ਦੁਆਰਾ ਇਕ ਰਸ ਧੁਨੀ ਨਾਲ ਪ੍ਰਭੂ ਦੇ ਗੁਣ ਗਾਉਂਦੇ ਹਨ, (ਹੇ ਪ੍ਰਭੂ! ਮੇਰੇ ਤੇ ਮੇਹਰ ਕਰ), ਉਸ (ਸੰਤ ਸਭਾ ਵਿਚ) ਦਾਸ ਨਾਨਕ ਵੀ ਤੈਨੂੰ ਚੇਤੇ ਕਰਦਾ ਰਹੇ।੮।(ਹੇ ਪ੍ਰਭੂ! ਸੰਸਾਰ ਵਿਚ) ਜੀਵਾਂ ਦਾ ਆਉਣਾ ਜਾਣਾ (ਜੰਮਣਾ ਮਰਨਾ) ਸਾਰਾ ਤੇਰਾ ਰਚਿਆ ਕੌਤਕ ਹੈ।(ਹੇ ਭਾਈ!) ਬੇਅੰਤ ਪ੍ਰਭੂ ਇਹ ਖੇਲ ਕਰ ਕਰਕੇ ਦੇਖ ਰਿਹਾ ਹੈ।ਪੈਦਾ ਕਰਨ ਵਾਲਾ ਪ੍ਰਭੂ ਆਪ ਹੀ (ਜੀਵਾਂ ਨੂੰ) ਪੈਦਾ ਕਰਦਾ ਹੈ ਅਤੇ ਅਪਣੇ ਪੈਦਾ ਕੀਤੇ ਜੀਵਾਂ ਨੂੰ ਆਪ ਹੀ ਪਾਲਦਾ ਹੈ।੯।(ਹੇ ਪ੍ਰਭੂ!) ਮੈਂ ਤੇਰੀ ਸੋਭਾ ਸੁਣ ਸੁਣ ਕੇ ਜਿਉਂਦਾ ਹਾਂ।ਮੈਂ ਸਦਾ ਸਦਾ ਤੇਰੇ ਤੋਂ ਬਲਹਾਰ ਜਾਂਦਾ ਹਾਂ।ਹੇ ਮੇਰੇ ਅਗਮ ਤੇ ਅਪਾਰ ਮਾਲਕ ਪ੍ਰਭੂ! ਮੈਂ ਦੋਵੇਂ ਹੱਥ ਜੋੜ ਕੇ ਦਿਨ ਰਾਤ ਤੈਨੂੰ ਸਿਮਰਦਾ ਹਾਂ।੧੦।(ਹੇ ਪ੍ਰਭੂ!) ਤੇਰੇ ਬਿਨਾ ਮੈਂ ਹੋਰ ਦੂਜੇ ਕਿਸ ਦੀ ਸਿਫਤ ਸਲਾਹ ਕਰਾਂ? ਮੈਂ ਅਪਣੇ ਮਨ ਵਿਚ ਸਿਰਫ ਇਕ ਤੈਨੂੰ ਹੀ ਜਪਦਾ ਹਾਂ।ਤੇਰਾ ਹੁਕਮ ਸਮਝ (ਮੰਨ) ਕੇ ਸੇਵਕ ਜਨ ਨਿਹਾਲ ਹੋ ਗਏ ਹਨ, ਭਗਤਾਂ ਦੀ ਇਹੋ ਅਸਲ ਕਮਾਈ ਹੈ।੧੧।

ਪਦਾਰਥ = ਕਰਿ ਕਰਿ–ਪੈਦਾ ਕਰ ਕਰਕੇ।ਕੀਤਾ–ਪੈਦਾ ਕੀਤਾ ਸੰਸਾਰ।ਜੀਅ ਜੰਤ–ਛੋਟੇ ਵੱਡੇ ਜੀਵ।ਸੋਈ–ਉਸ (ਪ੍ਰਭੂ) ਨੂੰ ਹੀ। ਕੁਦਰਤਿ–ਰਚਨ ਸ਼ਕਤੀ।ਆਪੇ–ਆਪ ਹੀ।ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ।ਨਦਰਿ–ਮੇਹਰ ਦੀ ਨਜਰ ਨਾਲ।ਨਿਹਾਲਣਾ –ਨਿਹਾਲ ਕਰਦਾ ਹੈ; ਦੇਖਦਾ ਹੈ।੭।ਸੰਤ ਸਭਾ–ਸੰਤਾਂ ਦੀ ਸਭਾ (ਸੰਗਤ)।ਜਹ–ਜਿੱਥੇ।ਬੈਸਹਿ–ਬੈਠਦੀ ਹੈ।ਪਾਸੇ–ਪਾਸ (ਕੋਲ)। ਮੰਗਲ–ਖੁਸ਼ੀਆਂ।ਚਲਤ–ਕੌਤਕ।ਅਨਹਦ ਧੁਨਿ–ਇਕ ਰਸ ਸੁਰ ਨਾਲ।ਤਹ–ਉਥੇ; ਉਸ।ਚਿਤਾਰਣਾ–ਚੇਤੇ ਕਰਦਾ ਹੈ।੮।ਆਵਣੁ ਜਾਣਾ–ਜੰਮਣਾ ਮਰਨਾ।ਚਲਤੁ–ਕੌਤਕ; ਖੇਲ।ਅਪਾਰਾ–ਬੇਅੰਤ ਪ੍ਰਭੂ।ਉਪਾਏ–ਪੈਦਾ ਕਰਦਾ ਹੈ।ਉਪਾਵਣਹਾਰਾ–ਪੈਦਾ ਕਰਨ ਵਾਲਾ ਪ੍ਰਭੂ।ਕੀਆ–ਪੈਦਾ ਕੀਤੇ ਨੂੰ।ਪਾਲਣਾ–ਪਾਲਦਾ ਹੈ।੯।ਸੁਣਿ–ਸੁਣ ਕੇ।ਸੋਇ–ਸੋਭਾ।ਜੀਵਾ–ਜਿਉਂਦਾ ਹਾਂ।ਜਾਈ ਬਲਿਹਾਰੀ–ਮੈਂ ਸਦਕੇ ਜਾਂਦਾ ਹਾਂ।ਦੁਇ ਕਰ–ਦੋਵੇਂ ਹੱਥ।ਜੋੜਿ–ਜੋੜ ਕੇ।ਸਿਮਰਉ–ਮੈਂ ਸਿਮਰਦਾ ਹਾਂ।ਰਾਤੀ–ਰਾਤ।ਸੁਆਮੀ–ਮਾਲਕ ਪ੍ਰਭੂ।ਅਗਮ –ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ!।ਅਪਾਰਣਾ–ਹੇ ਬੇਅੰਤ ਪ੍ਰਭੂ!।੧੦।ਸਾਲਾਹੀ–ਸਿਫਤ ਸਲਾਹ ਕਰਾਂ।ਜਪੀ–ਮੈਂ ਜਪਦਾ ਹਾਂ।ਮਨ ਮਾਹੀ–ਮਨ ਵਿਚ।ਜਨ–ਸੇਵਕ।ਬੂਝਿ–ਸਮਝ ਕੇ।ਭਏ ਨਿਹਾਲਾ–ਨਿਹਾਲ ਹੋਏ ਹਨ।ਘਾਲਣਾ–ਮਿਹਨਤ; ਕਮਾਈ।੧੧।

ਗੁਰ ਉਪਦੇਸਿ ਜਪੀਐ ਮਨਿ ਸਾਚਾ ॥ ਗੁਰ ਉਪਦੇਸਿ ਰਾਮ ਰੰਗਿ ਰਾਚਾ ॥ ਗੁਰ ਉਪਦੇਸਿ ਤੁਟਹਿ ਸਭਿ ਬੰਧਨ, ਇਹੁ ਭਰਮੁ ਮੋਹੁ ਪਰਜਾਲਣਾ ॥੧੨॥ ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਇ ਸੋਈ ਭਲ ਮਾਨਾ ॥ ਬਿਨਸੇ ਬੈਰ ਨਾਹੀ ਕੋ ਬੈਰੀ, ਸਭੁ ਏਕੋ ਹੈ ਭਾਲਣਾ ॥੧੩॥ ਡਰ ਚੂਕੇ ਬਿਨਸੇ ਅੰਧਿਆਰੇ ॥ ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥ ਆਪੁ ਛੋਡਿ ਪਏ ਸਰਣਾਈ, ਜਿਸ ਕਾ ਸਾ ਤਿਸੁ ਘਾਲਣਾ ॥੧੪॥ ਐਸਾ ਕੋ ਵਡਭਾਗੀ ਆਇਆ ॥ ਆਠ ਪਹਰ ਜਿਨਿ ਖਸਮੁ ਧਿਆਇਆ ॥ ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ, ਸੋ ਪਰਵਾਰ ਸਧਾਰਣਾ ॥੧੫॥ ਇਹ ਬਖਸੀਸ ਖਸਮ ਤੇ ਪਾਵਾ ॥ ਆਠ ਪਹਰ ਕਰ ਜੋੜਿ ਧਿਆਵਾ ॥ ਨਾਮੁ ਜਪੀ ਨਾਮਿ ਸਹਜਿ ਸਮਾਵਾ, ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥ (ਹੇ ਭਾਈ!) ਗੁਰੂ ਦੇ ਉਪਦੇਸ਼ ਦੁਆਰਾ ਮਨ ਵਿਚ ਪ੍ਰਭੂ ਦਾ ਸੱਚਾ ਨਾਮ ਜਪਣਾ ਚਾਹੀਦਾ ਹੈ।ਗੁਰੂ ਦੇ ਉਪਦੇਸ਼ ਦੁਆਰਾ ਮਨ ਪ੍ਰਭੂ ਦੇ ਪ੍ਰੇਮ ਵਿਚ ਰਚ ਜਾਂਦਾ ਹੈ।ਗੁਰੂ ਦੇ ਉਪਦੇਸ਼ ਦੁਆਰਾ ਸਾਰੇ ਬੰਧਨ ਟੁੱਟ ਜਾਂਦੇ ਹਨ ਅਤੇ (ਗੁਰੂ ਦੇ ਉਪਦੇਸ਼ ਦੁਆਰਾ) ਇਹ ਭਰਮ ਤੇ ਸਰੀਰ ਦਾ ਮੋਹ ਚੰਗੀ ਤਰ੍ਹਾਂ ਸਾੜ ਦੇਈਦਾ ਹੈ।੧੨।(ਹੇ ਭਾਈ!

ਗੁਰਮੁਖ ਦਾ ਨਿਸ਼ਚਾ ਹੁੰਦਾ ਹੈ ਕਿ) ਜਿਥੇ ਪ੍ਰਭੂ ਰੱਖਦਾ ਹੈ, (ਗੁਰਮੁਖ ਲਈ) ਉਹ ਹੀ ਥਾਂ ਸੁਖ ਦੇਣ ਵਾਲਾ ਹੈ।(ਜੋ ਕੁਛ) ਸੁਭਾਵਕ ਹੀ ਹੋ ਰਿਹਾ ਹੈ, (ਗੁਰਮੁਖ) ਉਹ ਹੀ ਭਲਾ ਕਰਕੇ ਮੰਨਦਾ ਹੈ।(ਉਸ ਦੇ ਮਨ ਵਿਚੋਂ) ਵੈਰ ਵਿਰੋਧ ਨਾਸ਼ ਹੋ ਜਾਂਦਾ ਹੈ, (ਉਸ ਦਾ ਹੁਣ) ਕੋਈ ਵੈਰੀ ਨਹੀਂ ਰਹਿੰਦਾ, (ਉਸ ਨੇ) ਸਭ ਜਗ੍ਹਾ ਇਕ ਪ੍ਰਭੂ ਨੂੰ ਹੀ ਭਾਲਣਾ ਹੁੰਦਾ ਹੈ।੧੩।(ਹੇ ਭਾਈ! ਜਿਸ ਮਨੁੱਖ ਦੇ ਅੰਦਰੋਂ ਸਾਰੇ) ਡਰ ਮੁੱਕ ਗਏ ਹਨ ਅਤੇ ਅਗਿਆਨਤਾ ਦੇ ਹਨ੍ਹੇਰੇ ਵੀ ਨਾਸ਼ ਹੋ ਗਏ ਹਨ।(ਉਸ ਦੇ ਹਿਰਦੇ ਵਿਚ) ਨਿਰਲੇਪ ਪ੍ਰਭੂ ਜੀ ਪ੍ਰਗਟ ਹੋ ਗਏ ਹਨ।(ਉਹ) ਆਪਾ ਭਾਵ ਛਡ ਕੇ ਪ੍ਰਭੂ ਦੀ ਸ਼ਰਣ ਵਿਚ ਆ ਪਿਆ ਹੈ, (ਉਹ) ਜਿਸ ਪ੍ਰਭੂ ਦਾ ਪੈਦਾ ਕੀਤਾ ਹੋਇਆ ਸੀ, (ਉਹ) ਉਸੇ ਪ੍ਰਭੂ ਦੇ ਸਿਮਰਨ ਦੀ ਘਾਲ ਕਮਾਈ ਕਰਦਾ ਹੈ।੧੪।(ਹੇ ਭਾਈ!) ਅਜੇਹਾ ਕੋਈ ਵਿਰਲਾ ਹੀ ਵਡੇ ਭਾਗਾਂ ਵਾਲਾ ਮਨੁੱਖ ਸੰਸਾਰ ਵਿਚ ਜਨਮ ਲੈ ਕੇ ਆਇਆ ਹੈ।ਜਿਸ ਨੇ ਅੱਠੇ ਪਹਿਰ ਮਾਲਕ ਪ੍ਰਭੂ ਨੂੰ ਸਿਮਰਿਆ ਹੈ।ਉਸ ਮਨੁੱਖ ਦੇ ਨਾਲ ਲਗ ਕੇ ਸਭ ਕੋਈ (ਹਰੇਕ ਮਨੁੱਖ ਭਵਜਲ ਤੋਂ) ਤਰ ਜਾਂਦਾ ਹੈ, ਉਹ ਅਪਣੇ ਪ੍ਰਵਾਰ ਨੂੰ ਵੀ ਸੁਧਾਰ ਲੈਂਦਾ ਹੈ (ਪ੍ਰਭੂ ਨਾਲ ਜੋੜਦਾ ਹੈ); ਉਹ ਪ੍ਰਵਾਰ ਦਾ ਵੀ ਸਹਾਰਾ ਬਣ ਜਾਂਦਾ ਹੈ।੧੫।ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਦੀ ਮੇਹਰ ਨਾਲ ਅਪਣੇ) ਮਾਲਕ ਤੋਂ ਮੈਂ ਇਹ ਦਾਤ ਪ੍ਰਾਪਤ ਕਰਾਂ।ਕਿ ਮੈਂ ਅੱਠੇ ਪਹਰ ਹੱਥ ਜੋੜ ਕੇ ਪ੍ਰਭੂ ਨੂੰ ਸਿਮਰਦਾ ਰਹਾਂ।ਮੈਂ ਪ੍ਰਭੂ ਦਾ ਨਾਮ ਜਪਦਾ ਰਹਾਂ, ਨਾਮ ਦੁਆਰਾ ਸਹਿਜ ਅਵਸਥਾ ਵਿਚ ਸਮਾ ਜਾਵਾਂ ਅਤੇ ਮੈਨੂੰ ਨਾਮ ਉਚਾਰਨ ਦਾ ਦਾਨ ਮਿਲ ਜਾਵੇ।੧੬।੧।੬।

ਪਦਾਰਥ = ਉਪਦੇਸਿ–ਉਪਦੇਸ਼ ਰਾਹੀਂ।ਮਨਿ–ਮਨ ਵਿਚ।ਸਾਚਾ–ਸੱਚਾ ਨਾਮ।ਰਾਮ ਰੰਗਿ–ਪ੍ਰਭੂ ਦੇ ਪ੍ਰੇਮ ਵਿਚ।ਰਾਚਾ–ਰਚ ਜਾਂਦਾ ਹੈ।ਤੁਟਹਿ–ਟੁੱਟ ਜਾਂਦੇ ਹਨ।ਪਰਜਾਲਣਾ–ਚੰਗੀ ਤਰ੍ਹਾਂ ਸਾੜ ਦੇਈਦਾ ਹੈ।੧੨।ਜਹ–ਜਿੱਥੇ।ਸੋਈ–ਉਹ ਹੀ।ਸੁਖ ਥਾਨਾ–ਸੁਖ ਦੇਣ ਵਾਲਾ ਥਾਂ।ਸਹਜੇ ਹੋਇ–ਸੁਭਾਵਕ ਹੀ ਹੁੰਦਾ ਹੈ।ਭਲ ਮਾਨਾ–ਭਲਾ ਕਰਕੇ ਮੰਨਦਾ ਹੈ।ਬਿਨਸੇ–ਨਾਸ਼ ਹੋ ਜਾਂਦਾ ਹੈ।ਕੋ–ਕੋਈ।ਏਕੋ–ਇਕ ਪ੍ਰਭੂ ਨੂੰ।ਹੈ ਭਾਲਣਾ–ਖੋਜਣਾ ਹੁੰਦਾ ਹੈ।੧੩।ਚੂਕੇ–ਮੁੱਕ ਗਏ ਹਨ।ਅੰਧਿਆਰੇ–ਹਨ੍ਹੇਰੇ।ਭਏ–ਹੋ ਗਏ ਹਨ।ਨਿਰਾਰੇ–ਨਿਰਲੇਪ।ਆਪੁ–ਆਪਾ ਭਾਵ (ਅਪਣੱਤ)।ਪਏ–ਪਿਆ ਹੈ।ਜਿਸ ਕਾ–ਜਿਸ ਪ੍ਰਭੂ ਦਾ।ਸਾ–ਸੀ।ਤਿਸੁ ਘਾਲਣਾ–ਉਸ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।੧੪।ਐਸਾ ਕੋ–ਅਜੇਹਾ ਕੋਈ (ਮਨੁੱਖ)।ਵਡਭਾਗੀ–ਵੱਡੇ ਭਾਗਾਂ ਵਾਲਾ।ਆਇਆ–ਜਨਮ ਲੈ ਕੇ ਆਇਆ ਹੈ। ਜਿਨਿ–ਜਿਸ ਨੇ।ਖਸਮੁ–ਮਾਲਕ ਪ੍ਰਭੂ ਨੂੰ।ਤਿਸੁ ਜਨ ਕੈ–ਉਸ ਮਨੁੱਖ ਦੇ।ਸੰਗਿ–ਨਾਲ ਲਗ ਕੇ; ਸੰਗਤ ਵਿਚ।ਤਰੈ–ਤਰ ਜਾਂਦਾ ਹੈ। ਸਭੁ ਕੋਈ–ਹਰੇਕ ਮਨੁੱਖ।ਸੋ–ਉਹ (ਮਨੁੱਖ)।ਸਧਾਰਣਾ–ਸੁਧਾਰ ਲੈਂਦਾ ਹੈ; ਸਹਾਰਾ ਬਣਦਾ ਹੈ।੧੫।ਬਖਸੀਸ–ਦਾਤ; ਮੇਹਰਵਾਨੀ। ਤੇ–ਤੋਂ।ਪਾਵਾ–ਪ੍ਰਾਪਤ ਕਰਾਂ।ਕਰ ਜੋੜਿ–ਹੱਥ ਜੋੜ ਕੇ।ਧਿਆਵਾ–ਮੈਂ ਸਿਮਰਾਂ।ਜਪੀ–ਮੈਂ ਜਪਾਂ।ਨਾਮਿ–ਨਾਮ ਰਾਹੀਂ।ਸਹਜਿ–ਸਹਿਜ ਅਵਸਥਾ ਵਿਚ।ਸਮਾਵਾ–ਲੀਨ ਹੋ ਜਾਵਾਂ।ਮਿਲੈ ਉਚਾਰਣਾ–ਉਚਾਰਨ ਦਾ ਦਾਨ ਮਿਲ ਜਾਵੇ।੧੬।੨।੬।

ਮਾਰੂ ਮਹਲਾ ੫ ॥ ਸੂਰਤਿ ਦੇਖਿ ਨ ਭੂਲੁ ਗਵਾਰਾ ॥ ਮਿਥਨ ਮੋਹਾਰਾ ਝੂਠੁ ਪਸਾਰਾ ॥ ਜਗ ਮਹਿ ਕੋਈ ਰਹਣੁ ਨ ਪਾਏ, ਨਿਹਚਲੁ ਏਕੁ ਨਾਰਾਇਣਾ ॥੧॥ ਗੁਰ ਪੂਰੇ ਕੀ ਪਉ ਸਰਣਾਈ ॥ ਮੋਹੁ ਸੋਗੁ ਸਭੁ ਭਰਮੁ ਮਿਟਾਈ ॥ ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ,ਸਚੁ ਨਾਮੁ ਰਿਦ ਗਾਇਣਾ ॥੨॥ ਹੇ ਮੂਰਖ ਬੰਦੇ! ਤੂੰ ਅਪਣੀ ਸੁੰਦਰ ਸ਼ਕਲ ਦੇਖ ਨਾ ਭੁੱਲ।(ਇਹ ਸਾਰਾ) ਝੂਠੇ ਮੋਹ ਦਾ ਝੂਠਾ ਪਸਾਰਾ ਹੈ।(ਇਸ) ਜਗਤ ਵਿਚ ਕੋਈ ਵੀ ਜੀਵ (ਸਦਾ ਲਈ) ਨਿਵਾਸ ਪ੍ਰਾਪਤ ਨਹੀਂ ਕਰ ਸਕਦਾ, ਕੇਵਲ ਇਕ ਪ੍ਰਭੂ ਹੀ ਸਦਾ ਕਾਇਮ ਰਹਿਣ ਵਾਲਾ ਹੈ।੧।(ਹੇ ਮੂਰਖ ਬੰਦੇ!) ਤੂੰ ਪੂਰੇ ਗੁਰੂ ਦੀ ਸ਼ਰਣ ਵਿਚ ਜਾ ਪਉ।(ਸ਼ਰਣ ਵਿਚ ਆਏ ਮਨੁੱਖ ਦਾ ਗੁਰੂ) ਮੋਹ, ਸੋਗ ਅਤੇ ਸਭ ਤਰ੍ਹਾਂ ਦਾ ਭਰਮ ਮਿਟਾ ਦੇਂਦਾ ਹੈ।(ਉਹ) ਇਕ ਸਤਿਨਾਮ ਮੰਤ੍ਰ ਰੂਪ ਦਵਾਈ ਦ੍ਰਿੜ ਕਰਾਉਂਦਾ ਹੈ, (ਇਸ ਲਈ ਅਪਣੇ) ਹਿਰਦੇ ਵਿਚ ਸੱਚਾ ਨਾਮ ਗਾਉਣਾ ਚਾਹੀਦਾ ਹੈ।੨।

ਅੰਗ ੧੦੭੮ = ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥ ਸਗਲ ਭਗਤ ਜਾ ਕੀ ਕਰਦੇ ਸੇਵਾ ॥ ਅਨਾਥਾ ਨਾਥੁ ਦੀਨ ਦੁਖ ਭੰਜਨੁ ,ਸੋ ਗੁਰ ਪੂਰੇ ਤੇ ਪਾਇਣਾ ॥੩॥ ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥ ਸਤਿਗੁਰ ਸਾਹੁ ਭੰਡਾਰੁ ਨਾਮ ਜਿਸੁ ,ਇਹੁ ਰਤਨੁ ਤਿਸੈ ਤੇ ਪਾਇਣਾ ॥੪॥ ਜਾ ਕੀ ਧੂਰਿ ਕਰੇ ਪੁਨੀਤਾ ॥ ਸੁਰਿ ਨਰ ਦੇਵ ਨ ਪਾਵਹਿ ਮੀਤਾ ॥ ਸਤਿ ਪੁਰਖੁ ਸਤਿਗੁਰੁ ਪਰਮੇਸਰੁ ,ਜਿਸੁ ਭੇਟਤ ਪਾਰਿ ਪਰਾਇਣਾ ॥੫॥ (ਹੇ ਮੂਰਖ! ਪ੍ਰਭੂ ਦੇ) ਜਿਸ ਨਾਮ ਨੂੰ ਪ੍ਰਾਪਤ ਕਰਨ ਲਈ ਬਹੁਤ ਸਾਰੇ ਦੇਵਤੇ ਵੀ ਤਰਸਦੇ ਹਨ।ਜਿਸ ਪ੍ਰਭੂ ਦੀ ਸਾਰੇ ਭਗਤ ਵੀ ਸੇਵਾ ਭਗਤੀ ਕਰਦੇ ਹਨ।ਪ੍ਰਭੂ ਅਨਾਥਾਂ ਦਾ ਨਾਥ ਅਤੇ ਗਰੀਬਾਂ ਦੇ ਦੁਖ ਨਾਸ਼

ਕਰਨ ਵਾਲਾ ਹੈ, ਉਹ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ।੩।(ਹੇ ਭਾਈ! ਗੁਰੂ ਤੋਂ ਬਿਨਾ) ਹੋਰ ਕੋਈ ਦਰ ਸੁਝਦਾ ਨਹੀਂ (ਜਿਥੋਂ ਪ੍ਰਭੂ ਦਾ ਨਾਮ ਮਿਲਦਾ ਹੋਵੇ।ਭਾਵੇਂ ਕੋਈ ਮਨੁੱਖ) ਤਿੰਨਾਂ ਭਵਨਾਂ ਵਿਚ ਦੌੜ ਭੱਜ ਕਰਦਾ ਫਿਰੇ, ਤਾਂ ਵੀ (ਉਹ ਗੁਰੂ ਤੋਂ ਬਿਨਾ) ਕੁਛ ਸਮਝ ਨਹੀਂ ਸਕਦਾ।ਜਿਸ ਨਾਮ ਦਾ ਭੰਡਾਰ ਸਤਿਗੁਰੂ ਸ਼ਾਹ ਕੋਲ ਹੈ, ਇਹ ਨਾਮ ਰਤਨ ਉਸੇ (ਗੁਰੂ) ਤੋਂ ਪ੍ਰਾਪਤ ਹੁੰਦਾ ਹੈ।੪।(ਹੇ ਭਾਈ!) ਜਿਸ ਗੁਰੂ ਦੀ ਚਰਨ ਧੂੜ ਜੀਵ ਨੂੰ ਪਵਿਤ੍ਰ ਕਰ ਦੇਂਦੀ ਹੈ।ਹੇ ਮਿਤ੍ਰ! (ਗੁਰੂ ਦੀ ਚਰਨ ਧੂੜ) ਦੈਵੀ ਪੁਰਖ ਤੇ ਦੇਵਤੇ ਵੀ ਨਹੀਂ ਪਾ ਸਕਦੇ।ਸੱਚਾ ਪੁਰਖ ਸਤਿਗੁਰੂ ਪ੍ਰਮੇਸਰ ਰੂਪ ਹੈ, ਜਿਸ ਨੂੰ ਮਿਲਿਆਂ (ਭਵਜਲ ਤੋਂ) ਪਾਰ ਪਈਦਾ ਹੈ।੫।

ਪਦਾਰਥ = ਸੂਰਤਿ–ਸ਼ਕਲ।ਦੇਖਿ–ਦੇਖ ਕੇ।ਗਵਾਰਾ–ਹੇ ਮੂਰਖ ਮਨੁੱਖ!।ਮਿਥਨ–ਝੂਠਾ।ਮੋਹਾਰਾ–ਮੋਹ ਦਾ।ਜਗ ਮਹਿ–ਜਗਤ ਵਿਚ।ਰਹਣੁ ਨ ਪਾਏ–ਨਿਵਾਸ ਪ੍ਰਾਪਤ ਨਹੀਂ ਕਰ ਸਕਦਾ।ਨਿਹਚਲੁ–ਸਦਾ ਕਾਇਮ ਰਹਿਣ ਵਾਲਾ।੧।ਪਉ ਸਰਣਾਈ–ਸ਼ਰਨ ਵਿਚ ਪੈ ਜਾਹ।ਸਭੁ ਭਰਮੁ–ਸਭ ਤਰ੍ਹਾਂ ਦਾ ਭਰਮ।ਏਕੋ ਮੰਤ੍ਰੁ–ਇਕ ਸਤਿਨਾਮ ਮੰਤ੍ਰ {ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ।ਭਾ.ਗੁ.ਵਾਰ ੧–੨੩}।ਦ੍ਰਿੜਾਏ–ਦ੍ਰਿੜ ਕਰਾਉਂਦਾ ਹੈ।ਅਉਖਧੁ–ਦਵਾਈ।ਰਿਦ–ਹਿਰਦੇ ਵਿਚ।ਗਾਇਣਾ–ਗਾਉਣਾ ਚਾਹੀਦਾ ਹੈ।੨।ਨਾਮੈ ਕਉ–ਨਾਮ ਨੂੰ।ਤਰਸਹਿ–ਤਾਂਘ ਕਰਦੇ ਹਨ; ਚਾਹੁੰਦੇ ਹਨ।ਬਹੁ ਦੇਵਾ–ਬਹੁਤ ਦੇਵਤੇ।ਸਗਲ–ਸਾਰੇ।ਜਾ ਕੀ–ਜਿਸ (ਪ੍ਰਭੂ) ਦੀ।ਸੇਵਾ–ਸੇਵਾ ਭਗਤੀ।ਅਨਾਥਾ–ਯਤੀਮਾਂ ਦਾ।ਨਾਥੁ–ਮਾਲਕ।ਦੀਨ–ਗਰੀਬਾਂ ਦੇ।ਭੰਜਨੁ–ਨਾਸ਼ ਕਰਨ ਵਾਲਾ।ਸੋ–ਉਹ (ਪ੍ਰਭੂ)।ਪਾਇਣਾ–ਪ੍ਰਾਪਤ ਹੁੰਦਾ ਹੈ।੩।ਦੁਆਰਾ–ਦਰ।ਤ੍ਰਿਭਵਣ–ਤਿੰਨਾਂ ਭਵਨਾਂ ਵਿਚ।ਧਾਵੈ–ਦੌੜਦਾ ਫਿਰੇ।ਭੰਡਾਰੁ–ਖਜਾਨਾ।ਤਿਸੈ ਤੇ–ਉਸੇ (ਗੁਰੂ) ਤੋਂ।ਪਾਇਣਾ–ਪ੍ਰਾਪਤ ਹੁੰਦਾ ਹੈ।੪।ਧੂਰਿ–ਚਰਨ ਧੂੜ।ਕਰੇ ਪੁਨੀਤਾ–ਪਵਿਤ੍ਰ ਕਰਦੀ ਹੈ।ਸੁਰਿ ਨਰ–ਦੈਵੀ ਪੁਰਖ।ਮੀਤਾ–ਹੇ ਮਿਤ੍ਰ!।ਭੇਟਤ–ਮਿਲਿਆਂ।ਪਾਰਿ ਪਰਾਇਣਾ–ਪਾਰ ਪਈਦਾ ਹੈ।੫।

ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥ ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ, ਨਾਮੁ ਕਮਾਇ ਰਸਾਇਣਾ ॥੬॥ ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥ ਪਾਰਸੁ ਜਬ ਭੇਟੈ ਗੁਰੁ ਪੂਰਾ, ਤਾ ਪਾਰਸੁ ਪਰਸਿ ਦਿਖਾਇਣਾ ॥੭॥ ਕਈ ਬੈਕੁੰਠ ਨਾਹੀ ਲਵੈ ਲਾਗੇ ॥ ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ ਏਕੰਕਾਰੁ ਸਤਿਗੁਰ ਤੇ ਪਾਈਐ, ਹਉ ਬਲਿ ਬਲਿ ਗੁਰ ਦਰਸਾਇਣਾ ॥੮॥ ਗੁਰ ਕੀ ਸੇਵ ਨ ਜਾਣੈ ਕੋਈ ॥ ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥ ਜਿਸ ਨੋ ਲਾਇ ਲਏ ਸੋ ਸੇਵਕੁ ,ਜਿਸੁ ਵਡਭਾਗ ਮਥਾਇਣਾ ॥੯॥ ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥ ਪਾਰਬ੍ਰਹਮ ਅਪਰੰਪਰ ਸਤਿਗੁਰ, ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥ ਹੇ ਪਿਆਰੇ ਮਨ! ਜੇ ਤੂੰ ਪਾਰਜਾਤ ਬ੍ਰਿਛ ਪ੍ਰਾਪਤ ਕਰਨਾ ਚਾਹੁੰਦਾ ਹੈਂ {ਪਾਰਜਾਤੁ ਘਰਿ ਆਗਨਿ ਮੇਰੈ, ਪੁਹਪ ਪਤ੍ਰ ਤਤੁ ਡਾਲਾ ੫੦੩}।ਅਤੇ (ਚਾਹੁੰਦਾ ਹੈਂ ਕਿ) ਕਾਮਧੇਨ ਗਾਂ ਤੇਰੇ ਦੁਆਰੇ ਉਤੇ ਸੋਭਦੀ ਰਹੇ।ਤਾਂ ਤੂੰ ਪੂਰੇ ਗੁਰੂ ਦੀ ਸੇਵਾ ਕਰ, (ਜਿਸ ਪਾਸੋਂ) ਤ੍ਰਿਪਤੀ ਤੇ ਸੰਤੋਖ ਮਿਲਦਾ ਹੈ ਅਤੇ ਨਾਮ ਸਿਮਰਨ ਦੀ ਕਮਾਈ ਕਰ, ਜੋ ਰਸਾਂ ਦਾ ਘਰ ਹੈ (ਜਦ ਪੂਰਾ ਰੱਜ ਤੇ ਸੰਤੋਖ ਆ ਗਿਆ, ਤਾਂ ਸਮਝੋ ਕਿ ਪਾਰਜਾਤ ਤੇ ਕਾਮਧੇਨ ਮਿਲ ਗਏ ਹਨ)।੬।(ਹੇ ਮਨ!) ਗੁਰੂ ਦੇ ਸ਼ਬਦ ਦੁਆਰਾ ਕਾਮਾਦਿਕ ਪੰਜ ਵਿਕਾਰ ਮਰ ਜਾਂਦੇ ਹਨ।ਪ੍ਰਭੂ ਦਾ ਭੈ ਧਾਰਨ ਕਰ, ਤੂੰ ਪਵਿਤ੍ਰ ਹੋ ਜਾਏਂਗਾ।ਜਦੋਂ ਪਾਰਸ ਰੂਪ ਪੂਰਾ ਗੁਰੂ ਮਿਲਦਾ ਹੈ, ਤਾਂ ਪਾਰਸ ਗੁਰੂ ਨੂੰ ਪਰਸ ਕੇ ਸਭ ਪਾਸੇ ਪ੍ਰਭੂ ਦਿਖਾਈ ਦੇਣ ਲਗ ਜਾਂਦਾ ਹੈ; ਮਨੁੱਖ ਪਾਰਸ ਬਣਿਆ ਦਿਸ ਪੈਂਦਾ ਹੈ (ਸ਼ਬਦਾਰਥ)।੭।(ਹੇ ਭਾਈ!) ਕਈ ਬੈਕੁੰਠ (ਗੁਰੂ ਦੀ ਸੰਗਤ ਦੀ) ਬਰਾਬਰੀ ਨਹੀਂ ਕਰ ਸਕਦੇ।ਗਿਆਨ ਵਾਨ ਪੁਰਖ ਮੁਕਤੀ ਨੂੰ ਵੀ ਤੁੱਛ ਜਿਹੀ ਸਮਝ ਕੇ ਛਡ ਦੇਂਦਾ ਹੈ।ਇਕ ਪ੍ਰਮਾਤਮਾ ਸਤਿਗੁਰੂ ਤੋਂ ਪਾਇਆ ਜਾਂਦਾ ਹੈ, ਮੈਂ ਮਨ ਅਤੇ ਸਰੀਰ ਕਰਕੇ ਸਤਿਗੁਰੂ ਦੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹਾਂ।੮।(ਹੇ ਭਾਈ!) ਗੁਰੂ ਦੀ ਸੇਵਾ ਕਰਨ ਦਾ ਜੋ ਫਲ ਮਿਲਦਾ ਹੈ ,(ਉਸ ਨੂੰ) ਕੋਈ ਨਹੀਂ ਜਾਣਦਾ।ਗੁਰੂ ਉਹ ਪਾਰਬ੍ਰਹਮ ਰੂਪ ਹੈ, ਜੋ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ।ਜਿਸ ਮਨੁੱਖ ਨੂੰ ਗੁਰੂ ਅਪਣੀ ਸੇਵਾ ਵਿਚ ਲਾ ਲੈਂਦਾ ਹੈ ਅਤੇ ਜਿਸ ਦੇ ਮੱਥੇ ਉਤੇ ਵੱਡੇ ਭਾਗ ਹੁੰਦੇ ਹਨ, ਉਹ ਸੇਵਕ ਹੈ।੯।(ਹੇ ਭਾਈ!) ਗੁਰੂ ਦੀ ਮਹਿਮਾਂ ਬੇਦ ਵੀ ਨਹੀਂ ਜਾਣਦੇ।(ਲੋਕ ਬੇਦਾਂ ਤੋਂ) ਸੁਣ ਸੁਣ ਕੇ ਤੁੱਛ ਮਾਤ੍ਰ ਬਿਆਨ ਕਰਦੇ ਹਨ।ਸਤਿਗੁਰੂ ਪਾਰਬ੍ਰਹਮ ਰੂਪ ਹੈ, ਜੋ ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਹੈ, ਜਿਸ (ਪ੍ਰਭੂ ਦੇ ਨਾਮ) ਨੂੰ ਸਿਮਰਦਿਆਂ ਮਨ ਸੀਤਲ ਹੋ ਜਾਂਦਾ ਹੈ।੧੦।

ਪਦਾਰਥ = ਪਾਰਜਾਤੁ–(ਹਿੰਦੂ ਮੱਤ ਅਨੁਸਾਰ) ਮਨੋ ਕਾਮਨਾ ਪੂਰੀ ਕਰਨ ਵਾਲਾ ਸਵੱਰਗ ਵਿਚ ਇਕ ਬ੍ਰਿਛ।ਲੋੜਹਿ–ਜੇ ਤੂੰ ਚਾਹੁੰਦਾ

ਹੈਂ। ਮਨ-ਹੇ ਮਨ! । ਕਾਮਧੇਨੁ-(ਹਿੰਦੂ ਮੱਤ ਅਨੁਸਾਰ) ਮਨ ਬਾਂਛਤ ਫਲ ਦੇਣ ਵਾਲੀ ਸਵੱਰਗ ਵਿਚ ਗਾਂ। ਸੋਹੀ-ਸੋਭਦੀ ਰਹੇ। ਦਰਬਾਰੇ -ਦਰਵਾਜੇ ਉਤੇ। ਤ੍ਰਿਪਤਿ-ਰੱਜੇਵਾਂ। ਕਮਾਇ-ਕਮਾਈ ਕਰ। ਰਸਾਇਣਾ-ਰਸਾਂ ਦਾ ਘਰ। ੬। ਕੈ ਸਬਦਿ-ਦੇ ਸ਼ਬਦ ਰਾਹੀਂ। ਮਰਹਿ-ਮਰ ਜਾਂਦੇ ਹਨ। ਪੰਚ ਧਾਤੂ-ਕਾਮਾਦਿਕ ਪੰਜ ਵਿਕਾਰ। ਭੈ-ਡਰ। ਹੋਵਹਿ ਤੂ-ਤੂੰ ਹੋ ਜਾਏਂਗਾ। ਨਿਰਮਲਾ-ਪਵਿਤ੍ਰ। ਪਾਰਸੁ-ਲੋਹਾ ਆਦਿ ਧਾਤਾਂ ਨੂੰ ਸੋਨਾ ਬਣਾ ਦੇਣ ਵਾਲਾ ਕਲਪਤ ਪੱਥਰ। ਜਬ-ਜਦੋਂ। ਭੇਟੈ-ਮਿਲਦਾ ਹੈ। ਤਾ-ਤਾਂ। ਪਰਸਿ-ਛੁਹ ਕੇ। ਦਿਖਾਇਣਾ-ਦਿਖਾਈ ਦੇਣ ਲਗ ਜਾਂਦਾ ਹੈ। ੭। ਨਾਹੀ ਲਵੈ ਲਾਗੇ-ਨੇੜੇ ਨਹੀਂ ਲਗ ਸਕਦੇ; ਬਰਾਬਰੀ ਨਹੀਂ ਕਰ ਸਕਦੇ। ਬਪੁੜੀ-ਨਿਮਾਣੀ ਜਿਹੀ। ਗਿਆਨੀ -ਗਿਆਨਵਾਨ ਪੁਰਖ। ਤਿਆਗੇ-ਛਡ ਦੇਂਦਾ ਹੈ। ਏਕੰਕਾਰੁ-ਇਕ ਪ੍ਰਮਾਤਮਾ। ਤੇ-ਤੋਂ। ਹਉ-ਮੈਂ। ਬਲਿ-ਸਦਕੇ ਹਾਂ। ਦਰਸਾਇਣਾ-ਦਰਸ਼ਨਾਂ ਤੋਂ। ੮। ਅਗੋਚਰੁ-ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਸੋਈ-ਉਹ ਹੀ। ਸੋ-ਉਹ। ਮਥਾਇਣਾ-ਮੱਥੇ ਉਤੇ। ੯। ਮਹਿਮਾ-ਵਡਿਆਈ। ਤੁਛ ਮਾਤ-ਬਹੁਤ ਥੋੜਾ। ਸੁਣਿ-ਸੁਣ ਕੇ। ਵਖਾਣਹਿ-ਬਿਆਨ ਕਰਦੇ ਹਨ। ਅਪਰੰਪਰ-ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ (ਬੇਅੰਤ)। ਸਿਮਰਤ-ਸਿਮਰਦਿਆਂ। ਸੀਤਲਾਇਣਾ-ਸੀਤਲ (ਠੰਢਾ ਠਾਰ) ਹੋ ਜਾਂਦਾ ਹੈ। ੧੦।

ਜਾ ਕੀ ਸੋਇ ਸੁਣੀ ਮਨੁ ਜੀਵੈ ॥ ਰਿਦੈ ਵਸੈ ਤਾ ਠੰਢਾ ਥੀਵੈ ॥ ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ, ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥ ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥ ਸੇਵਾ ਸੁਰਤਿ ਨ ਜਾਣਾ ਕਾਈ, ਤੁਮ ਕਰਹੁ ਦਇਆ ਕਿਰਮਾਇਣਾ ॥੧੨॥ ਨਿਰਗੁਣ ਕਉ ਸੰਗਿ ਲੇਹੁ ਰਲਾਇ ॥ ਕਰਿ ਕਿਰਪਾ ਮੋਹਿ ਟਹਲੈ ਲਾਇ ॥ ਪਖਾ ਫੇਰਉ ਪੀਸਉ ਸੰਤ ਆਗੈ, ਚਰਣ ਧੋਇ ਸੁਖੁ ਪਾਇਣਾ ॥੧੩॥ ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥ ਸਦਾ ਸਦਾ ਸੰਤਹ ਸੰਗਿ ਰਾਖਹੁ ,ਏਹ ਨਾਮ ਦਾਨੁ ਦੇਵਾਇਣਾ ॥੧੪॥ ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥ ਸੂਖ ਸਹਜ ਸਦਾ ਆਨੰਦਾ, ਨਾਨਕ ਦਾਸ ਦਸਾਇਣਾ ॥੧੫॥੨॥੭॥(ਹੇ ਭਾਈ!) ਜਿਸ ਗੁਰੂ ਦੀ ਸੋਭਾ ਸੁਣ ਕੇ ਮਨ ਜਿਉਂਦਾ ਹੈ। ਜੇ ਗੁਰੂ (ਮਨੁੱਖ ਦੇ) ਹਿਰਦੇ ਵਿਚ ਆ ਵਸੇ, ਤਾਂ ਮਨ ਠੰਢਾ ਠਾਰ ਹੋ ਜਾਂਦਾ ਹੈ। (ਜੇ ਮਨੁੱਖ) ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਦਾ ਨਾਮ ਉਚਾਰੇ, ਤਾਂ (ਉਹ ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ, ਉਸ ਨੂੰ (ਗੁਰੂ) ਜਮ ਦੇ ਰਸਤੇ ਨਹੀਂ ਪੈਣ ਦੇਂਦਾ। ੧੧। (ਹੇ ਪ੍ਰਭੂ!) ਮੈਂ ਤੇਰੇ ਸੰਤਾਂ ਦੀ ਸ਼ਰਣ ਵਿਚ ਆ ਪਿਆ ਹਾਂ। ਮੈਂ ਅਪਣੀ ਜਿੰਦ, ਅਪਣੇ ਪ੍ਰਾਣ ਤੇ ਧਨ ਸੰਤਾਂ ਅੱਗੇ ਧਰ ਦਿਤੇ ਹਨ। ਮੈਂ ਸੇਵਾ ਕਰਨ ਦੀ ਕੋਈ ਸੋਝੀ ਨਹੀਂ ਜਾਣਦਾ, ਮੈਂ ਨਿੱਕਾ ਜਿਹਾ ਕੀੜਾ (ਨਿਮਾਣਾ ਸੇਵਕ) ਹਾਂ, (ਹੇ ਪ੍ਰਭੂ!) ਤੂੰ ਮੇਰੇ ਉਤੇ ਦਇਆ ਕਰ। ੧੨। (ਹੇ ਪ੍ਰਭੂ!) ਮੈਨੂੰ ਗੁਣ ਹੀਣ ਨੂੰ ਸੰਤਾਂ ਦੀ ਸੰਗਤ ਵਿਚ ਰਲਾ ਲੈ। ਕ੍ਰਿਪਾ ਕਰਕੇ ਮੈਨੂੰ (ਸੰਤਾਂ ਦੀ) ਸੇਵਾ ਵਿਚ ਲਾ ਲੈ। ਮੈਂ ਸੰਤਾਂ ਅੱਗੇ ਪੱਖਾ ਫੇਰਾਂ, ਚੱਕੀ ਵਿਚ ਦਾਣੇ ਪੀਂਹਦਾ ਰਹਾਂ ਅਤੇ ਸੰਤਾਂ ਦੇ ਚਰਨ ਧੋ ਕੇ ਸੁਖ ਪ੍ਰਾਪਤ ਕਰਾਂ। ੧੩। (ਹੇ ਪ੍ਰਭੂ!) ਮੈਂ ਬਹੁਤ ਦਰਵਾਜਿਆਂ ਤੇ ਭਉਂਦਾ ਭਉਂਦਾ (ਹੁਣ ਤੇਰੇ ਦਰ ਤੇ) ਆਇਆ ਹਾਂ। ਤੇਰੀ ਕ੍ਰਿਪਾ ਨਾਲ ਹੁਣ ਮੈਂ ਤੇਰੀ ਸ਼ਰਣ ਵਿਚ ਆਇਆ ਹਾਂ। ਮੈਨੂੰ ਸਦਾ ਸਦਾ ਸੰਤਾਂ ਦੀ ਸੰਗਤ ਵਿਚ ਰੱਖ ਅਤੇ (ਉਨ੍ਹਾਂ ਪਾਸੋਂ) ਮੈਨੂੰ ਏਹ ਨਾਮ ਦਾਨ ਦਿਵਾਉਣ ਦੀ ਕ੍ਰਿਪਾ ਕਰ। ੧੪। (ਹੇ ਭਾਈ! ਮੇਰੀ ਬੇਨਤੀ ਸੁਣ ਕੇ ਜਦ) ਮੇਰੇ ਮਾਲਕ ਪ੍ਰਭੂ ਜੀ (ਮੇਰੇ ਉਤੇ) ਮੇਹਰਵਾਨ ਹੋਏ। ਤਾਂ ਮੈਂ ਪੂਰੇ ਸਤਿਗੁਰੂ ਦਾ ਦਰਸ਼ਨ ਪਾ ਲਿਆ ਹੈ। ਨਾਨਕ ਪ੍ਰਭੂ ਦੇ ਦਾਸਾਂ ਦਾ ਦਾਸ ਬਣ ਗਿਆ, (ਹੁਣ ਮੇਰੇ ਅੰਦਰ) ਅਸਲੀ ਸੁਖ ਤੇ ਸਦਾ ਅਨੰਦ ਬਨਿਆ ਰਹਿੰਦਾ ਹੈ। ੧੫। ੨। ੭।

ਪਦਾਰਥ = ਜਾ ਕੀ-ਜਿਸ (ਗੁਰੂ) ਦੀ। ਸੋਇ-ਸੋਭਾ। ਸੁਣੀ-ਸੁਣ ਕੇ। ਜੀਵੈ-ਜਿਉਂਦਾ ਹੈ। ਰਿਦੈ-ਹਿਰਦੇ ਵਿਚ। ਤਾ-ਤਾਂ। ਥੀਵੈ-ਹੋ ਜਾਂਦਾ ਹੈ। ਮੁਖਹੁ-ਮੂੰਹੋਂ। ਅਲਾਏ-ਉਚਾਰੇ। ਪਾਏ-ਪਾਉਂਦਾ ਹੈ। ਤਿਸੁ-ਉਸ (ਮਨੁੱਖ) ਨੂੰ। ਕੈ ਪੰਥਿ-ਦੇ ਰਸਤੇ ਉਤੇ। ਨ ਪਾਇਣਾ-ਪੈਣ ਨਹੀਂ ਦੇਂਦਾ। ੧੧। ਸੰਤਨ ਕੀ-ਸੰਤਾਂ ਦੀ। ਪੜਿਆ-ਪਿਆ ਹਾਂ। ਜੀਉ-ਜਿੰਦ। ਧਰਿਆ-ਰੱਖ ਦਿਤਾ ਹੈ। ਸੁਰਤਿ-ਸੋਝੀ। ਨ ਜਾਣਾ -ਨਹੀਂ ਜਾਣਦਾ। ਕਾਈ-ਕੋਈ। ਕਿਰਮਾਇਣਾ-ਨਿੱਕੇ ਕੀੜੇ ਉਤੇ। ੧੨। ਨਿਰਗੁਣ ਕਉ-ਗੁਣ ਹੀਣ ਨੂੰ। ਸੰਗਿ-ਨਾਲ; ਸੰਗਤ ਵਿਚ। ਮੋਹਿ-ਮੈਨੂੰ। ਟਹਲੈ-ਸੇਵਾ ਵਿਚ। ਫੇਰਉ-ਮੈਂ ਫੇਰਾਂ। ਪੀਸਉ-ਪੀਂਹਦਾ ਰਹਾਂ। ਧੋਇ-ਧੋ ਕੇ। ਪਾਇਣਾ-ਪ੍ਰਾਪਤ ਕਰਾਂ। ੧੩। ਦੁਆਰੈ-ਦਰਵਾਜਿਆਂ ਤੇ। ਭ੍ਰਮਿ ਭ੍ਰਮਿ-ਘੁੰਮ ਫਿਰ ਕੇ; ਭਟਕ ਭਟਕ ਕੇ। ਤੇ-ਨਾਲ। ਤੁਮ ਸਰਣਾਇਆ-ਤੇਰੀ ਸ਼ਰਣ ਵਿਚ। ਸੰਤਹ ਸੰਗਿ-ਸੰਤਾਂ ਦੀ ਸੰਗਤ ਵਿਚ। ਦੇਵਾਇਣਾ-ਦਿਵਾ ਦੇਹ। ੧੪। ਭਏ-ਹੋਇਆ। ਗੁਸਾਈ-ਮਾਲਕ ਪ੍ਰਭੂ। ਸੂਖ ਸਹਜ-(ਮਨ ਨੂੰ ਭਟਕਣਾ ਤੋਂ ਬਚਾ ਕੇ ਟਿਕਾਉ ਵਿਚ ਰੱਖਣ ਵਾਲਾ) ਅਸਲੀ ਸੁਖ। ਦਾਸ ਦਸਾਇਣਾ-ਦਾਸਾਂ ਦਾ ਦਾਸ। ੧੬। ੨। ੭।

ਮਾਰੂ ਸੋਲਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥ ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ ॥੧॥ (ਹੇ ਭਾਈ!) ਪ੍ਰਭੂ ਨੂੰ ਧਰਤੀ ਅਤੇ ਅਕਾਸ਼ ਸਿਮਰਦੇ ਹਨ। ਚੰਦ ਤੇ ਸੂਰਜ ਵੀ ਗੁਣਾਂ ਦੇ ਖਜਾਨੇ ਪ੍ਰਭੂ ਨੂੰ ਸਿਮਰਦੇ ਹਨ। ਹਵਾ, ਪਾਣੀ ਤੇ ਅੱਗ ਵੀ ਪ੍ਰਭੂ ਨੂੰ ਸਿਮਰਦੇ ਹਨ ਅਤੇ (ਉਸ ਦੀ) ਪੈਦਾ ਕੀਤੀ ਹੋਈ ਸਾਰੀ ਸ੍ਰਿਸਟੀ (ਉਸ ਨੂੰ) ਸਿਮਰਦੀ ਹੈ।੧।

ਅੰਗ ੧੦੭੯ = ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ, ਸਿਮਰਹਿ ਸਗਲੇ ਹਰਿ ਜਨਾ ॥੨॥ ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥ ਸਿਮਰਹਿ ਜਖਿ ਦੈਤ ਸਭਿ ਸਿਮਰਹਿ, ਅਗਨਤੁ ਨ ਜਾਈ ਜਸੁ ਗਨਾ ॥੩॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ, ਰਵਿ ਰਹਿਆ ਸੁਆਮੀ ਸਭ ਮਨਾ ॥੪॥ ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥ ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ, ਸਗਲ ਭਵਨ ਕਾ ਪ੍ਰਭ ਧਨਾ ॥੫॥ ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ ਚਤੁਰ ਸਭਿ ਬੇਤੇ, ਸਿਮਰਹਿ ਰੈਣੀ ਅਰੁ ਦਿਨਾ ॥੬॥ (ਹੇ ਭਾਈ! ਧਰਤੀ ਦੇ) ਨੌਂ ਖੰਡ, ਸੱਤ ਦੀਪਾਂ ਦੇ ਸਾਰੇ ਲੋਕ ਪ੍ਰਭੂ ਨੂੰ ਸਿਮਰਦੇ ਹਨ। ਸੱਤ ਪਤਾਲ ਦੇ ਜੀਵ ਅਤੇ ਪੁਰੀਆਂ ਵਿਚ ਰਹਿਣ ਵਾਲੇ ਦੇਵਤੇ ਉਸ ਸੱਚੇ ਪ੍ਰਭੂ ਨੂੰ ਸਿਮਰਦੇ ਹਨ। ਚਾਰੇ ਖਾਣੀਆਂ ਦੇ ਜੀਵ ਪ੍ਰਭੂ ਨੂੰ ਸਿਮਰਦੇ ਹਨ, (ਹੋਰ ਬੇਅੰਤ ਜੀਵ) ਆਪੋ ਅਪਣੀਆਂ ਬੋਲੀਆਂ ਵਿਚ ਪ੍ਰਭੂ ਨੂੰ ਸਿਮਰਦੇ ਹਨ ਅਤੇ ਹਰੀ ਦੇ ਸਾਰੇ ਸੇਵਕ ਵੀ ਪ੍ਰਭੂ ਨੂੰ ਸਿਮਰਦੇ ਹਨ।੨। (ਹੇ ਭਾਈ! ਕ੍ਰੋੜਾਂ) ਬ੍ਰਹਮੇ {ਕੋਟਿ ਬ੍ਰਹਮੇ ਜਗੁ ਸਾਜਣ ਲਾਏ}, ਵਿਸ਼ਨੂੰ {ਕੋਟ ਬਿਸਨ ਕੀਨੇ ਅਵਤਾਰ} ਅਤੇ ਸ਼ਿਵ ਜੀ {ਕੋਟਿ ਮਹੇਸ ਉਪਾਇ ਸਮਾਏ ੧੧੫੭} ਪ੍ਰਭੂ ਨੂੰ ਸਿਮਰਦੇ ਹਨ। ਤੇਤੀ ਕ੍ਰੋੜ ਦੇਵਤੇ ਵੀ ਪ੍ਰਭੂ ਨੂੰ ਸਿਮਰਦੇ ਹਨ। ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ ਅਤੇ ਸਾਰੇ ਦੈਂਤ ਵੀ ਪ੍ਰਭੂ ਨੂੰ ਸਿਮਰਦੇ ਹਨ, ਪ੍ਰਭੂ ਦਾ ਜਸ ਗਿਣਤੀ ਰਹਿਤ ਹੈ, ਜੋ ਗਿਣਿਆ ਨਹੀਂ ਜਾ ਸਕਦਾ।੩। (ਹੇ ਭਾਈ!) ਪਸ਼ੂ ਪੰਛੀ ਆਦਿਕ ਸਾਰੇ ਜੀਵ ਪ੍ਰਭੂ ਨੂੰ ਸਿਮਰਦੇ ਹਨ। ਜੰਗਲਾਂ ਤੇ ਪਰਬਤਾਂ ਵਿਚ ਰਹਿਣ ਵਾਲੇ ਤਿਆਗੀ ਸਾਧੂ ਵੀ ਪ੍ਰਭੂ ਨੂੰ ਸਿਮਰਦੇ ਹਨ। ਵੇਲ ਬੂਟੇ ਅਤੇ ਦਰਖਤਾਂ ਦੀਆਂ ਸ਼ਾਖਾਂ ਸਭ ਪ੍ਰਭੂ ਨੂੰ ਸਿਮਰਦੀਆਂ ਹਨ, ਮਾਲਕ ਪ੍ਰਭੂ ਸਾਰੇ ਜੀਵਾਂ ਦੇ ਮਨਾਂ ਵਿਚ ਵਿਆਪਕ ਹੋ ਰਿਹਾ ਹੈ।੪। (ਹੇ ਭਾਈ!) ਵੱਡੇ ਅਕਾਰ ਵਾਲੇ ਅਤੇ ਸੂਖਮ ਅਕਾਰ ਵਾਲੇ ਸਾਰੇ ਜੀਵ ਪ੍ਰਭੂ ਨੂੰ ਸਿਮਰਦੇ ਹਨ। ਸਿੱਧ ਅਤੇ ਸਾਧਨਾ ਕਰਨ ਵਾਲੇ ਸਾਧੂ ਹਰੀ ਦੇ ਮੰਤ੍ਰ ਦਾ ਸਿਮਰਨ ਕਰਦੇ ਹਨ। ਹੇ ਮੇਰੇ ਪ੍ਰਭੂ! ਦਿਸਣ ਵਾਲੇ ਜੀਵ ਅਤੇ ਨਾ ਦਿਸਣ ਵਾਲੇ ਜੀਵ ਤੈਨੂੰ ਸਿਮਰਦੇ ਹਨ, ਹੇ ਪ੍ਰਭੂ! ਤੂੰ ਸਾਰੇ ਭਵਨਾਂ ਦਾ ਮਾਲਕ ਹੈਂ।੫। ਸਾਰੇ ਆਸ਼੍ਰਮ ਦੇ ਮਨੁੱਖ ਤੇ ਇਸਤ੍ਰੀਆਂ ਪ੍ਰਭੂ ਨੂੰ ਸਿਮਰਦੇ ਹਨ। ਸਭ ਜਾਤਾਂ ਦੇ ਮਨੁੱਖ, ਚਮਤਕਾਰੀ ਬੁੱਧੀ ਵਾਲੇ ਮਨੁੱਖ ਅਤੇ ਸਭ ਵਰਨਾਂ ਦੇ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ। ਸਾਰੇ ਗੁਣਵਾਨ, ਸਿਆਣੇ ਤੇ ਗਿਆਨਵਾਨ ਪੁਰਖ ਪ੍ਰਭੂ ਨੂੰ ਸਿਮਰਦੇ ਹਨ ਅਤੇ (ਹੋਰ ਵੀ ਬਹੁਤ ਸਾਰੇ ਜੀਵ) ਦਿਨ ਰਾਤ ਪ੍ਰਭੂ ਨੂੰ ਸਿਮਰਦੇ ਹਨ।੬।

ਪਦਾਰਥ = ਸਿਮਰੈ–ਸਿਮਰਦੀ ਹੈ। ਅਰੁ–ਅਤੇ। ਸਿਮਰਹਿ–ਸਿਮਰਦੇ ਹਨ। ਗੁਣਤਾਸਾ–ਗੁਣਾਂ ਦੇ ਖਜਾਨੇ ਪ੍ਰਭੂ ਨੂੰ। ਪਉਣ–ਹਵਾ। ਬੈਸੰਤਰ–ਅੱਗ। ਸਗਲ ਉਪਾਰਜਨਾ–ਪੈਦਾ ਕੀਤੀ ਹੋਈ ਸਾਰੀ ਸ੍ਰਿਸਟੀ।੧। ਸਿਮਰਹਿ–ਸਿਮਰਦੇ ਹਨ। ਖੰਡ–ਦੁਨੀਆਂ ਦੀ ਨੌਂ ਹਿੱਸੇ। ਦੀਪ–ਟਾਪੂ। ਸਭਿ ਲੋਆ–ਸਾਰੇ ਲੋਕ; ਸਾਰੇ ਮੰਡਲ। ਪੁਰੀਆ–ਨਗਰ (ਸ਼ਹਿਰ); ਦੇਵਤਿਆਂ ਦੀਆਂ ਪੁਰੀਆਂ। ਸਚੁ ਸੋਆ–ਉਸ ਸੱਚੇ ਪ੍ਰਭੂ ਨੂੰ। ਖਾਣੀ–ਚਾਰ ਖਾਣੀਆਂ (ਅੰਡਜ ਜੇਰਜ ਸੇਤਜ ਤੇ ਉਤਭੁਜ)। ਬਾਣੀ–ਜੀਵਾਂ ਦੀਆਂ ਬੋਲੀਆਂ। ਸਗਲੇ ਜਨਾ–ਸਾਰੇ ਸੇਵਕ।੨। ਬ੍ਰਹਮੇ–ਅਨੇਕਾਂ ਬ੍ਰਹਮੇ। ਮਹੇਸਾ–ਸ਼ਿਵ ਜੀ। ਕੋੜਿ ਤੇਤੀਸਾ–ਤੇਤੀ ਕ੍ਰੋੜ। ਜਖਿ–ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ। ਦੈਤ–ਰਾਕਸ਼। ਅਗਨਤੁ–ਗਿਣਤੀ ਰਹਿਤ। ਨ ਜਾਈ ਗਨਾ–ਗਿਣਿਆ ਨਹੀਂ ਜਾ ਸਕਦਾ। ਜਸੁ–ਸਿਫਤ ਸਲਾਹ।੩। ਪਸੁ–ਪਸ਼ੂ। ਪੰਖੀ–ਪੰਛੀ। ਸਭਿ ਭੂਤਾ–ਸਾਰੇ ਜੀਵ; ਸਾਰੇ ਭੂਤ ਪ੍ਰੇਤ। ਬਨ–ਜੰਗਲ। ਪਰਬਤ ਅਉਧੂਤਾ–ਨੰਗੇ ਪਹਾੜ; ਪਹਾੜਾਂ ਵਿਚ ਰਹਿਣ ਵਾਲੇ ਤਿਆਗੀ ਸਾਧੂ। ਲਤਾ–ਬ੍ਰਿਛਾਂ ਉਤੇ ਚੜ੍ਹੀਆਂ ਵੇਲਾਂ। ਬਲੀ–ਜਮੀਨ ਤੇ ਵਿਛੀਆਂ ਵੇਲਾਂ। ਸਾਖ–ਬ੍ਰਿਛਾਂ ਦੀਆਂ ਟਾਹਣੀਆਂ; ਖੇਤੀ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸੁਆਮੀ–ਮਾਲਕ ਪ੍ਰਭੂ। ਸਭ ਮਨਾ–ਸਾਰੇ ਜੀਵਾਂ ਦੇ ਮਨਾਂ ਵਿਚ।੪। ਥੂਲ–ਵੱਡੇ ਅਕਾਰ ਵਾਲੇ ਜੀਵ। ਸੂਖਮ–ਬਹੁਤ ਨਿੱਕੇ ਅਕਾਰ ਵਾਲੇ ਜੀਵ। ਜੰਤਾ–ਜੀਵ। ਸਿਧ–ਜੋਗ ਸਾਧਨਾ ਵਿਚ ਪੁੱਗੇ ਹੋਏ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ।

ਮੰਤਾ–ਮੰਤ੍ਰ। ਗੁਪਤ–ਨਾ ਦਿਸਣ ਵਾਲੀਆਂ ਹਸਤੀਆਂ। ਪ੍ਰਗਟ–ਦਿਸਣ ਵਾਲੀਆਂ ਹਸਤੀਆਂ। ਪ੍ਰਭ–ਹੇ ਪ੍ਰਭੂ !। ਭਵਨ ਕਾ–ਭਵਨਾਂ ਦਾ। ਧਨਾ–ਮਾਲਕ।੫। ਨਰ–ਮਨੁੱਖ। ਨਾਰੀ–ਇਸਤ੍ਰੀਆਂ। ਆਸਰਮਾ–ਸਾਰੇ ਆਸ਼੍ਰਮਾਂ (ਬ੍ਰਹਮਚਰਜ, ਗ੍ਰਿਸਤ, ਬਾਨਪ੍ਰਸਤ ਤੇ ਸੰਨਿਆਸ) ਦੇ ਮਨੁੱਖ। ਜਾਤਿ–ਜਾਤਾਂ ਦੇ ਮਨੁੱਖ। ਜੋਤਿ–ਚਮਤਕਾਰੀ ਬੁੱਧੀ ਵਾਲੇ ਮਨੁੱਖ। ਵਰਨਾ–ਚਾਰੇ (ਬ੍ਰਹਮਣ, ਖਤ੍ਰੀ, ਵੈਸ਼ ਤੇ ਸ਼ੂਦ੍ਰ) ਵਰਨਾਂ ਦੇ ਮਨੁੱਖ। ਗੁਣੀ–ਗੁਣਵਾਨ। ਬੇਤੇ–ਵਿਦਵਾਨ। ਰੈਣੀ–ਰਾਤ। ਦਿਨਾ–ਦਿਨ।੬।

ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥ ਸਿਮਰਹਿ ਸਉਣ ਸਾਸਤ੍ਰ ਸੰਜੋਗਾ, ਅਲਖੁ ਨ ਲਖੀਐ ਇਕੁ ਖਿਨਾ ॥੭॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ,ਜਨਮੁ ਪਦਾਰਥੁ ਸੋ ਜਿਨਾ ॥੮॥ ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ ਸਰਬ ਨਿਰੰਤਰਿ ਸੋ ਪ੍ਰਭੁ ਜਾਤਾ, ਬਹੁੜਿ ਨ ਜੋਨੀ ਭਰਮਿ ਰੁਨਾ ॥੯॥ ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੂਖ ਸਹਜ ਆਨੰਦ ਨਾਮ ਰਸੁ ,ਅਨਹਦ ਬਾਣੀ ਸਹਜ ਧੁਨਾ ॥੧੦॥ ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧ ਸੰਗੁ ਪਾਇਆ ॥ ਪਾਰਬ੍ਰਹਮੁ ਜਾ ਕੈ ਮਨਿ ਵੂਠਾ, ਸੋ ਪੂਰ ਕਰੰਮਾ ਨਾ ਛਿਨਾ ॥੧੧॥ (ਹੇ ਭਾਈ!) ਇਕ ਘੜੀ, ਮਹੂਰਤ, ਪਲ ਤੇ ਨਿਮਖ ਆਦਿ ਸਾਰੇ ਸਮੇਂ ਪ੍ਰਭੂ ਨੂੰ ਸਿਮਰਦੇ ਹਨ; ਕਈ ਮਨੁੱਖ ਇਕ ਘੜੀ, ਕਈ ਦੋ ਘੜੀ, ਕਈ ਮਹੂਰਤ, ਕਈ ਇਕ ਪਲ ਤੇ ਕਈ ਇਕ ਨਿਮਖ ਭਰ ਸਮੇਂ ਲਈ ਪ੍ਰਭੂ ਨੂੰ ਸਿਮਰਦੇ ਹਨ। ਮੌਤ ਤੇ ਜਨਮ, ਪਵਿਤ੍ਰ ਰਹਿਣ ਵਾਲੇ ਤੇ ਵਿਚਾਰਵਾਨ ਮਨੁੱਖ ਪ੍ਰਭੂ ਨੂੰ ਸਿਮਰਦੇ ਹਨ। ਸ਼ਗਨ ਤੇ ਸੰਜੋਗ ਦੱਸਣ ਵਾਲੇ ਸ਼ਾਸਤ੍ਰਾਂ ਨੂੰ ਪੜ੍ਹਨ ਵਾਲੇ ਜੋਤਸੀ ਪ੍ਰਭੂ ਨੂੰ ਸਿਮਰਦੇ ਹਨ, (ਪਰ) ਅਲੱਖ ਪ੍ਰਭੂ ਨੂੰ ਪੂਰੀ ਤਰ੍ਹਾਂ ਇਕ ਖਿਨ ਮਾਤ੍ਰ ਵੀ (ਕਿਸੇ ਪਾਸੋਂ) ਜਾਣਿਆ ਨਹੀਂ ਜਾ ਸਕਦਾ।੭। ਹੇ ਸਾਰੇ ਕਾਰਜ ਕਰਨ ਵਾਲੇ ਅਤੇ ਜੀਵਾਂ ਪਾਸੋਂ ਕਰਾਉਣ ਵਾਲੇ ਮਾਲਕ ਪ੍ਰਭੂ !। ਹੇ ਸਾਰੇ ਜੀਵਾਂ ਦੇ ਦਿਲਾਂ ਦੀ ਜਾਨਣ ਵਾਲੇ ਪ੍ਰਭੂ !। ਕਿਰਪਾ ਕਰਕੇ ਜਿਸ ਮਨੁੱਖ ਨੂੰ ਤੁਸੀਂ ਭਗਤੀ ਕਰਨ ਲਾਉਂਦੇ ਹੋ, ਉਹ (ਮਨੁੱਖ ਅਪਣਾ) ਜਨਮ ਪਦਾਰਥ ਜਿੱਤ ਲੈਂਦਾ ਹੈ।੮। (ਹੇ ਭਾਈ!) ਜਿਸ ਮਨੁੱਖ ਦੇ ਮਨ ਵਿਚ ਅਪਣਾ ਪ੍ਰਭੂ ਵਸਿਆ ਹੈ। ਉਹ ਪੂਰੇ ਭਾਗਾਂ ਨਾਲ ਗੁਰੂ ਦਾ ਦੱਸਿਆ ਨਾਮ ਜਪਦਾ ਹੈ।(ਉਸ ਨੇ) ਉਸ ਪ੍ਰਭੂ ਨੂੰ ਸਾਰੇ ਜੀਵਾਂ ਦੇ ਧੁਰ ਅੰਦਰ ਵਸਦਾ ਜਾਣਿਆ ਹੈ, (ਉਹ ਮਨੁੱਖ) ਮੁੜ ਕੇ ਜੋਨੀਆਂ ਵਿਚ ਘੁੰਮ ਕੇ ਰੋਂਦਾ ਨਹੀਂ (ਦੁਖੀ ਨਹੀਂ ਹੁੰਦਾ)।੯। (ਹੇ ਭਾਈ!) ਜਿਸ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ ਵਸਦਾ ਹੈ। ਉਸ ਦਾ ਦੁੱਖ ਦਰਦ ਤੇ ਭਰਮ ਨੱਸ ਜਾਂਦਾ ਹੈ। (ਉਸ ਨੂੰ) ਅਸਲੀ ਸੁਖ ਦਾ ਅਨੰਦ ਤੇ ਨਾਮ ਦਾ ਰਸ ਮਿਲ ਜਾਂਦਾ ਹੈ ਅਤੇ (ਉਸ ਦੇ ਅੰਦਰ) ਸੁਤੇ ਸਿੱਧ ਬਾਣੀ ਦੀ ਇਕ ਰਸ ਧੁਨੀ ਗੂੰਜਦੀ ਰਹਿੰਦੀ ਹੈ।੧੦। ਜਿਸ ਮਨੁੱਖ ਨੇ ਪ੍ਰਭੂ ਨੂੰ ਸਿਮਰਿਆ ਹੈ, ਉਹ ਧਨਵਾਨ ਹੈ। ਜਿਸ ਮਨੁੱਖ ਨੇ ਸਾਧ ਸੰਗ ਪ੍ਰਾਪਤ ਕਰ ਲਿਆ ਹੈ, ਉਹ ਇੱਜਤ ਵਾਲਾ ਹੈ। ਪਾਰਬ੍ਰਹਮ ਜਿਸ ਮਨੁੱਖ ਦੇ ਮਨ ਵਿਚ ਵਸਿਆ ਹੈ, ਉਹ ਪੂਰੇ ਭਾਗਾਂ ਵਾਲਾ ਹੈ, (ਉਹ) ਲੁਕਿਆ ਹੋਇਆ ਨਹੀਂ (ਜਗਤ ਵਿਚ ਪ੍ਰਸਿੱਧ ਹੋ ਗਿਆ ਹੈ)।੧੧।

ਪਦਾਰਥ = ਸਿਮਰਹਿ–ਸਿਮਰਦੇ ਹਨ। ਘੜੀ–੨੪ ਮਿੰਟਾਂ ਦਾ ਸਮਾਂ। ਮੂਰਤ–ਦੋ ਘੜੀਆਂ ਦਾ ਸਮਾਂ। ਪਲ–੨੪ ਸਕਿੰਟਾਂ ਦਾ ਸਮਾਂ। ਨਿਮਖਾ–ਅੱਖ ਝਮਕਣ ਜਿੰਨਾ ਸਮਾਂ। ਕਾਲੁ–ਮੌਤ। ਅਕਾਲੁ–ਜਨਮ। ਸੁਚਿ–ਪਵਿਤ੍ਰ ਰਹਿਣ ਵਾਲੇ ਪੁਰਖ। ਸੋਚਾ–ਵਿਚਾਰਵਾਨ। ਸਉਣ ਸਾਸਤ੍ਰ–ਮਾੜੇ ਚੰਗੇ ਸ਼ਗਨ ਦੱਸਣ ਵਾਲੇ ਸ਼ਾਸਤ੍ਰ। ਸੰਜੋਗਾ–ਮੇਲ ਮਿਲਾਪ। ਅਲਖੁ (ਅਲੱਖ ਪੜ੍ਹੋ)–ਜਿਸ ਦਾ ਸਹੀ ਸਰੂਪ ਨਾ ਜਾਣਿਆ ਜਾ ਸਕੇ। ਨ ਲਖੀਐ–ਜਾਣਿਆ ਨਹੀਂ ਜਾਂਦਾ। ਇਕੁ ਖਿਨਾ–ਬਹੁਤ ਥੋੜੇ ਸਮੇਂ ਵਾਸਤੇ ਵੀ।੭। ਕਰਨ–ਸਾਰੇ ਕਾਰਜ ਕਰਨ ਵਾਲਾ। ਕਰਾਵਨਹਾਰ–ਜੀਵਾਂ ਤੋਂ ਕਾਰਜ ਕਰਾਉਣ ਵਾਲਾ। ਸੁਆਮੀ–ਹੇ ਮਾਲਕ ਪ੍ਰਭੂ !। ਸਗਲ ਘਟਾ ਕੇ–ਸਾਰੇ ਜੀਵਾਂ ਦੇ। ਅੰਤਰਜਾਮੀ–ਦਿਲਾਂ ਦੇ ਅੰਦਰ ਦੀ ਜਾਨਣ ਵਾਲਾ। ਕਰਿ–ਕਰਕੇ। ਸੋ–ਉਹ (ਮਨੁੱਖ)। ਜਿਨਾ–ਜਿੱਤ ਲੈਂਦਾ ਹੈ।੮। ਜਾ ਕੈ–ਜਿਸ ਦੇ। ਮਨਿ–ਮਨ ਵਿਚ। ਵੂਠਾ –ਵਸਿਆ ਹੈ। ਪੂਰੈ ਕਰਮਿ–ਪੂਰੈ ਭਾਗਾਂ ਨਾਲ। ਜਪਨਾ–ਜਪਦਾ ਹੈ। ਸਰਬ ਨਿਰੰਤਰਿ–ਸਾਰੇ ਜੀਵਾਂ ਦੇ ਧੁਰ ਅੰਦਰ। ਸੋ ਪ੍ਰਭੁ–ਉਸ ਪ੍ਰਭੂ ਨੂੰ। ਜਾਤਾ–ਜਾਣ ਲਿਆ ਹੈ। ਬਹੁੜਿ–ਮੁੜ ਕੇ। ਭਰਮਿ–ਘੁੰਮ ਕੇ। ਨ ਰੁਨਾ–ਰੋਂਦਾ ਨਹੀਂ।੯। ਭ੍ਰਮੁ–ਭਰਮ। ਭਾਗੈ–ਨੱਸ ਜਾਂਦਾ ਹੈ। ਸੂਖ ਸਹਜ–ਕੁਦਰਤੀ ਅਸਲੀ ਸੁਖ। ਰਸੁ–ਸੁਆਦ। ਅਨਹਦ–ਇਕ ਰਸ; ਲਗਾਤਾਰ। ਸਹਜ ਧੁਨਾ–ਸੁਤੇ ਸਿੱਧ ਧੁਨੀ; ਅਖੰਡ ਨਾਮ ਚਿੰਤਨ (ਮ.ਕੋ.)।੧੦। ਜਿਨਿ–ਜਿਸ ਮਨੁੱਖ ਨੇ। ਧਨਵੰਤਾ–ਧਨਾਢ (ਅਮੀਰ)। ਪਤਿਵੰਤਾ–ਇੱਜਤ ਵਾਲਾ। ਪੂਰ ਕਰੰਮਾ–ਪੂਰੇ ਭਾਗਾਂ ਵਾਲਾ ਮਨੁੱਖ। ਨ ਛਿਨਾ–ਲੁਕਿਆ ਨਹੀਂ ਰਹਿੰਦਾ (ਪ੍ਰਸਿੱਧ ਹੋ ਗਿਆ ਹੈ)।੧੧।

ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ, ਅਵਰੁ ਨ ਦੀਸੈ ਏਕ ਬਿਨਾ ॥੧੨॥ ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥ ਗਹਿਰ ਗੰਭੀਰ ਅਥਾਹ ਸੁਆਮੀ, ਅਤੁਲੁ ਨ ਜਾਈ ਕਿਆ ਮਿਨਾ ॥੧੩॥ ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥ ਆਦਿ ਮਧਿ ਅੰਤਿ ਪ੍ਰਭੁ ਤੂ ਹੈ, ਸਗਲ ਪਸਾਰਾ ਤੁਮ ਤਨਾ ॥੧੪॥ ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧ ਸੰਗਿ ਹਰਿ ਕੀਰਤਨੁ ਗਾਵੈ ॥ ਸਗਲ ਮਨੋਰਥ ਤਾ ਕੇ ਪੂਰਨ, ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥ ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥ (ਹੇ ਭਾਈ!) ਉਹ ਮਾਲਕ ਪ੍ਰਭੂ ਪਾਣੀ ਵਿਚ, ਧਰਤੀ ਵਿਚ ਅਤੇ ਪੁਲਾੜ ਵਿਚ ਵਿਆਪਕ ਹੈ।(ਉਸ ਤੋਂ ਬਿਨਾ) ਹੋਰ ਕੋਈ ਦੂਜਾ ਨਹੀਂ ਕਿਹਾ ਜਾ ਸਕਦਾ।ਗੁਰੂ ਦੇ ਗਿਆਨ ਰੂਪ ਸੁਰਮੇ ਨੇ (ਜਿਸ ਮਨੁੱਖ ਦਾ) ਸਾਰਾ ਭਰਮ ਕੱਟ ਦਿਤਾ ਹੈ, (ਉਸ ਨੂੰ) ਇਕ ਪ੍ਰਭੂ ਤੋਂ ਬਿਨਾ ਹੋਰ ਕੋਈ ਨਹੀਂ ਦਿਸਦਾ।੧੨।ਹੇ ਪ੍ਰਭੂ! ਤੇਰਾ ਦਰਬਾਰ ਉਚੇ ਤੋਂ ਉਚਾ ਹੈ।ਤੇਰੇ ਪਾਰ ਉਰਾਰ ਦਾ ਅੰਤ ਕਥਨ ਨਹੀਂ ਕੀਤਾ ਜਾ ਸਕਦਾ।ਹੇ ਗਹਿਰ ਗੰਭੀਰ ਤੇ ਅਥਾਹ ਮਾਲਕ ਪ੍ਰਭੂ! ਤੂੰ ਅਤੁੱਲ ਹੈਂ, ਤੂੰ ਤੋਲਿਆ ਨਹੀਂ ਜਾ ਸਕਦਾ, ਮੈਂ ਤੇਰੀ ਕੀ ਮਿਣਤੀ ਕਰਾਂ? (ਤੇਰੀ ਮਿਣਤੀ ਨਹੀਂ ਹੋ ਸਕਦੀ)।੧੩।ਹੇ ਪ੍ਰਭੂ! ਤੂੰ ਸਭ ਦਾ ਰਚਣਹਾਰ ਹੈਂ, ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ।ਤੇਰੇ ਬਿਨਾ ਦੂਜਾ ਹੋਰ ਕੋਈ (ਕਰਤਾ) ਨਹੀਂ ਹੈ।ਸ੍ਰਿਸਟੀ ਦੇ ਆਦਿ ਵਿਚ, ਵਿਚਕਾਰ ਦੇ ਸਮੇਂ ਵਿਚ ਵੀ ਤੂੰ ਹੀ ਹੈਂ ਅਤੇ ਅੰਤ ਵਿਚ ਵੀ ਤੂੰ ਹੀ ਹੋਵੇਂਗਾ, ਸਾਰਾ ਜਗਤ ਪਸਾਰਾ ਤੇਰਾ ਹੀ ਤਣਿਆ ਹੋਇਆ ਹੈ।੧੪।(ਹੇ ਭਾਈ!) ਜਮਦੂਤ ਉਸ ਮਨੁੱਖ ਦੇ ਨੇੜੇ ਨਹੀਂ ਆਉਂਦਾ। (ਜਿਹੜਾ) ਸਾਧ ਸੰਗਤ ਵਿਚ ਹਰੀ ਦੇ ਗੁਣ ਗਾਉਂਦਾ ਹੈ।ਜੋ ਮਨੁੱਖ ਕੰਨਾਂ ਨਾਲ ਪ੍ਰਭੂ ਦਾ ਜਸ ਸੁਣਦਾ ਹੈ, ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।੧੫।ਹੇ ਸੱਚੇ ਸਾਹਿਬ! ਹੇ ਗਹਿਰ ਗੰਭੀਰ ਪ੍ਰਭੂ!।ਤੂੰ ਸਭ ਦਾ ਮਾਲਕ ਹੈਂ ਅਤੇ ਸਭ ਕੋਈ ਤੇਰਾ ਦਾਸ ਹੈ।

ਅੰਗ ੧੦੮੦ = ਕਹੁ ਨਾਨਕ ਸੇਈ ਜਨ ਊਤਮ, ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮਾਲਕ ਪ੍ਰਭੂ! ਉਹ ਹੀ ਮਨੁੱਖ ਉਤਮ ਹਨ, ਜੋ ਤੇਰੇ ਮਨ ਨੂੰ ਚੰਗੇ ਲਗਦੇ ਹਨ।੧੬।੧।੮।

ਪਦਾਰਥ = ਜਲਿ–ਪਾਣੀ ਵਿਚ।ਥਲਿ–ਧਰਤੀ ਵਿਚ।ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ।ਸੁਆਮੀ–ਮਾਲਕ ਪ੍ਰਭੂ।ਸੋਈ–ਉਹ ਹੀ।ਅਵਰੁ–ਹੋਰ।ਅੰਜਨਿ–ਸੁਰਮੇ ਨੇ।ਸਗਲਾ–ਸਾਰਾ।ਨ ਦੀਸੈ–ਨਹੀਂ ਦਿਸਦਾ।੧੨।ਤੇ–ਤੋਂ।ਕਹਣੁ–ਕਥਨ। ਪਾਰਾ–ਪਾਰਲਾ ਪਾਸਾ।ਗਹਿਰ–ਡੂੰਘਾ।ਗੰਭੀਰ–ਸੰਜੀਦਾ।ਅਥਾਹ–ਬੇਅੰਤ।ਅਤੁਲੁ–ਜੋ ਤੋਲਿਆ ਨਹੀਂ ਜਾ ਸਕਦਾ।ਕਿਆ ਮਿਨਾ–ਮੈਂ ਤੇਰੀ ਕੀ ਮਿਣਤੀ ਕਰਾਂ? ੧੩।ਕਰਤਾ–ਰਚਨਹਾਰ ਪ੍ਰਭੂ।ਸਭੁ–ਸਾਰਾ ਜਗਤ।ਤੇਰਾ ਕੀਆ–ਤੇਰਾ ਪੈਦਾ ਕੀਤਾ ਹੋਇਆ ਹੈ।ਬੀਆ –ਦੂਜਾ।ਆਦਿ–ਸ੍ਰਿਸਟੀ ਦੇ ਅਰੰਭ ਵਿਚ।ਮਧਿ–ਵਿਚਕਾਰ ਦੇ ਸਮੇਂ ਵਿਚ।ਅੰਤਿ–ਸ੍ਰਿਸਟੀ ਦਾ ਅੰਤ ਹੋਣ ਤੋਂ ਬਾਦ ਵੀ।ਤਨਾ–ਤਣਿਆ ਹੋਇਆ; ਸਰੀਰ (ਸਰੂਪ); ਪੁਤ੍ਰ।੧੪।ਨਿਕਟਿ–ਨੇੜੇ।ਸਾਧ ਸੰਗਿ–ਸਾਧ ਸੰਗਤ ਵਿਚ।ਮਨੋਰਥ–ਇੱਛਾਵਾਂ; ਸੰਕਲਪ।ਤਾ ਕੇ–ਉਸ (ਮਨੁੱਖ) ਦੇ।ਸ੍ਰਵਣੀ–ਕੰਨਾਂ ਨਾਲ।ਸੁਨਾ–ਸੁਣਦਾ ਹੈ।੧੫।ਸਭਨਾ ਕਾ–ਸਾਰੇ ਜੀਵਾਂ ਦਾ।ਸਭੁ ਕੋ–ਸਾਰੇ ਜੀਵ।ਸਾਚੇ ਸਾਹਿਬ–ਹੇ ਸੱਚੇ ਮਾਲਕ ਪ੍ਰਭੂ!।ਸੇਈ ਜਨ–ਉਹੀ ਮਨੁੱਖ।ਭਾਵਹਿ–ਚੰਗੇ ਲਗਦੇ ਹਨ।ਤੁਮ ਮਨਾ–ਤੇਰੇ ਮਨ ਨੂੰ।੧੬।੧।੮।

ਮਾਰੂ ਮਹਲਾ ੫ ॥ ਪ੍ਰਭ ਸਮਰਥ ਸਰਬ ਸੁਖ ਦਾਨਾ ॥ ਸਿਮਰਉ ਨਾਮੁ ਹੋਹੁ ਮਿਹਰਵਾਨਾ ॥ ਹਰਿ ਦਾਤਾ ਜੀਅ ਜੰਤ ਭੇਖਾਰੀ, ਜਨੁ ਬਾਂਛੈ ਜਾਚੰਗਨਾ ॥੧॥ ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥ ਜਨਮ ਜਨਮ ਕੀ ਮੈਲੁ ਮਿਟਾਵਉ ॥ ਦੀਰਘ ਰੋਗ ਮਿਟਹਿ ਹਰਿ ਅਉਖਧਿ, ਹਰਿ ਨਿਰਮਲਿ ਰਾਪੈ ਮੰਗਨਾ ॥੨॥ ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ ਏਕਾ ਓਟ ਤਜਉ ਬਿਖੁ ਕਾਮੀ ॥ ਨਿਵਿ ਨਿਵਿ ਪਾਇ ਲਗਉ ਦਾਸ ਤੇਰੇ, ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥ ਰਸਨਾ ਗੁਣ ਗਾਵੈ ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥ ਸਿਮਰਿ ਸਿਮਰਿ ਸੁਆਮੀ ਮਨੁ ਜੀਵੈ, ਪੰਚ ਦੂਤ ਤਜਿ ਤੰਗਨਾ ॥੪॥ ਚਰਨ ਕਮਲ ਜਪਿ ਬੋਹਿਥਿ ਚਰੀਐ ॥ ਸੰਤ ਸੰਗਿ ਮਿਲਿ ਸਾਗਰੁ ਤਰੀਐ ॥ ਅਰਚਾ ਬੰਦਨ ਹਰਿ ਸਮਤ ਨਿਵਾਸੀ, ਬਾਹੁੜਿ ਜੋਨਿ ਨ ਨੰਗਨਾ ॥੫॥ ਦਾਸ ਦਾਸਨ ਕੋ ਕਰਿ ਲੇਹੁ ਗੋੁਪਾਲਾ ॥ ਕ੍ਰਿਪਾ ਨਿਧਾਨ ਦੀਨ ਦਇਆਲਾ ॥ ਸਖਾ ਸਹਾਈ ਪੂਰਨ ਪਰਮੇਸੁਰ, ਮਿਲੁ ਕਦੇ ਨ ਹੋਵੀ ਭੰਗਨਾ ॥੬॥ ਹੇ ਸਾਰੇ ਸੁਖ ਦੇਣ ਵਾਲੇ ਸਮਰੱਥ ਪ੍ਰਭੂ!।(ਮੇਰੇ ਉਤੇ) ਮੇਹਰਵਾਨ ਹੋ, (ਤਾਂ ਕਿ) ਮੈਂ ਤੇਰਾ ਨਾਮ ਸਿਮਰਦਾ ਰਹਾਂ।(ਹੇ ਭਾਈ!) ਹਰੀ ਦਾਤਾ ਹੈ, ਜੀਅ ਜੰਤ (ਉਸ ਦੇ ਦਰ ਦੇ) ਮੰਗਤੇ ਹਨ, ਮੈਂ (ਉਸ ਦਾ) ਸੇਵਕ ਮੰਗਤਾ ਬਣ ਕੇ (ਉਸ ਪਾਸੋਂ) ਨਾਮ ਦਾਨ ਮੰਗਦਾ ਹੈ।੧।(ਹੇ ਭਾਈ! ਪ੍ਰਭੂ

ਪਾਸੋਂ ਉਸ ਦੇ) ਸੇਵਕਾਂ ਦੀ ਮੈਂ ਚਰਨ ਧੂੜ ਮੰਗਦਾ ਹਾਂ, (ਜਿਸ ਦੀ ਬਰਕਤ ਨਾਲ) ਮੈਂ ਪਰਮ ਗਤੀ ਪ੍ਰਾਪਤ ਕਰ ਸਕਾਂ। ਅਤੇ ਜਨਮਾਂ ਜਨਮਾਂ ਦੇ ਪਾਪਾਂ ਦੀ ਮੈਲ ਮਿਟਾ ਲਵਾਂ। ਹਰੀ ਦੇ ਨਾਮ ਦੀ ਦਵਾਈ ਨਾਲ ਵੱਡੇ ਵੱਡੇ ਰੋਗ ਮਿਟ ਜਾਂਦੇ ਹਨ, (ਇਹ ਵੀ) ਮੰਗਦਾ ਹਾਂ ਕਿ ਹਰੀ ਦੇ ਪਵਿਤ੍ਰ ਨਾਮ ਵਿਚ (ਮੇਰਾ ਮਨ) ਰੰਗਿਆ ਜਾਵੇ।੨। ਹੇ ਮਾਲਕ ਪ੍ਰਭੂ! (ਮੇਰੇ ਤੇ ਕ੍ਰਿਪਾ ਇਹ ਕਰ ਕਿ) ਮੈਂ ਅਪਣੇ ਕੰਨਾਂ ਨਾਲ ਤੇਰਾ ਪਵਿਤ੍ਰ ਜਸ ਸੁਣਦਾ ਰਹਾਂ। ਮੈਂ ਇਕ ਤੇਰੀ ਓਟ ਰੱਖਦਾ ਹੋਇਆ ਵਿਸ਼ਿਆਂ ਵਾਲੀ ਕਾਮਨਾ ਛਡ ਦੇਵਾਂ। ਮੈਂ ਨਿਵ ਨਿਵ ਕੇ ਤੇਰੇ ਦਾਸਾਂ ਦੇ ਚਰਨੀਂ ਲੱਗਾਂ ਅਤੇ ਪੁੰਨ ਕਰਮ ਕਰਨ ਵੱਲੋਂ ਮੈਂ ਕਦੇ ਵੀ ਸੰਕੋਚ ਨਾ ਕਰਾਂ।੩। ਹੇ ਹਰੀ! (ਕ੍ਰਿਪਾ ਕਰ) ਮੇਰੀ ਜੀਭ ਤੇਰੇ ਗੁਣ ਗਾਉਂਦੀ ਰਹੇ। ਮੇਰੇ (ਪਿਛਲੇ ਜਨਮਾਂ ਅਤੇ ਇਸ ਜਨਮ ਦੇ) ਕਮਾਏ ਹੋਏ ਔਗਣ ਮਿਟ ਜਾਣ। ਹੇ ਮਾਲਕ ਪ੍ਰਭੂ! ਤੰਗ ਕਰਨ ਵਾਲੇ ਪੰਜ ਕਾਮਾਦਿਕ ਦੂਤਾਂ ਨੂੰ ਛਡ ਕੇ ਮੇਰਾ (ਮਰਿਆ) ਮਨ ਤੈਨੂੰ ਸਿਮਰ ਸਿਮਰ ਕੇ ਜਿਉਂਦਾ ਰਹੇ।੪। (ਹੇ ਭਾਈ!) ਪ੍ਰਭੂ ਦੇ ਚਰਨ ਕਮਲ ਜਪ ਕੇ ਨਾਮ ਰੂਪ ਜਹਾਜ ਵਿਚ ਚੜ੍ਹਨਾ ਚਾਹੀਦਾ ਹੈ। ਸੰਤਾਂ ਦੀ ਸੰਗਤ ਵਿਚ ਮਿਲ ਕੇ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ। ਇਕ ਸਮਾਨ ਨਿਵਾਸ ਕਰਕੇ ਵਾਲੇ ਪ੍ਰਭੂ ਨੂੰ ਜਾਣ ਲੈਣਾ, ਇਹੀ ਉਸ ਦੀ ਪੂਜਾ ਅਤੇ (ਉਸ ਅੱਗੇ) ਨਮਸ਼ਕਾਰ ਕਰਨਾ ਹੈ, (ਇਉਂ) ਮੁੜ ਕੇ ਜੀਵ ਜੂਨਾਂ ਵਿਚ ਨੰਗਾ (ਬੇਇੱਜਤ) ਨਹੀਂ ਹੁੰਦਾ।੫। ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ! ਹੇ ਕ੍ਰਿਪਾ ਦੇ ਖਜਾਨੇ! ਹੇ ਦੀਨਾਂ ਤੇ ਦਇਆ ਕਰਨ ਵਾਲੇ!। ਮੈਨੂੰ ਅਪਣੇ ਦਾਸਾਂ ਦਾ ਦਾਸ ਬਣਾ ਲੈ। ਹੇ ਪਰੀ ਪੂਰਨ ਪ੍ਰਮੇਸਰ! ਤੂੰ ਮੇਰਾ ਮਿਤ੍ਰ ਹੈਂ ਤੇ ਮੇਰੀ ਸਹਾਇਤਾ ਕਰਨ ਵਾਲਾ ਹੈਂ, ਤੂੰ ਮੈਨੂੰ ਮਿਲ, (ਤਾਂ ਕਿ ਮੈਨੂੰ) ਕਦੇ ਬਿਘਨ ਨਾ ਹੋਵੇ।੬।

ਪਦਾਰਥ = ਪ੍ਰਭ ਸਮਰਥ–ਹੇ ਸਰਬ ਸ਼ਕਤੀਮਾਨ ਪ੍ਰਭੂ!। ਸਰਬ–ਸਾਰੇ। ਦਾਨਾ–ਦੇਣ ਵਾਲਾ। ਸਿਮਰਉ–ਮੈਂ ਸਿਮਰਦਾ ਰਹਾਂ। ਜੀਅ–ਵੱਡੇ ਜੀਵ। ਜੰਤ–ਛੋਟੇ ਜੀਵ। ਜਨੁ–ਸੇਵਕ। ਬਾਂਛੈ–ਮੰਗਦਾ ਹੈ; ਚਾਹੁੰਦਾ ਹੈ। ਜਾਚੰਗਨਾ–ਮੰਗਤਾ ਬਣ ਕੇ।੧। ਮਾਗਉ–ਮੈਂ ਮੰਗਦਾ ਹਾਂ । ਜਨ ਧੂਰਿ–ਪ੍ਰਭੂ ਦੇ ਸੇਵਕਾਂ ਦੀ ਚਰਨ ਧੂੜ। ਪਰਮਗਤਿ–ਮੁਕਤੀ; ਸਭ ਤੋਂ ਉਚੀ ਆਤਮਕ ਅਵਸਥਾ। ਪਾਵਉ–ਪ੍ਰਾਪਤ ਕਰ ਸਕਾਂ। ਮਿਟਾਵਉ–ਮਿਟਾ ਲਵਾਂ। ਦੀਰਘ–ਵੱਡਾ। ਹਰਿ ਅਉਖਧਿ–ਹਰੀ ਦੇ ਨਾਮ ਦੀ ਦਵਾਈ ਨਾਲ। ਨਿਰਮਲਿ–ਪਵਿਤ੍ਰ (ਨਾਮ) ਵਿਚ। ਰਾਪੈ–ਰੰਗਿਆ ਜਾਵੇ। ਮੰਗਨਾ–ਮੈਂ ਮੰਗਦਾ ਹਾਂ।੨। ਸ੍ਰਵਣੀ–ਕੰਨਾਂ ਨਾਲ। ਸੁਣਉ–ਮੈਂ ਸੁਣਦਾ ਰਹਾਂ। ਬਿਮਲ–ਪਵਿਤ੍ਰ। ਸੁਆਮੀ–ਹੇ ਮਾਲਕ ਪ੍ਰਭੂ!। ਬਿਖ ਕਾਮੀ–ਵਿਸ਼ਿਆਂ ਵਾਲੀ ਕਾਮਨਾ। ਤਜਉ–ਮੈਂ ਛਡ ਦੇਵਾਂ। ਨਿਵਿ ਨਿਵਿ–ਝੁਕ ਝੁਕ ਕੇ। ਪਾਇ ਲਗਉ–ਪੈਰਾਂ ਵਿਚ ਲੱਗਾਂ। ਕਰਿ ਸੁਕ੍ਰਿਤ–ਪੁੰਨ ਕਰਮ ਕਰਦਿਆਂ। ਨਾਹੀ ਸੰਗਨਾ–ਸ਼ਰਮ (ਸੰਕੋਚ) ਨਾ ਕਰਾਂ।੩। ਰਸਨਾ–ਜੀਭ। ਕਮਾਤੇ–ਕਮਾਏ ਹੋਏ। ਅਵਗੁਣ –ਔਗਣ। ਜੀਵੈ–ਜਿਉਂਦਾ ਰਹੇ। ਪੰਚ ਦੂਤ–ਪੰਜ ਕਾਮਾਦਿਕ ਵੈਰੀ। ਤਜਿ–ਛਡ ਕੇ। ਤੰਗਨਾ–ਤੰਗ (ਦੁਖੀ) ਕਰਨ ਵਾਲੇ।੪। ਚਰਨ ਕਮਲ–ਕਮਲ ਫੁੱਲ ਵਰਗੇ ਸੁੰਦਰ ਚਰਨ। ਜਪਿ–ਜਪ ਕੇ। ਬੋਹਿਥਿ–ਜਹਾਜ ਵਿਚ। ਚਰੀਐ–ਚੜ੍ਹਨਾ ਚਾਹੀਦਾ ਹੈ। ਸੰਤ ਸੰਗਿ–ਸੰਤਾਂ ਦੀ ਸੰਗਤ ਵਿਚ। ਮਿਲਿ–ਮਿਲ ਕੇ। ਸਾਗਰੁ–ਸੰਸਾਰ ਸਮੁੰਦਰ। ਤਰੀਐ–ਤਰ ਜਾਈਦਾ ਹੈ। ਅਰਚਾ–ਫੁੱਲ ਆਦਿ ਭੇਟ ਕਰਕੇ ਦੇਵ ਪੂਜਾ ਕਰਨੀ। ਬੰਦਨ–ਨਮਸ਼ਕਾਰ। ਸਮਤ ਨਿਵਾਸੀ–(ਸਭ ਜਗ੍ਹਾ) ਇਕ ਬਰਾਬਰ ਵਸਣ ਵਾਲਾ। ਬਾਹੁੜਿ–ਮੁੜ ਕੇ। ਜੋਨਿ–ਜੂਨਾਂ ਵਿਚ। ਨ ਨੰਗਨਾ–ਨੰਗਾ (ਖੱਜਲ ਖੁਆਰ) ਨਹੀਂ ਹੁੰਦਾ।੫। ਦਾਸਨ ਕੋ–ਦਾਸਾਂ ਦਾ। ਕਰਿ ਲੇਹੁ–ਬਣਾ ਲੈ। ਗੋੁਪਾਲਾ–ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ!। ਕ੍ਰਿਪਾ ਨਿਧਾਨ–ਹੇ ਕ੍ਰਿਪਾ ਦੇ ਖਜਾਨੇ!। ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!। ਸਖਾ–ਮਿਤ੍ਰ । ਸਹਾਈ–ਸਹਾਇਤਾ ਕਰਨ ਵਾਲਾ। ਪੂਰਨ–ਵਿਆਪਕ। ਨ ਹੋਵੀ ਭੰਗਨਾ–ਬਿਘਨ ਨਾ ਹੋਵੇ।੬।

ਮਨੁ ਤਨੁ ਅਰਪਿ ਧਰੀ ਹਰਿ ਆਗੈ ॥ ਜਨਮ ਜਨਮ ਕਾ ਸੋਇਆ ਜਾਗੈ ॥ ਜਿਸ ਕਾ ਸਾ ਸੋਈ ਪ੍ਰਤਿਪਾਲਕੁ ,ਹਤਿ ਤਿਆਗੀ ਹਉਮੈ ਹੰਤਨਾ ॥੭॥ ਜਲਿ ਥਲਿ ਪੂਰਨ ਅੰਤਰਜਾਮੀ ॥ ਘਟਿ ਘਟਿ ਰਵਿਆ ਅਛਲ ਸੁਆਮੀ ॥ ਭਰਮ ਭੀਤਿ ਖੋਈ ਗੁਰਿ ਪੂਰੈ, ਏਕੁ ਰਵਿਆ ਸਰਬੰਗਨਾ ॥੮॥ ਜਤ ਕਤ ਪੇਖਉ ਪ੍ਰਭ ਸੁਖ ਸਾਗਰ ॥ ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥ ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ, ਸੋ ਬੂਝੈ ਜਿਸੁ ਕਿਰਪੰਗਨਾ ॥੯॥ ਛਾਤੀ ਸੀਤਲ ਮਨੁ ਤਨੁ ਠੰਢਾ ॥ ਜਨਮ ਮਰਣ ਕੀ ਮਿਟਵੀ ਡੰਝਾ ॥ ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ, ਅਮਿਓ ਧਾਰਿ ਦ੍ਰਿਸਟੰਗਨਾ ॥੧੦॥ ਏਕੋ ਏਕੁ ਰਵਿਆ ਸਭ ਠਾਈ ॥ ਤਿਸੁ ਬਿਨੁ ਦੂਜਾ ਕੋਈ ਨਾਹੀ ॥ ਆਦਿ ਮਧਿ ਅੰਤਿ ਪ੍ਰਭੁ ਰਵਿਆ, ਤ੍ਰਿਸਨ ਬੁਝੀ ਭਰਮੰਗਨਾ ॥੧੧॥(ਹੇ ਭਾਈ! ਜਿਹੜਾ ਮਨੁੱਖ ਅਪਣਾ) ਮਨ ਤੇ ਤਨ ਭੇਟਾ ਕਰਕੇ ਹਰੀ ਅੱਗੇ ਰੱਖ ਦੇਂਦਾ ਹੈ। (ਉਸ ਦਾ) ਜਨਮਾਂ ਜਨਮਾਂ ਦਾ ਸੋਇਆ ਮਨ (ਗਿਆਨ ਅਵਸਥਾ ਵਿਚ) ਜਾਗ ਪੈਂਦਾ ਹੈ।

ਜਿਸ ਪ੍ਰਭੂ ਦਾ ਇਹ ਮਨੁੱਖ ਸੇਵਕ ਸੀ, ਉਹ ਹੀ (ਇਸ ਦੀ) ਪਾਲਣਾ ਕਰਨ ਵਾਲਾ ਹੈ, (ਉਸ ਨੇ ਆਤਮਕ ਜੀਵਨ ਨੂੰ) ਮਾਰਨ ਵਾਲੀ ਹਉਮੈ ਮਾਰ ਕੇ ਤਿਆਗ ਦਿਤੀ ਹੈ।੭।(ਹੇ ਭਾਈ!) ਅੰਤਰਜਾਮੀ ਪ੍ਰਭੂ ਜਲ ਵਿਚ ਤੇ ਥਲਾਂ ਵਿਚ ਵਿਆਪਕ ਹੈ।ਨਾ ਛਲਿਆ ਜਾਣ ਵਾਲਾ ਮਾਲਕ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਵਿਆਪਕ ਹੈ।ਪੂਰੇ ਗੁਰੂ ਨੇ (ਜਿਸ ਮਨੁੱਖ ਦੇ ਅੰਦਰੋਂ) ਭਰਮ ਦੀ ਕੰਧ ਦੂਰ ਕਰ ਦਿਤੀ ਹੈ, (ਉਹ) ਇਕ ਪ੍ਰਭੂ ਨੂੰ ਸਾਰੇ ਜੀਵਾਂ ਵਿਚ ਵਿਆਪਕ ਜਾਣ ਲੈਂਦਾ ਹੈ।੮।(ਹੇ ਭਾਈ!) ਮੈਂ ਜਿੱਥੇ ਕਿੱਥੇ ਦੇਖਦਾ ਹਾਂ, ਸੁਖਾਂ ਦੇ ਸਮੁੰਦਰ ਪ੍ਰਭੂ ਨੂੰ ਵਸਦਾ ਦੇਖਦਾ ਹਾਂ।(ਗੁਣ ਰੂਪ) ਰਤਨਾਂ ਦੀ ਖਾਣ ਹਰੀ ਦੇ ਭੰਡਾਰੇ ਵਿਚ ਕੋਈ ਤੋਟ ਨਹੀਂ ਆਉਂਦੀ।ਪ੍ਰਭੂ ਜੋ ਡੂੰਘੇ ਤੋਂ ਡੂੰਘਾ ਹੈ, (ਉਸ ਦੀ) ਕੁਛ ਮਿਣਤੀ ਨਹੀਂ ਪਾਈ ਜਾ ਸਕਦੀ, (ਇਸ ਗੱਲ ਨੂੰ) ਉਹ ਮਨੁੱਖ ਸਮਝਦਾ ਹੈ, ਜਿਸ ਉਤੇ (ਉਸ ਦੀ) ਕ੍ਰਿਪਾ ਹੋਵੇ।੯।(ਜਿਸ ਮਨੁੱਖ ਉਤੇ ਪ੍ਰਭੂ ਦੀ ਕ੍ਰਿਪਾ ਹੋਈ ਹੈ, ਉਸ ਦੀ) ਛਾਤੀ ਸੀਤਲ ਹੋ ਗਈ ਹੈ ਅਤੇ ਮਨ ਤਨ ਵੀ ਠੰਢਾ ਠਾਰ ਹੋ ਗਿਆ ਹੈ।(ਉਸ ਦੇ) ਜਨਮ ਮਰਨ ਦੀ ਜਲਨ ਮਿਟ ਗਈ ਹੈ।ਪ੍ਰਭੂ ਨੇ ਅੰਮ੍ਰਿਤ ਮਈ ਨਜਰ ਕਰਕੇ ਹੱਥ ਫੜ ਕੇ ਅਪਣੇ ਸੇਵਕ ਸਮੁੰਦਰ ਵਿਚੋਂ ਕੱਢ ਲਏ ਹਨ।੧੦।(ਹੇ ਭਾਈ!) ਸਭ ਜਗ੍ਹਾ ਇਕੋ ਇਕ ਪ੍ਰਭੂ ਵਿਆਪਕ ਹੈ।ਉਸ ਪ੍ਰਭੂ ਤੋਂ ਬਿਨਾ (ਉਸ ਵਰਗਾ) ਦੂਜਾ ਕੋਈ ਨਹੀਂ ਹੈ।(ਜਿਸ ਮਨੁੱਖ ਨੇ ਜਾਣ ਲਿਆ ਕਿ) ਸ੍ਰਿਸਟੀ ਰਚਨਾ ਦੇ ਤਿੰਨਾਂ ਸਮਿਆਂ ਵਿਚ ਪ੍ਰਭੂ ਵਿਆਪਕ ਹੈ, (ਉਸ ਦੀ) ਤ੍ਰਿਸ਼ਨਾ ਬੁਝ ਗਈ ਅਤੇ (ਉਸ ਦਾ) ਭਰਮ ਵੀ ਦੂਰ ਹੋ ਗਿਆ ਹੈ।੧੧।

ਪਦਾਰਥ = ਤਨੁ–ਸਰੀਰ।ਅਰਪਿ ਧਰੀ–ਭੇਟਾ ਕਰਕੇ ਰੱਖ ਦਿਤੀ ਹੈ।ਸੋਇਆ ਜਾਗੈ–ਸੁੱਤਾ ਪਿਆ ਮਨ ਜਾਗ ਪੈਂਦਾ ਹੈ।ਸਾ–ਸੀ। ਸੋਈ–ਉਹ ਹੀ।ਹਤਿ–ਮਾਰ ਕੇ।ਤਿਆਗੀ–ਛਡ ਦਿਤੀ।ਹੰਤਨਾ–ਮਾਰਨ ਵਾਲੀ।੭।ਜਲਿ–ਪਾਣੀ ਵਿਚ।ਥਲਿ–ਧਰਤੀ ਵਿਚ।ਪੂਰਨ –ਵਿਆਪਕ।ਅੰਤਰਜਾਮੀ–ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਰਵਿਆ–ਵਿਆਪਕ ਹੈ।ਅਛਲ–ਨਾ ਛਲਿਆ ਜਾਣ ਵਾਲਾ।ਸੁਆਮੀ–ਮਾਲਕ ਪ੍ਰਭੂ।ਭੀਤਿ–ਕੰਧ; ਪੜਦਾ।ਖੋਈ–ਦੂਰ ਕਰ ਦਿਤੀ।ਗੁਰਿ ਪੂਰੈ–ਪੂਰੇ ਗੁਰੂ ਨੇ।ਏਕੁ–ਇਕ ਪ੍ਰਭੂ।ਸਰਬੰਗਨਾ–ਸਾਰੇ ਜੀਵਾਂ ਵਿਚ।੮।ਜਤ ਕਤ–ਜਿੱਥੇ ਕਿੱਥੇ (ਸਭ ਪਾਸੇ)।ਪੇਖਉ–ਮੈਂ ਦੇਖਦਾ ਹੈ।ਤੋਟਿ–ਘਾਟਾ ।ਰਤਨਾਗਰ–ਰਤਨਾਂ ਦੀ ਖਾਣ।ਅਗਹ ਅਗਾਹ–ਬਹੁਤ ਡੂੰਘਾ।ਮਿਤਿ–ਮਿਣਤੀ; ਹੱਦ ਬੰਨਾ।ਸੋ–ਉਹ (ਮਨੁੱਖ)।ਬੂਝੈ–ਸਮਝਦਾ ਹੈ। ਕਿਰਪੰਗਨਾ–ਕ੍ਰਿਪਾ।੯।ਸੀਤਲ–ਠੰਢੀ; ਸ਼ਾਂਤ।ਡੰਝਾ–ਜਲਣ।ਕਰੁ–ਹੱਥ।ਗਹਿ–ਫੜ ਕੇ।ਪ੍ਰਭਿ–ਪ੍ਰਭੂ ਨੇ।ਅਮਿਓ ਦ੍ਰਿਸਟੰਗਨਾ–ਅੰਮ੍ਰਿਤ ਮਈ ਨਜਰ।ਧਾਰਿ–ਕਰਕੇ।੧੦।ਏਕੋ ਏਕੁ–ਸਿਰਫ ਇਕੋ ਪ੍ਰਭੂ।ਠਾਈ–ਜਗ੍ਹਾ।ਆਦਿ–ਸ੍ਰਿਸਟੀ ਰਚਨਾ ਦੇ ਸ਼ੁਰੂ ਵਿਚ।ਮਧਿ –ਵਿਚਕਾਰਲੇ ਸਮੇਂ ਵਿਚ।ਅੰਤਿ–ਸ੍ਰਿਸਟੀ ਦੇ ਅੰਤ ਵਿਚ।ਤ੍ਰਿਸਨ–ਤ੍ਰਿਸ਼ਨਾ।ਭਰਮੰਗਨਾ–ਭਰਮ; ਆਵਾਗਉਣ ਵਿਚ ਭ੍ਰਮਣ।੧੧।

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ ਗੁਰੁ ਕਰਤਾ ਗੁਰੁ ਸਦ ਬਖਸੰਦੁ ॥ ਗੁਰ ਜਪੁ ਜਾਪਿ ਜਪਤ ਫਲੁ ਪਾਇਆ, ਗਿਆਨ ਦੀਪਕੁ ਸੰਤ ਸੰਗਨਾ ॥੧੨॥ ਜੋ ਪੇਖਾ ਸੋ ਸਭੁ ਕਿਛੁ ਸੁਆਮੀ ॥ ਜੋ ਸੁਨਣਾ ਸੋ ਪ੍ਰਭ ਕੀ ਬਾਨੀ ॥ ਜੋ ਕੀਨੋ ਸੋ ਤੁਮਹਿ ਕਰਾਇਓ, ਸਰਣਿ ਸਹਾਈ ਸੰਤਹ ਤਨਾ ॥੧੩॥ ਜਾਚਕੁ ਜਾਚੈ ਤੁਮਹਿ ਅਰਾਧੈ ॥ ਪਤਿਤ ਪਾਵਨ ਪੂਰਨ ਪ੍ਰਭ ਸਾਧੈ ॥ ਏਕੋ ਦਾਨੁ ਸਰਬ ਸੁਖ ਗੁਣਨਿਧਿ, ਆਨ ਮੰਗਨ ਨਿਹਕਿੰਚਨਾ ॥੧੪॥ (ਹੇ ਭਾਈ!) ਗੁਰੂ ਪ੍ਰਮੇਸਰ ਰੂਪ ਹੈ, ਪ੍ਰਮੇਸਰ ਗੁਰੂ ਰੂਪ ਹੈ।ਗੁਰੂ ਕਰਤਾਰ ਦਾ ਰੂਪ ਹੈ, ਗੁਰੂ (ਸੇਵਕਾਂ ਦੇ ਪਾਪ) ਬਖਸ਼ ਦੇਣ ਵਾਲਾ ਹੈ।ਸੰਤ ਗੁਰੂ ਦੀ ਸੰਗਤ ਕਰਕੇ ਮੇਰੇ ਅੰਦਰ ਗਿਆਨ ਦਾ ਦੀਵਾ ਜਗ ਪਿਆ ਹੈ ਅਤੇ ਗੁਰੂ ਦੇ ਜਪਾਏ ਹੋਏ ਨਾਮ ਦੇ ਜਪ ਨੂੰ ਜਪਦਿਆਂ ਮੈਂ ਮੋਖਸ਼ ਫਲ ਪਾਇਆ ਹੈ।੧੨।(ਗਿਆਨ ਦੀਵੇ ਦਾ ਸਦਕਾ ਹੁਣ) ਜੋ ਕੁਛ ਮੈਂ ਦੇਖਦਾ ਹਾਂ, ਉਹ ਸਭ ਕੁਛ ਮਾਲਕ ਪ੍ਰਭੂ ਦਾ ਰੂਪ ਹੀ ਹੈ।ਅਤੇ ਜੋ ਕੁਛ ਵੀ ਮੈਂ ਸੁਣਦਾ ਹਾਂ, ਉਹ (ਹਰੇਕ ਜੀਵ ਦੇ ਅੰਦਰੋਂ) ਪ੍ਰਭੂ ਦੇ ਬੋਲ ਹੀ ਸੁਣਾਈ ਦੇਂਦੇ ਹਨ {ਬਾਣੀ ਪ੍ਰਭ ਕੀ ਸਭੁ ਕੋ ਬੋਲੈ ੨੯੪}।(ਹੇ ਪ੍ਰਭੂ! ਜੋ ਕੁਛ) ਮੈਂ ਕੀਤਾ ਹੈ, ਉਹ ਮੇਰੇ ਪਾਸੋਂ ਤੂੰ ਹੀ ਕਰਾਇਆ ਹੈ, ਤੂੰ ਸ਼ਰਣ ਵਿਚ ਆਏ ਮਨੁੱਖਾਂ ਦੀ ਸਹਾਇਤਾ ਕਰਨ ਵਾਲਾ ਹੈਂ, ਸੰਤ ਤੇਰੇ ਪੁਤ੍ਰ ਹਨ।੧੩।ਹੇ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪੂਰਨ ਸਾਧੂ ਪ੍ਰਮਾਤਮਾ! ਮੈਂ ਮੰਗਤਾ ਹੋ ਕੇ (ਤੇਰੇ ਦਰ ਤੋਂ ਇਹ ਦਾਤ) ਮੰਗਦਾ ਹਾਂ ਕਿ ਮੈਂ ਤੈਨੂੰ ਹੀ ਸਿਮਰਦਾ ਰਹਾਂ।ਹੇ ਗੁਣਾਂ ਦੇ ਖਜਾਨੇ ਪ੍ਰਭੂ! ਇਕ ਤੂੰ ਹੀ ਸਾਰੇ ਸੁਖਾਂ ਦਾ ਦਾਨ ਦੇਣ ਵਾਲਾ ਹੈਂ, ਹੋਰ ਕਿਸੇ ਤੋਂ ਮੰਗਣ ਤੋਂ ਮੈਂ ਨਿਰਇੱਛਤ ਹਾਂ; ਹੇ ਗੁਣਾਂ ਦੇ ਖਜਾਨੇ ਪ੍ਰਭੂ! ਤੇਰਾ ਇਕੋ ਨਾਮ ਸਾਰੇ ਸੁਖ ਦੇਣ ਵਾਲਾ ਹੈ, (ਨਾਮ ਤੋਂ ਬਿਨਾ ਮੈਨੂੰ) ਹੋਰ ਰੱਤਾ ਭਰ ਵੀ ਮੰਗਣ ਦੀ ਇੱਛਾ ਨਹੀਂ।੧੪।

ਅੰਗ ੧੦੮੧ = ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ ॥ ਲਗੀ ਲਾਗਿ ਸੰਤ ਸੰਗਾਰਾ ॥ ਨਿਰਮਲ ਸੋਇ ਬਣੀ ਹਰਿ ਬਾਣੀ, ਮਨੁ

ਨਾਮਿ ਮਜੀਠੈ ਰੰਗਨਾ ॥੧੫॥ ਸੋਲਹ ਕਲਾ ਸੰਪੂਰਨ ਫਲਿਆ ॥ ਅਨਤ ਕਲਾ ਹੋਇ ਠਾਕੁਰੁ ਚੜਿਆ ॥ ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ, ਅੰਮ੍ਰਿਤ ਰਸੁ ਹਰਿ ਭੁੰਚਨਾ ॥੧੬॥੨॥੯॥(ਹੇ ਭਾਈ!) ਸਰੀਰ ਰੂਪ ਭਾਂਡੇ ਨੂੰ ਬਣਾਉਣ ਵਾਲਾ ਪ੍ਰਭੂ ਹੈ। ਸੰਤਾਂ ਦੀ ਸੰਗਤ ਦੀ ਲਾਗ (ਛੋਹ ਜਿਸ ਮਨੁੱਖ ਨੂੰ) ਲੱਗੀ ਹੈ। ਹਰੀ ਦੀ ਬਾਣੀ ਪੜ੍ਹਨ ਨਾਲ (ਉਸ ਦੀ) ਪਵਿਤ੍ਰ ਸੋਭਾ ਬਣ ਜਾਂਦੀ ਹੈ, (ਅਤੇ ਉਸ ਦਾ) ਮਨ ਮਜੀਠ ਦੇ ਪੱਕੇ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ।੧੫।(ਜਿਸ ਮਨੁੱਖ ਦੇ ਅੰਦਰ) ਸੋਲ੍ਹਾਂ ਤਾਕਤਾਂ ਵਾਲਾ ਭਾਵ ਪੂਰਨ ਹਰੀ ਦਾ ਪੂਰਨ ਗਿਆਨ ਫਲਿਆ ਹੈ।(ਉਸ ਦੇ ਅੰਦਰ) ਅਨੰਤ ਸ਼ਕਤੀਆਂ ਵਾਲਾ ਮਾਲਕ ਪ੍ਰਭੂ ਪ੍ਰਗਟ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦੇ ਹਿਰਦੇ ਵਿਚ) ਹਰੀ ਦੇ ਨਾਮ ਦੁਆਰਾ ਅਨੰਦ ਤੇ ਸੁਖ ਦੇਣ ਵਾਲੇ ਤਮਾਸ਼ੇ ਪ੍ਰਾਪਤ ਹੋ ਗਏ ਹਨ ਅਤੇ ਉਹ ਹਰੀ ਦਾ ਅੰਮ੍ਰਿਤ ਮਈ ਨਾਮ ਰਸ ਭੋਗਦਾ ਹੈ।੧੬।੨।੯।

ਪਦਾਰਥ = ਕਰਤਾ–ਕਰਤਾਰ। ਸਦ–ਸਦਾ। ਬਖਸੰਦੁ–ਮਾਫ ਕਰ ਦੇਣ ਵਾਲਾ। ਗੁਰ ਜਪੁ–ਗੁਰੂ ਦਾ ਬਖਸ਼ਿਆ ਨਾਮ ਦਾ ਜਪ। ਜਾਪਿ–ਜਪਾਏ ਹੋਏ। ਜਪਤ–ਜਪਦਿਆਂ। ਦੀਪਕੁ–ਦੀਵਾ। ਸੰਤ ਸੰਗਨਾ–ਸੰਤ ਗੁਰੂ ਦੀ ਸੰਗਤ ਕਰਕੇ।੧੨। ਪੇਖਾ–ਮੈਂ ਦੇਖਦਾ ਹਾਂ। ਸੋ–ਉਹ। ਸੁਆਮੀ–ਮਾਲਕ ਪ੍ਰਭੂ। ਬਾਨੀ–ਬੋਲ। ਕੀਨੋ–ਕੀਤਾ ਹੈ। ਤੁਮਹਿ–ਤੂੰ ਹੀ। ਸਹਾਈ–ਸਹਾਇਤਾ ਕਰਨ ਵਾਲਾ। ਸੰਤਹ ਤਨਾ–ਸੰਤ ਪੁਤ੍ਰ ਹਨ (ਤੇਰੇ); ਤੂੰ ਸੰਤਾਂ ਦਾ ਸਹਾਰਾ ਹੈਂ; ਤੂੰ ਸੰਤਾਂ ਦਾ ਧਨ ਹੈਂ।੧੩। ਜਾਚਕੁ–ਮੰਗਤਾ। ਜਾਚੈ–ਮੰਗਦਾ ਹਾਂ। ਤੁਮਹਿ–ਤੈਨੂੰ ਹੀ। ਅਰਾਧੈ–ਸਿਮਰਦਾ ਰਹਾਂ। ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ। ਪੂਰਨ–ਵਿਆਪਕ। ਪ੍ਰਭ ਸਾਧੈ–ਸਾਧੂ ਪ੍ਰਮਾਤਮਾ। ਸਰਬ ਸੁਖ–ਸਾਰੇ ਸੁਖ। ਦਾਨੁ–ਦੇਣ ਵਾਲਾ। ਗੁਣ ਨਿਧਿ–ਹੇ ਗੁਣਾਂ ਦੇ ਖਜਾਨੇ!। ਆਨ ਮੰਗਨ–ਹੋਰ ਪਾਸੋਂ ਮੰਗਣਾ; ਹੋਰ ਕੁਛ ਮੰਗਣਾ। ਨਿਹਕਿੰਚਨਾ –ਨਿਰਇੱਛਤ ਹਾਂ; ਰੱਤਾ ਭਰ ਵੀ ਨਹੀਂ।੧੪। ਕਾਇਆ–ਸਰੀਰ। ਪਾਤ੍ਰ–ਭਾਂਡਾ। ਕਰਨੈਹਾਰਾ–ਬਣਾਉਣ ਵਾਲਾ। ਲਾਗਿ–ਛੋਹ। ਸੰਗਾਰਾ –ਸੰਗਤ ਦੀ। ਨਿਰਮਲ–ਪਵਿਤ੍ਰ। ਸੋਇ–ਸੋਭਾ। ਬਾਣੀ–ਬਾਣੀ ਦੁਆਰਾ। ਨਾਮਿ–ਨਾਮ ਵਿਚ। ਮਜੀਠੈ–ਮਜੀਠ ਦੇ ਪੱਕੇ ਰੰਗਿ ਵਿਚ। ਰੰਗਨਾ–ਰੰਗਿਆ ਜਾਂਦਾ ਹੈ।੧੫। ਸੋਲਹ ਕਲਾ–ਜਿਵੇਂ ਸੋਲ੍ਹਾਂ ਆਨੇ ਦੱਸ ਕੇ ਰੁਪਈਏ ਦੀ ਪੂਰਨਤਾ ਮੰਨੀ ਜਾਂਦੀ ਹੈ, ਇਸੇ ਤਰ੍ਹਾਂ ਇਸ ਦਾ ਅਰਥ ਪੂਰਨ ਤਾਕਤਾਂ ਵਾਲਾ ਗਿਆਨ। ਫਲਿਆ–ਪ੍ਰਫੁਲੱਤ ਹੋਇਆ। ਅਨਤ ਕਲਾ–ਅਨੰਤ ਸ਼ਕਤੀਆਂ ਵਾਲਾ। ਠਾਕੁਰੁ–ਮਾਲਕ ਪ੍ਰਭੂ। ਚੜਿਆ–ਪ੍ਰਗਟ ਹੋਇਆ। ਬਿਨੋਦ–ਤਮਾਸ਼ੇ; ਖੁਸ਼ੀਆਂ। ਭੁੰਚਨਾ–ਭੋਗਦਾ (ਮਾਣਦਾ) ਹੈ।੧੬।੨।੯।

ਮਾਰੂ ਸੋਲਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਤੂ ਸਾਹਿਬੁ ਹਉ ਸੇਵਕੁ ਕੀਤਾ ॥ ਜੀਉ ਪਿੰਡੁ ਸਭੁ ਤੇਰਾ ਦੀਤਾ ॥ ਕਰਨ ਕਰਾਵਨ ਸਭੁ ਤੂਹੈ ਤੂਹੈ, ਹੈ ਨਾਹੀ ਕਿਛੁ ਅਸਾੜਾ ॥੧॥ ਤੁਮਹਿ ਪਠਾਏ ਤਾ ਜਗ ਮਹਿ ਆਏ ॥ ਜੋ ਤੁਧੁ ਭਾਣਾ ਸੇ ਕਰਮ ਕਮਾਏ ॥ ਤੁਝ ਤੇ ਬਾਹਰਿ ਕਿਛੂ ਨ ਹੋਆ, ਤਾ ਭੀ ਨਾਹੀ ਕਿਛੁ ਕਾੜਾ ॥੨॥ ਊਹਾ ਹੁਕਮੁ ਤੁਮਾਰਾ ਸੁਣੀਐ ॥ ਈਹਾ ਹਰਿ ਜਸੁ ਤੇਰਾ ਭਣੀਐ ॥ ਆਪੇ ਲੇਖ ਅਲੇਖੈ ਆਪੇ, ਤੁਮ ਸਿਉ ਨਾਹੀ ਕਿਛੁ ਝਾੜਾ ॥੩॥ ਤੂ ਪਿਤਾ ਸਭਿ ਬਾਰਿਕ ਥਾਰੇ ॥ ਜਿਉ ਖੇਲਾਵਹਿ ਤਿਉ ਖੇਲਣਹਾਰੇ ॥ ਉਝੜ ਮਾਰਗੁ ਸਭੁ ਤੁਮ ਹੀ ਕੀਨਾ, ਚਲੈ ਨਾਹੀ ਕੋ ਵੇਪਾੜਾ ॥੪॥ ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥ ਇਕਿ ਪਠਾਏ ਦੇਸ ਦਿਸੰਤਰਿ ॥ ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ, ਇਨ ਮਹਿ ਕਹੀਐ ਕਿਆ ਕੂੜਾ ॥੫॥ ਹੇ ਪ੍ਰਭੂ! ਤੂੰ ਸਾਰੇ ਜਗਤ ਦਾ ਮਾਲਕ ਹੈਂ ਅਤੇ ਮੈਂ ਤੇਰਾ ਪੈਦਾ ਕੀਤਾ ਹੋਇਆ ਸੇਵਕ ਹਾਂ।(ਜੀਵਾਂ ਨੂੰ) ਜਿੰਦ ਤੇ ਸਰੀਰ ਸਭ ਤੇਰਾ ਦਿਤਾ ਹੋਇਆ ਹੈ। (ਸੰਸਾਰ ਵਿਚ) ਸਭ ਕੁਛ ਕਰਨ ਵਾਲਾ ਤੂੰ ਹੀ ਹੈਂ ਅਤੇ ਜੀਵਾਂ ਪਾਸੋਂ ਕਰਾਉਣ ਵਾਲਾ ਤੂੰ ਹੀ ਹੈਂ, ਸਾਡਾ (ਸਭ ਜੀਵਾਂ ਦਾ ਇਥੇ) ਕੁਛ ਵੀ ਨਹੀਂ ਹੈ; ਸਾਡਾ ਕੁਛ ਜੋਰ ਨਹੀਂ ਚਲਦਾ।੧।(ਹੇ ਪ੍ਰਭੂ!) ਜਗਤ ਵਿਚ ਤੂੰ ਭੇਜੇ ਹਨ, ਤਾਂ (ਇਹ ਜੀਵ) ਆਏ ਹਨ। ਜੋ ਤੈਨੂੰ ਚੰਗਾ ਲਗਦਾ ਹੈ, (ਜੀਵ) ਉਹ ਕਰਮ ਕਰਦੇ ਹਨ। ਤੇਰੇ ਹੁਕਮ ਤੋਂ ਬਾਹਰ ਕੁਛ ਨਹੀਂ ਹੋਇਆ, ਤਦੇ ਹੀ (ਸਾਨੂੰ) ਕੁਛ ਵੀ ਫਿਕਰ ਨਹੀਂ।੨। ਹੇ ਹਰੀ! ਇਥੇ (ਇਸ ਲੋਕ ਵਿਚ) ਤੇਰਾ ਜਸ ਉਚਾਰਨ ਕੀਤਾ ਜਾਂਦਾ ਹੈ। ਉਥੇ (ਪ੍ਰਲੋਕ ਵਿਚ) ਤੇਰਾ ਹੁਕਮ ਚਲਦਾ ਸੁਣੀਦਾ ਹੈ। ਤੂੰ ਆਪ ਹੀ ਜੀਵਾਂ ਦੇ ਕਰਮਾਂ ਦਾ ਲੇਖਾ ਕਰਦਾ ਹੈਂ ਅਤੇ ਆਪ ਹੀ ਤੂੰ (ਸ਼ਰਣ ਵਿਚ ਆਏ ਮਨੁੱਖਾਂ ਨੂੰ) ਲੇਖੇ ਰਹਿਤ ਕਰ ਦਿੰਦਾ ਹੈਂ; ਤੂੰ ਆਪ ਹੀ ਜੀਵ ਰੂਪ ਹੋ ਕੇ ਲੇਖੇ ਵਿਚ ਹੈ ਅਤੇ ਆਪ ਹੀ ਤੂੰ ਨਿਰਾਕਾਰ ਰੂਪ ਵਿਚ ਲੇਖੇ ਰਹਿਤ ਹੈਂ, (ਇਸ ਲਈ ਜੀਵਾਂ ਦਾ) ਤੇਰੇ ਨਾਲ ਕੁਛ ਝਗੜਾ ਕਰਨਾ ਬਣਦਾ ਨਹੀਂ।੩।(ਹੇ ਪ੍ਰਭੂ!) ਤੂੰ ਸਾਰੇ ਜੀਵਾਂ ਦਾ ਪਿਤਾ ਹੈਂ ਅਤੇ (ਸਾਰੇ ਜੀਵ) ਤੇਰੇ ਬੱਚੇ ਹਨ। ਜਿਵੇਂ ਤੂੰ (ਅਪਣੇ ਬੱਚਿਆਂ ਨੂੰ) ਖਿਡਾਉਂਦਾ ਹੈਂ, ਉਸੇ ਤਰ੍ਹਾਂ (ਬੱਚੇ) ਖੇਡਣ ਵਾਲੇ ਹਨ। ਗਲਤ ਰਸਤਾ ਤੇ

ਠੀਕ ਰਸਤਾ ਵੀ ਤੂੰ ਬਣਾਇਆ ਹੈ {ਭਾਣੈ ਉਝੜ ਭਾਣੈ ਰਾਹਾ ੯੮}, ਕੋਈ ਵੀ ਜੀਵ (ਤੇਰੇ ਹੁਕਮ ਤੋਂ ਬਿਨਾ ਅਪਣੇ ਆਪ) ਉਲਟ ਰਸਤੇ ਤੇ ਨਹੀਂ ਚੱਲ ਸਕਦਾ।੪।(ਹੇ ਪ੍ਰਭੂ!) ਕਈ ਜੀਵ ਤੂੰ ਘਰ ਦੇ ਅੰਦਰ ਹੀ ਬਿਠਾ ਰੱਖੇ ਹਨ।ਕਈ ਜੀਵ ਤੂੰ ਦੇਸਾਂ ਪ੍ਰਦੇਸਾਂ ਵਿਚ ਭੇਜੇ ਹੋਏ ਹਨ।ਕਈ ਜੀਵਾਂ ਨੂੰ ਘਾਹ ਖੋਤਣ ਲਾ ਦਿਤਾ ਹੈ (ਮਜਦੂਰ ਬਣਾ ਦਿਤਾ ਹੈ), ਕਈ ਜੀਵਾਂ ਨੂੰ ਰਾਜਾ ਬਣਾ ਦਿਤਾ ਹੈ, ਤੇਰੇ ਇਨਾਂ ਕੰਮਾਂ ਵਿਚ ਕੀ ਝੂਠ ਆਖੀਏ? (ਕੁਛ ਝੂਠ ਨਹੀਂ, ਸਭ ਨੂੰ ਕਰਮਾਂ ਅਨੁਸਾਰ ਫਲ ਦੇਂਦਾ ਹੈਂ)।੫।

ਪਦਾਰਥ = ਸਾਹਿਬੁ–ਮਾਲਕ ਪ੍ਰਭੂ।ਹਉ–ਮੈਂ।ਕੀਤਾ–ਪੈਦਾ ਕੀਤਾ ਹੋਇਆ।ਜੀਉ–ਜਿੰਦ।ਪਿੰਡੁ–ਸਰੀਰ।ਦੀਤਾ–ਦਿਤਾ ਹੋਇਆ। ਕਰਨ–ਸਭ ਕੁਛ ਕਰਨ ਵਾਲਾ।ਕਰਾਵਨ–ਕਰਾਉਣ ਵਾਲਾ।ਅਸਾੜਾ–ਸਾਡਾ।੧।ਤੁਮਹਿ–ਤੂੰ ਹੀ।ਪਠਾਏ–ਭੇਜੇ ਹਨ।ਤਾ–ਤਾਂ ਹੀ। ਜਗ ਮਹਿ–ਜਗਤ ਵਿਚ।ਤੁਧੁ–ਤੈਨੂੰ।ਭਾਣਾ–ਚੰਗਾ ਲਗਦਾ ਹੈ।ਸੇ ਕਰਮ–ਉਹ ਕੰਮ।ਤੁਝ ਤੇ–ਤੇਰੇ ਤੋਂ।ਤਾ ਭੀ–ਤਾਂ ਭੀ।ਕਾੜਾ–ਚਿੰਤਾ; ਝੋਰਾ।੨।ਊਹਾ–ਉਥੇ (ਪ੍ਰਲੋਕ ਵਿਚ)।ਸੁਣੀਐ–ਸੁਣੀਦਾ ਹੈ।ਈਹਾ–ਇਥੇ (ਇਸ ਲੋਕ ਵਿਚ)।ਭਣੀਐ–ਉਚਾਰਿਆ ਜਾਂਦਾ ਹੈ।ਆਪੇ–ਤੂੰ ਆਪ ਹੀ।ਲੇਖੈ–ਲੇਖਾ ਕਰਦਾ ਹੈਂ; ਲੇਖੇ ਵਿਚ ਹੈਂ।ਅਲੇਖੈ–ਲੇਖੇ ਰਹਿਤ ਹੈਂ; ਲੇਖੇ ਰਹਿਤ ਕਰ ਦਿੰਦਾ ਹੈਂ।ਤੁਮ ਸਿਉ–ਤੇਰੇ ਨਾਲ।ਝਾੜਾ–ਝਗੜਾ।੩।ਬਾਰਿਕ–ਬੱਚੇ।ਥਾਰੇ–ਤੇਰੇ।ਉਝੜ–ਔਝੜ (ਗਲਤ ਰਸਤਾ)।ਮਾਰਗੁ–ਠੀਕ ਰਸਤਾ।ਤੁਮ ਹੀ ਕੀਨਾ –ਤੂੰ ਹੀ ਬਣਾਇਆ ਹੈ।ਕੋ–ਕੋਈ ਜੀਵ।ਵੇਪਾੜਾ–ਉਲਟਾ ਰਸਤਾ।੪।ਇਕਿ–ਕਈ ਜੀਵ।ਬੈਸਾਇ ਰਖੇ–ਬਿਠਾ ਰੱਖੇ ਹਨ।ਗ੍ਰਿਹ ਅੰਤਰਿ–ਘਰ ਦੇ ਅੰਦਰ ਹੀ।ਪਠਾਏ–ਭੇਜੇ ਹਨ।ਦੇਸ ਦਿਸੰਤਰਿ–ਦੇਸਾਂ ਪ੍ਰਦੇਸਾਂ ਵਿਚ।ਇਕਿ ਕਉ–ਕਈਆਂ ਨੂੰ।ਘਾਸੁ–ਘਾਹ।ਇਨ ਮਹਿ–ਇਨ੍ਹਾਂ (ਕੰਮਾਂ) ਵਿਚ।ਕੂੜਾ–ਝੂਠਾ।੫।

ਕਵਨ ਸੁ ਮੁਕਤੀ ਕਵਨ ਸੁ ਨਰਕਾ ॥ ਕਵਨੁ ਸੈਸਾਰੀ ਕਵਨੁ ਸੁ ਭਗਤਾ ॥ ਕਵਨ ਸੁ ਦਾਨਾ ਕਵਨੁ ਸੁ ਹੋਛਾ, ਕਵਨ ਸੁ ਸੁਰਤਾ ਕਵਨੁ ਜੜਾ ॥੬॥ ਹੁਕਮੇ ਮੁਕਤੀ ਹੁਕਮੇ ਨਰਕਾ ॥ ਹੁਕਮਿ ਸੈਸਾਰੀ ਹੁਕਮੇ ਭਗਤਾ ॥ ਹੁਕਮੇ ਹੋਛਾ ਹੁਕਮੇ ਦਾਨਾ, ਦੂਜਾ ਨਾਹੀ ਅਵਰੁ ਧੜਾ ॥੭॥ ਸਾਗਰੁ ਕੀਨਾ ਅਤਿ ਤੁਮ ਭਾਰਾ ॥ ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥ ਇਕਨਾ ਪਾਰਿ ਲੰਘਾਵਹਿ ਆਪੇ, ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥ ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥ ਜੀਅ ਜੰਤ ਓਪਾਇ ਸਮਾਇਆ ॥ ਵੇਖੈ ਵਿਗਸੈ ਸਭਿ ਰੰਗ ਮਾਣੇ, ਰਚਨੁ ਕੀਨਾ ਇਕੁ ਆਖਾੜਾ ॥੯॥ ਵਡਾ ਸਾਹਿਬੁ ਵਡੀ ਨਾਈ ॥ ਵਡ ਦਾਤਾਰੁ ਵਡੀ ਜਿਸੁ ਜਾਈ ॥ ਅਗਮ ਅਗੋਚਰੁ ਬੇਅੰਤ ਅਤੋਲਾ, ਹੈ ਨਾਹੀ ਕਿਛੁ ਆਹਾੜਾ ॥੧੦॥ ਕੀਮਤਿ ਕੋਇ ਨ ਜਾਣੈ ਦੂਜਾ ॥ ਆਪੇ ਆਪਿ ਨਿਰੰਜਨ ਪੂਜਾ ॥ ਆਪਿ ਸੁਗਿਆਨੀ ਆਪਿ ਧਿਆਨੀ, ਆਪਿ ਸਤਵੰਤਾ ਅਤਿ ਗਾੜਾ ॥੧੧॥

(ਪ੍ਰਸ਼ਨ) ਉਹ ਕੌਣ ਮੁਕਤੀ ਪ੍ਰਾਪਤ ਕਰਦੇ ਹਨ ਅਤੇ ਨਰਕ ਵਿਚ ਉਹ ਕੌਣ ਪੈਂਦੇ ਹਨ? ਸੰਸਾਰੀ ਕੌਣ ਹੈ ਅਤੇ ਉਹ ਭਗਤ ਕੌਣ ਹੈ? ਉਹ ਸਿਆਣੇ ਕੌਣ ਹਨ, ਉਹ ਹੋਛਾ ਕੌਣ ਹੈ, ਉਹ ਬੁਧੀਵਾਨ ਕੌਣ ਹਨ ਅਤੇ ਮੂਰਖ ਕੌਣ ਹੈ?।੬।(ਉਤਰ) ਪ੍ਰਭੂ ਦੇ ਹੁਕਮ ਵਿਚ ਹੀ (ਗੁਰਮੁਖ ਨੂੰ) ਮੁਕਤੀ ਮਿਲਦੀ ਹੈ ਅਤੇ (ਉਸ ਦੇ) ਹੁਕਮ ਵਿਚ ਹੀ (ਮਨਮੁਖ) ਨਰਕ ਵਿਚ ਪੈਂਦਾ ਹੈ।ਪ੍ਰਭੂ ਦੇ ਹੁਕਮ ਵਿਚ ਹੀ (ਮਨੁੱਖ) ਸੰਸਾਰੀ ਹੁੰਦਾ ਹੈ ਅਤੇ (ਉਸ ਦੇ) ਹੁਕਮ ਵਿਚ ਹੀ (ਮਨੁੱਖ ਪ੍ਰਭੂ ਦਾ) ਭਗਤ ਹੁੰਦਾ ਹੈ।ਪ੍ਰਭੂ ਦੇ ਹੁਕਮ ਵਿਚ ਹੀ ਮਨੁੱਖ ਹੋਛਾ ਹੁੰਦਾ ਹੈ ਅਤੇ (ਉਸ ਦੇ) ਹੁਕਮ ਵਿਚ ਹੀ (ਮਨੁੱਖ) ਸਿਆਣਾ ਹੁੰਦਾ ਹੈ, (ਅਜੇਹਾ) ਦੂਜਾ ਹੋਰ ਕੋਈ ਪੱਖ ਨਹੀਂ ਹੈ (ਜੋ ਉਸ ਦੇ ਹੁਕਮ ਤੋਂ ਬਾਹਰ ਹੋਵੇ)।੭।ਹੇ ਪ੍ਰਭੂ! ਬਹੁਤ ਵੱਡਾ ਸੰਸਾਰ ਸਮੁੰਦਰ ਤੂੰ ਪੈਦਾ ਕੀਤਾ ਹੈ।ਕਈ ਮਨਮੁਖ ਮੂਰਖ ਬਣਾ ਕਰਕੇ ਤੂੰ ਨਰਕ ਵਿਚ ਲਿਜਾ ਪਾਏ ਹਨ।ਕਈ ਜੀਵਾਂ ਨੂੰ ਤੂੰ ਆਪ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈਂ, ਜਿਨ੍ਹਾਂ ਦਾ ਤੂੰ ਸਤਿਗੁਰੂ ਨੂੰ ਸੱਚ ਰੂਪ ਬੇੜਾ ਬਣਾਇਆ ਹੈ।੮।(ਹੇ ਭਾਈ!) ਇਹ ਕਾਲ ਪ੍ਰਭੂ ਦਾ ਪੈਦਾ ਕੀਤਾ ਇਕ ਖੇਲ ਹੈ, (ਉਸ ਨੇ ਕਾਲ ਨੂੰ ਜਗਤ ਵਿਚ ਅਪਣੇ) ਹੁਕਮ ਨਾਲ ਭੇਜਿਆ ਹੈ।(ਪ੍ਰਭੂ ਆਪ ਹੀ) ਜੀਵ ਜੰਤ ਪੈਦਾ ਕਰਕੇ ਮੁਕਾ ਦਿੰਦਾ ਹੈ।(ਪ੍ਰਭੂ ਨੇ) ਸੰਸਾਰ ਰਚਨਾ ਇਕ ਅਖਾੜਾ ਪੈਦਾ ਕੀਤਾ ਹੋਇਆ ਹੈ (ਇਸ ਵਿਚ ਮੌਤ ਉਸ ਦੀ ਇਕ ਖੇਡ ਹੈ, ਉਹ ਇਸ ਨੂੰ) ਦੇਖਦਾ ਹੈ, ਖੁਸ਼ ਹੁੰਦਾ ਹੈ ਅਤੇ ਸਭ ਤਰ੍ਹਾਂ ਦਾ ਅਨੰਦਾ ਮਾਣਦਾ ਹੈ।੯।(ਹੇ ਭਾਈ! ਉਹ) ਮਾਲਕ ਵੱਡਾ ਹੈ ਅਤੇ (ਉਸ ਦੀ) ਵਡਿਆਈ ਵੀ ਵੱਡੀ ਹੈ।(ਉਹ) ਵੱਡਾ ਦਾਤਾ ਹੈ ਅਤੇ ਜਿਸ ਦੀ ਜਗ੍ਹਾ ਵੱਡੀ ਹੈ ਭਾਵ ਜਿਸ ਦਾ ਸਰੂਪ ਵਡਾ ਹੈ।(ਉਹ) ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੇ ਵਿਸ਼ਿਆਂ ਤੋਂ ਵੀ ਪਰੇ ਹੈ, ਬੇਅੰਤ ਹੈ, ਤੋਲ ਰਹਿਤ ਹੈ, (ਉਸ ਦੇ ਅੱਗੇ) ਕੋਈ ਚੀਜ ਅਣਮਿਣੀ ਨਹੀਂ ਹੈ (ਸਭ ਨੂੰ ਮਿਣ ਰੱਖਿਆ

ਹੈ; ਉਸ ਨੂੰ) ਮਿਣਿਆ ਤੋਲਿਆ ਨਹੀਂ ਜਾ ਸਕਦਾ।੧੦।(ਹੇ ਭਾਈ! ਪ੍ਰਭੂ ਦੀ) ਕੀਮਤ ਦੂਜਾ ਹੋਰ ਕੋਈ ਨਹੀਂ ਜਾਣਦਾ।ਮਾਇਆ ਤੋਂ ਨਿਰਲੇਪ ਪ੍ਰਭੂ ਆਪਣੇ ਤੱਕ ਆਪ ਹੀ ਪੁੱਜਿਆ ਹੋਇਆ ਹੈ; ਅਪਣੇ ਬਰਾਬਰ ਦਾ ਆਪ ਹੀ ਹੈ।ਪ੍ਰਭੂ ਆਪ ਹੀ ਸ੍ਰੇਸਟ ਗਿਆਨ ਵਾਲਾ ਹੈ, ਆਪ ਹੀ ਧਿਆਨ ਲਾਉਣ ਵਾਲਾ ਹੈ, ਆਪ ਹੀ ਸੱਚ ਧਾਰਨ ਵਾਲਾ ਅਤੇ ਬਹੁਤ ਗਾੜ੍ਹਾ ਹੈ।੧੧।

ਪਦਾਰਥ = ਕਵਨ-ਕੌਣ।ਸੁ-ਉਹ।ਸੈਸਾਰੀ-ਸੰਸਾਰੀ; ਗ੍ਰਿਹਸਤੀ।ਦਾਨਾ-ਸਿਆਣਾ।ਹੋਛਾ-ਕਾਹਲੇ ਸੁਭਾਵ ਵਾਲਾ ਮਨੁੱਖ।ਸੁਰਤਾ-ਸੋਝੀ ਵਾਲਾ; ਬੁੱਧੀਵਾਨ।ਜੜਾ-ਮੂਰਖ।੬।ਹੁਕਮੇ-ਪ੍ਰਭੂ ਦੇ ਹੁਕਮ ਵਿਚ।ਹੁਕਮਿ-ਹੁਕਮ ਵਿਚ ਹੀ।ਸੈਸਾਰੀ-ਗ੍ਰਿਹਸਤੀ; ਮਾਇਆ ਧਾਰੀ।ਅਵਰੁ-ਹੋਰ।ਧੜਾ-ਪੱਖ; ਬਰਾਬਰ ਦਾ।੭।ਸਾਗਰੁ-ਸੰਸਾਰ ਸਮੁੰਦਰ।ਕੀਨਾ-ਪੈਦਾ ਕੀਤਾ ਹੈ।ਅਤਿ ਭਾਰਾ-ਬਹੁਤ ਵੱਡਾ। ਇਕ-ਕਈ (ਮਨਮੁਖ) ਬੰਦੇ।ਖੜੇ-ਲਿਜਾ ਪਾਏ ਹਨ।ਰਸਾਤਲਿ-ਨਰਕ ਵਿਚ।ਕਰਿ-ਬਣਾ ਕਰਕੇ।ਗਾਵਾਰਾ-ਮੂਰਖ।ਇਕਨਾ-ਕਈ ਜੀਵਾਂ ਨੂੰ।ਪਾਰਿ ਲੰਘਾਵਹਿ-ਤੂੰ ਪਾਰ ਲੰਘਾ ਦੇਂਦਾ ਹੈਂ।ਆਪੇ-ਆਪ ਹੀ।ਜਿਨ ਕਾ-ਜਿਨ੍ਹਾਂ ਦਾ।ਸਚੁ ਬੇੜਾ-ਸੱਚ ਰੂਪ ਜਹਾਜ।੮। ਕਉਤਕੁ-ਖੇਲ; ਤਮਾਸ਼ਾ।ਕਾਲੁ-ਮੌਤ।ਪਠਾਇਆ-ਭੇਜਿਆ ਹੈ।ਜੀਅ ਜੰਤ-ਛੋਟੇ ਵੱਡੇ ਜੀਵ।ਓਪਾਇ-ਪੈਦਾ ਕਰਕੇ।ਸਮਾਇਆ-ਮੁਕਾ ਦੇਂਦਾ ਹੈ।ਵਿਗਸੈ-ਖੁਸ਼ ਹੁੰਦਾ ਹੈ।ਸਭਿ ਰੰਗ-ਸਭ ਤਰ੍ਹਾਂ ਦੇ ਅਨੰਦ।ਮਾਣੇ-ਮਾਣਦਾ ਹੈ।ਰਚਨੁ-ਸੰਸਾਰ ਰਚਨਾ।ਆਖਾੜਾ-ਪਿੜ; ਮੈਦਾਨ।੯।ਸਾਹਿਬੁ-ਮਾਲਕ ਪ੍ਰਭੂ।ਨਾਈ-ਵਡਿਆਈ।ਜਾਈ-ਜਗ੍ਹਾ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ-ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ।ਅਤੋਲਾ-ਤੋਲ ਰਹਿਤ।ਆਹਾੜਾ-ਮਿਣਤੀ ਰਹਿਤ (ਅਣਮਿਣਿਆ)।੧੦।ਨਿਰੰਜਨ-ਮਾਇਆ ਰਹਿਤ ।ਪੂਜਾ-ਪੁੱਜਦਾ ਹੈ; ਬਰਾਬਰ ਦਾ।ਸੁ ਗਿਆਨੀ-ਸ੍ਰੇਸ਼ਟ ਗਿਆਨ ਵਾਲਾ।ਧਿਆਨੀ-ਧਿਆਨ ਲਾਉਣ ਵਾਲਾ।ਸਤਵੰਤਾ-ਸੱਚ ਧਾਰਨ ਵਾਲਾ।ਅਤਿ ਗਾੜਾ-ਬਹੁਤ ਸੰਘਣਾ (ਵੱਡਾ); ਦ੍ਰਿੜ ਮਜਬੂਤ।੧੧।

ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ, ਆਪੇ ਕਰਤਾ ਪਰਗਟੜਾ ॥੧੨॥ (ਹੇ ਭਾਈ! ਜਗਤ ਰਚਨਾ ਤੋਂ ਪਹਿਲਾਂ ਪ੍ਰਭੂ ਨੇ ਅਪਣੇ ਆਪ ਨੂੰ) ਕਿਤਨੇ ਹੀ ਦਿਨ ਗੁਪਤ ਕਹਾਇਆ ਹੈ।ਕਿਤਨੇ ਹੀ ਦਿਨ ਅਫੁਰ ਅਵਸਥਾ (ਉਹ ਨਿਰਗੁਣ ਸਰੂਪ) ਵਿਚ ਟਿਕਿਆ ਰਿਹਾ ਹੈ।ਕਿਤਨੇ ਦਿਨ ਘੁੱਪ ਹਨ੍ਹੇਰਾ ਬਣਿਆ ਰਿਹਾ ਹੈ, (ਫਿਰ ਉਹ) ਆਪ ਹੀ ਰਚਨਹਾਰ ਰੂਪ ਵਿਚ ਪਰਗਟ ਹੋਇਆ ਹੈ।੧੨।

ਅੰਗ ੧੦੮੨ = ਆਪੇ ਸਕਤੀ ਸਬਲੁ ਕਹਾਇਆ ॥ ਆਪੇ ਸੂਰਾ ਅਮਰੁ ਚਲਾਇਆ ॥ ਆਪੇ ਸਿਵ ਵਰਤਾਈਅਨੁ ਅੰਤਰਿ, ਆਪੇ ਸੀਤਲੁ ਠਾਰੁ ਗੜਾ ॥੧੩॥ ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ ਨਾਮੁ ਵਸੈ ਤਿਸੁ ਅਨਹਦ ਵਾਜੇ ॥ ਤਿਸ ਹੀ ਸੁਖੁ ਤਿਸ ਹੀ ਠਕੁਰਾਈ, ਤਿਸਹਿ ਨ ਆਵੈ ਜਮੁ ਨੇੜਾ ॥੧੪॥ ਕੀਮਤਿ ਕਾਗਦ ਕਹੀ ਨ ਜਾਈ ॥ ਕਹੁ ਨਾਨਕ ਬੇਅੰਤ ਗੁਸਾਈ ॥ ਆਦਿ ਮਧਿ ਅੰਤਿ ਪ੍ਰਭੁ ਸੋਈ, ਹਾਥਿ ਤਿਸੈ ਕੈ ਨੇਬੇੜਾ ॥੧੫॥ ਤਿਸਹਿ ਸਰੀਕੁ ਨਾਹੀ ਰੇ ਕੋਈ ॥ ਕਿਸ ਹੀ ਬੁਤੈ ਜਬਾਬੁ ਨ ਹੋਈ ॥ ਨਾਨਕ ਕਾ ਪ੍ਰਭੁ ਆਪੇ ਆਪੇ, ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥ (ਹੇ ਭਾਈ!) ਆਪ ਹੀ ਪ੍ਰਭੂ ਨੇ ਮਾਇਆ ਨੂੰ ਤਾਕਤ ਦੇਣ ਵਾਲਾ ਕਹਾਇਆ ਹੈ।ਆਪ ਹੀ ਸੂਰਬੀਰ ਬਣ ਕੇ (ਉਹ ਜਗਤ ਉਤੇ) ਹੁਕਮ ਚਲਾ ਰਿਹਾ ਹੈ।ਆਪ ਹੀ ਉਸ ਨੇ ਭਗਤਾਂ ਅੰਦਰ ਸ਼ਾਂਤੀ ਵਰਤਾਈ ਹੈ ਅਤੇ ਆਪ ਹੀ (ਉਹ) ਗੜੇ ਵਰਗਾ ਠੰਢਾ ਠਾਰ ਹੈ।੧੩।(ਹੇ ਭਾਈ! ਪ੍ਰਭੂ) ਜਿਸ ਮਨੁੱਖ ਨੂੰ ਵਡਿਆਈ ਦੇਣਾ ਚਾਹੁੰਦਾ ਹੈ, (ਉਸ ਨੂੰ) ਗੁਰਮੁਖ ਬਣਾ ਦੇਂਦਾ ਹੈ; ਗੁਰਮੁਖ ਬਣਾ ਕੇ ਸ਼ੁੱਭ ਗੁਣਾਂ ਨਾਲ ਸਾਜ ਦੇਂਦਾ ਹੈ।ਉਸ ਦੇ ਹਿਰਦੇ ਵਿਚ ਨਾਮ ਆ ਵਸਦਾ ਹੈ ਅਤੇ ਅਨਹਦ ਸ਼ਬਦ ਵੱਜਣ ਲਗ ਪੈਂਦਾ ਹੈ।ਉਸ ਨੂੰ ਹੀ ਆਤਮਕ ਸੁਖ ਮਿਲਦਾ ਹੈ ਤੇ ਉਸ ਨੂੰ ਹੀ (ਲੋਕ ਪ੍ਰਲੋਕ ਵਿਚ) ਸਰਦਾਰੀ ਮਿਲਦੀ ਹੈ ਅਤੇ ਜਮ ਉਸ ਦੇ ਨੇੜੇ ਨਹੀਂ ਆਉਂਦਾ।੧੪।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਕਾਗਜ ਲੈ ਕੇ ਪ੍ਰਭੂ ਦੀ ਕੀਮਤ ਲਿਖਣ ਲਗੀਏ ਤਾਂ ਕਹੀ ਨਹੀਂ ਜਾ ਸਕਦੀ, (ਕਿਉਂਕਿ ਉਹ) ਧਰਤੀ ਦਾ ਮਾਲਕ ਬੇਅੰਤ ਹੈ।ਪ੍ਰਭੂ ਸ੍ਰਿਸਟੀ ਦੇ ਸ਼ੁਰੂ ਵਿਚ ਮੌਜੂਦ ਸੀ, ਮੱਧ (ਹੁਣ ਵਰਤਮਾਨ ਕਾਲ) ਵਿਚ ਵੀ ਮੌਜੂਦ ਹੈ ਅਤੇ (ਸ੍ਰਿਸਟੀ ਦੇ) ਅੰਤ ਵਿਚ ਉਹ ਹੀ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, (ਸਾਰੇ ਜੀਵਾਂ ਦੇ ਕਰਮਾਂ ਦਾ) ਫੈਸਲਾ ਉਸੇ ਪ੍ਰਭੂ ਦੇ ਹੱਥ ਵਿਚ ਹੈ।੧੫।ਹੇ ਭਾਈ! ਕੋਈ ਵੀ ਜੀਵ ਉਸ ਪ੍ਰਭੂ ਦਾ ਸਰੀਕ ਨਹੀਂ ਹੈ।(ਉਸ ਦੇ ਅੱਗੇ) ਕਿਸੇ ਜੀਵ ਪਾਸੋਂ ਜਬਾਬ ਨਹੀਂ ਹੋ ਸਕਦਾ (ਉਸ ਦਾ ਹੁਕਮ ਮੰਨਣ ਤੋਂ ਕੋਈ ਨਾਂਹ ਨਹੀਂ ਕਰ ਸਕਦਾ)।ਨਾਨਕ ਦਾ ਪ੍ਰਭੂ ਆਪ ਹੀ ਆਪ ਸਮਰੱਥ ਹੈ, (ਉਹ) ਚੋਜ ਕਰ ਕਰਕੇ ਖੜਾ ਦੇਖ ਰਿਹਾ ਹੈ।੧੬।੧।੧੦।

ਪਦਾਰਥ = ਕੇਤੜਿਆ ਦਿਨ–ਬਹੁਤ ਲੰਬਾ ਸਮਾਂ।ਗੁਪਤੁ–ਲੁਕਿਆ ਹੋਇਆ।ਸੁੰਨਿ–ਅਫੁਰ ਅਵਸਥਾ ਵਿਚ।ਸਮਾਇਆ–ਟਿਕਿਆ ਰਿਹਾ।ਧੁੰਧੂਕਾਰਾ–ਘੁੱਪ ਹਨ੍ਹੇਰਾ।ਕਰਤਾ–ਰਚਨਹਾਰ ਪ੍ਰਭੂ।੧੨।ਆਪੇ–ਆਪ ਹੀ।ਸਕਤੀ ਸਬਲੁ–ਮਾਇਆ ਨੂੰ ਤਾਕਤ ਦੇਣ ਵਾਲਾ। ਸੂਰਾ–ਸੂਰਬੀਰ।ਅਮਰੁ–ਹੁਕਮ।ਸਿਵ–ਸ਼ਾਂਤੀ।ਵਰਤਾਈਅਨੁ–ਵਰਤਾਈ ਹੈ ਉਸ ਨੇ।ਅੰਤਰਿ–(ਭਗਤਾਂ ਦੇ) ਅੰਦਰ।ਸੀਤਲੁ ਠਾਰੁ–ਠੰਢਾ ਠਾਰ।ਗੜਾ–ਅਸਮਾਨ ਤੋਂ ਡਿਗਿਆ ਬਰਫ ਦਾ ਛੋਟਾ ਟੁਕੜਾ।੧੩।ਜਿਸਹਿ–ਜਿਸ ਨੂੰ।ਨਿਵਾਜੇ–ਵਡਿਆਈ ਦੇਂਦਾ ਹੈ।ਸਾਜੇ–ਬਣਾ ਦੇਂਦਾ ਹੈ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਤਿਸੁ–ਉਸ ਦੇ (ਹਿਰਦੇ ਵਿਚ)।ਅਨਹਦ ਵਾਜੇ–ਇਕ ਰਸ (ਲਗਾਤਾਰ) ਆਤਮਕ ਸੰਗੀਤ ਦੀ ਧੁਨ ਗੂੰਜਦੀ ਹੈ।ਤਿਸ ਹੀ–ਉਸ ਨੂੰ ਹੀ।ਠਕੁਰਾਈ–ਸਰਦਾਰੀ।ਤਿਸਹਿ–ਉਸ ਦੇ।੧੪।ਕਹੀ ਨ ਜਾਈ–ਕਹੀ ਨਹੀਂ ਜਾ ਸਕਦੀ।ਗੁਸਾਈ–ਧਰਤੀ ਦਾ ਮਾਲਕ।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ।ਮਧਿ–ਹੁਣ ਵਰਤਮਾਨ ਸਮੇਂ ਵਿਚ।ਅੰਤਿ–ਸ੍ਰਿਸਟੀ ਦੇ ਅੰਤ ਵਿਚ।ਸੋਈ–ਉਹ ਹੀ।ਤਿਸੈ ਕੈ–ਉਸ ਦੇ।ਹਾਥਿ–ਹੱਥ ਵਿਚ।ਨੇਬੇੜਾ–ਫੈਸਲਾ।੧੫।ਤਿਸਹਿ–ਉਸ (ਪ੍ਰਭੂ) ਦਾ।ਸਰੀਕੁ–ਬਰਾਬਰ ਦਾ; ਨਾਲ ਰਹਿਣ ਵਾਲਾ ਹਿੱਸੇਦਾਰ।ਰੇ–ਹੇ ਭਾਈ!।ਬੁਤੈ–ਪਾਸੋਂ।ਕਰਿ–ਕਰਕੇ।ਚੋਜ–ਕੌਤਕ।੧੬।੧।੧੦।

ਅਰੰਭਕ ਬੇਨਤੀ = ਸਾਰੇ ਹੀ ਪ੍ਰਚੱਲਤ ਕਿਰਤਮ ਨਾਮ, ਜੋ ਲੋਕ ਅਪਣੇ ਇਸ਼ਟ ਲਈ ਵਰਤਦੇ ਸਨ, ਗੁਰੂ ਜੀ ਨੇ ਇਸ ਸ਼ਬਦ ਵਿਚ ਵਾਹਿਗੁਰੂ ਲਈ ਵਰਤੇ ਹਨ।ਗੁਰੂ ਜੀ ਨੂੰ ਸਭ ਆਵਤਾਰਾਂ ਵਿਚ ਵਾਹਿਗੁਰੂ ਦੀ ਵਡਿਆਈ ਤੇ ਸੱਤਾ ਕੰਮ ਕਰਦੀ ਦਿਸਦੀ ਹੈ, ਇਸ ਲਈ ਉਨ੍ਹਾਂ ਨਾਵਾਂ ਨਾਲ ਵਾਹਿਗੁਰੂ ਨੂੰ ਯਾਦ ਕੀਤਾ ਗਿਆ ਹੈ।ਕਈ ਵਿਦਵਾਨ ਇਸ ਸੋਲਹੇ ਨੂੰ ਸਹੰਸਰ ਨਾਮਾ ਵੀ ਕਹਿੰਦੇ ਹਨ।

ਮਾਰੂ ਮਹਲਾ ੫ ॥ ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ ਮਧੁਸੂਦਨ ਦਾਮੋਦਰ ਸੁਆਮੀ ॥ ਰਿਖੀਕੇਸ ਗੋਵਰਧਨ ਧਾਰੀ, ਮੁਰਲੀ ਮਨੋਹਰ ਹਰਿ ਰੰਗਾ ॥੧॥ ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥ ਜਗਜੀਵਨ ਅਬਿਨਾਸੀ ਠਾਕੁਰ, ਘਟ ਘਟ ਵਾਸੀ ਹੈ ਸੰਗਾ ॥੨॥ ਧਰਣੀਧਰ ਈਸ ਨਰਸਿੰਘ ਨਾਰਾਇਣ ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥ ਬਾਵਨ ਰੂਪੁ ਕੀਆ ਤੁਧੁ ਕਰਤੇ, ਸਭ ਹੀ ਸੇਤੀ ਹੈ ਚੰਗਾ ॥੩॥ ਹੇ ਪਾਰਬ੍ਰਹਮ! ਤੂੰ ਡਿਗਣ ਵਾਲਾ ਨਹੀਂ, ਸਭ ਤੋਂ ਵੱਡਾ ਈਸ਼ਰ ਹੈਂ ਅਤੇ ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਤੂੰ ਜਾਨਣ ਵਾਲਾ ਹੈਂ।ਤੂੰ ਮਧੂ ਦੈਂਤ ਨੂੰ ਮਾਰਨ ਵਾਲਾ ਹੈਂ, ਪੇਟ ਦੁਆਲੇ ਬੰਨ੍ਹੀ ਹੋਈ ਰੱਸੀ ਵਾਲਾ ਵੀ ਤੂੰ ਹੀ ਸੁਆਮੀ ਹੈ।ਤੂੰ ਸਾਰੇ ਜਗਤ ਦੇ ਇੰਦ੍ਰੀਆਂ ਦਾ ਮਾਲਕ ਹੈਂ, ਗੋਵਰਧਨ ਪਹਾੜ ਚੁੱਕਣ ਵਾਲਾ ਹੈਂ, ਮਨ ਨੂੰ ਮੋਹ ਲੈਣ ਵਾਲੀ ਬੰਸਰੀ ਵਜਾਉਣ ਵਾਲਾ ਹੈਂ ਅਤੇ ਅਨੇਕਾਂ ਰੰਗਾਂ ਵਾਲਾ ਹਰੀ ਤੂੰ ਹੀ ਹੈਂ।੧।ਹੇ ਮਨ ਨੂੰ ਮੋਹ ਲੈਣ ਵਾਲੇ! ਤੂੰ ਹੀ ਮਾਇਆ ਦਾ ਪਤੀ ਹੈਂ, ਤੂੰ ਮੁਰ ਰਾਖਸ਼ ਦਾ ਵੈਰੀ ਕ੍ਰਿਸ਼ਨ ਹੈਂ।ਹੇ ਜਗਤ ਦੇ ਮਾਲਕ ਹਰਿ ਜੀਉ! ਤੂੰ ਹੀ ਦੈਂਤਾਂ ਨੂੰ ਮਾਰਨ ਵਾਲਾ ਹੈਂ!।ਹੇ ਜਗਤ ਦੇ ਜੀਵਨ ਨਾਸ਼ ਰਹਿਤ ਮਾਲਕ ਪ੍ਰਭੂ! ਤੂੰ ਹਰੇਕ ਜੀਵਾਂ ਦੇ ਅੰਦਰ ਅਤੇ ਜੀਵਾਂ ਦੇ ਨਾਲ ਵਸਣ ਵਾਲਾ ਹੈਂ।੨।ਹੇ ਧਰਤੀ ਨੂੰ ਧਾਰਨ ਵਾਲੇ ਈਸ਼੍ਵਰ! ਤੂੰ ਹੀ ਨਰ ਸਿੰਘ ਅਵਤਾਰ ਹੈਂ ਤੇ ਤੂੰ ਹੀ ਸਮੁੰਦਰ ਵਿਚ ਨਿਵਾਸ ਕਰਨ ਵਾਲਾ ਵਿਸ਼ਨੂੰ ਹੈਂ।ਵਰਾਹ ਰੂਪ ਧਾਰ ਕੇ ਧਰਤੀ ਨੂੰ ਅਪਣੀਆਂ ਜਾੜ੍ਹਾਂ ਉਤੇ ਚੁੱਕਣ ਵਾਲਾ ਵੀ ਤੂੰ ਹੀ ਹੈਂ।ਹੇ ਕਰਤਾਰ! ਤੂੰ (ਬਲ ਰਾਜੇ ਨੂੰ ਛਲਣ ਲਈ) ਬਾਵਨ ਰੂਪ ਵੀ ਤੂੰ ਹੀ ਧਾਰਨ ਕੀਤਾ ਸੀ, ਤੂੰ ਸਾਰੇ ਜੀਵਾਂ ਨਾਲ ਚੰਗਾ ਵਰਤ ਰਿਹਾ ਹੈਂ (ਕਿਸੇ ਨਾਲ ਤੇਰਾ ਵੈਰ ਨਹੀਂ)।੩।

ਪਦਾਰਥ = ਅਚੁਤ–ਨਾ ਡਿਗਣ ਵਾਲਾ; ਨਾ ਹਿੱਲਣ ਵਾਲਾ; ਅਬਿਨਾਸੀ।ਪਾਰਬ੍ਰਹਮ–ਜਗਤ ਤੋਂ ਪਰੇ ਨਿਰਗੁਣ ਬ੍ਰਹਮ।ਪਰਮੇਸੁਰ–ਸਭ ਤੋਂ ਵੱਡਾ ਮਾਲਕ ਪ੍ਰਭੂ।ਅੰਤਰਜਾਮੀ–ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ।ਮਧੁਸੂਦਨ–ਮਧੂ ਦੈਂਤ (ਹੰਕਾਰ) ਨੂੰ ਮਾਰਨ ਵਾਲਾ; ਜੀਵਾਂ ਦੇ ਕਰਮ ਜਾਲ ਤੋੜਨ ਵਾਲਾ ਪ੍ਰਭੂ।ਦਾਮੋਦਰ–ਜਿਸ ਦੇ ਪੇਟ ਦੁਆਲੇ ਰੱਸੀ ਬੰਨ੍ਹੀ ਹੈ; ਜਿਸ ਦੇ ਪੇਟ ਵਿਚ ਸਾਰਾ ਵਿਸ਼ਵ ਹੈ।ਸੁਆਮੀ–ਮਾਲਕ।ਰਿਖੀਕੇਸ–ਜਗਤ ਦੇ ਇੰਦ੍ਰੀਆਂ ਦਾ ਮਾਲਕ।ਗੋਵਰਧਨ ਧਾਰੀ–ਗੋਵਰਧਨ ਪਹਾੜ ਨੂੰ ਚੁੱਕਣ ਵਾਲਾ।ਮੁਰਲੀ ਮਨੋਹਰ–ਬੰਸਰੀ ਦੀ ਧੁਨ ਨਾਲ ਮਨ ਨੂੰ ਮੋਹ ਲੈਣ ਵਾਲਾ ਪ੍ਰਭੂ।ਰੰਗਾ–ਕੌਤਕ ਕਰਨ ਵਾਲਾ।੧।ਮੋਹਨ–ਮਨ ਨੂੰ ਮੋਹ ਲੈਣ ਵਾਲਾ।ਮਾਧਵ–ਮਾਇਆ ਦਾ ਪਤੀ।ਕ੍ਰਿਸ੍ਨ–ਪਾਰਬ੍ਰਹਮ।ਮੁਰਾਰੇ–ਮੁਰ ਦੈਂਤ ਦਾ ਵੈਰੀ।ਜਗਦੀਸੁਰ–ਜਗਤ ਦਾ ਮਾਲਕ ਪ੍ਰਭੂ। ਅਸੁਰ ਸੰਘਾਰੇ–ਦੈਂਤਾਂ ਦਾ ਨਾਸ਼ ਕਰਨ ਵਾਲਾ।ਜਗਜੀਵਨ–ਜਗਤ ਦਾ ਜੀਵਨ।ਅਬਿਨਾਸੀ–ਨਾਸ਼ ਨਾ ਹੋਣ ਵਾਲਾ।ਠਾਕੁਰ–ਮਾਲਕ ਪ੍ਰਭੂ।ਘਟ ਘਟ–ਹਰੇਕ ਜੀਵ ਦੇ ਅੰਦਰ।ਵਾਸੀ–ਵਸਣ ਵਾਲਾ।ਸੰਗਾ–ਨਾਲ।੨।ਧਰਣੀਧਰ–ਧਰਤੀ ਨੂੰ ਧਾਰਨ ਕਰਨ ਵਾਲਾ (ਧਰਤੀ ਦਾ ਸਹਾਰਾ)।ਈਸ–ਮਾਲਕ ਪ੍ਰਭੂ।ਨਰਸਿੰਘ–ਅੱਧਾ ਮਨੁੱਖ ਤੇ ਅੱਧਾ ਸ਼ੇਰ ਰੂਪ ਧਾਰ ਕੇ ਪ੍ਰਹਿਲਾਦ ਦੀ ਰੱਖਿਆ ਕਰਨ ਵਾਲਾ ਪ੍ਰਭੂ।

ਨਾਰਾਰਿਣ–ਸਮੁੰਦਰ ਵਿਚ ਘਰ ਹੈ ਜਿਸ ਪ੍ਰਭੂ ਦਾ। ਦਾੜ੍ਹਾ ਅਗ੍ਰੇ–ਸੂਰ ਦੇ ਬਾਹਰ ਨਿਕਲੇ ਦੰਦ (ਦੈਤਾਂ ਪਾਸੋਂ ਧਰਤੀ ਨੂੰ ਬਚਾਉਣ ਲਈ ਸੂਰ ਰੂਪ ਧਾਰ ਕੇ ਹੁੱਡ ਉਤੇ ਚੁੱਕਣ ਵਾਲਾ ਹਰੀ)। ਪ੍ਰਿਥਮਿ ਧਰਾਇਣ–ਧਰਤੀ ਨੂੰ ਚੁੱਕਣ ਵਾਲਾ। ਬਾਵਨ ਰੂਪ–ਬਲ ਰਾਜੇ ਤੋਂ ਢਾਈ ਕਰਮਾਂ ਧਰਤੀ ਮੰਗ ਕੇ ਛਲਣ ਵਾਲਾ ਬਾਵਨ ਅਵਤਾਰ। ਕੀਆ–ਕੀਤਾ। ਤੁਧੁ–ਤੂੰ। ਕਰਤੇ–ਹੇ ਕਰਤਾਰ!। ਸੇਤੀ–ਨਾਲ।੩।

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥ ਸਹਸ ਨੇਤ੍ਰ ਮੂਰਤਿ ਹੈ ਸਹਸਾ, ਇਕੁ ਦਾਤਾ ਸਭ ਹੈ ਮੰਗਾ ॥੪॥ ਭਗਤਿ ਵਛਲੁ ਅਨਾਥਹ ਨਾਥੇ ॥ ਗੋਪੀ ਨਾਥੁ ਸਗਲ ਹੈ ਸਾਥੇ ॥ ਬਾਸੁਦੇਵ ਨਿਰੰਜਨ ਦਾਤੇ, ਬਰਨਿ ਨ ਸਾਕਉ ਗੁਣ ਅੰਗਾ ॥੫॥ ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਕਮਲਾਕੰਤ ਕਰਹਿ ਕੰਤੂਹਲ, ਅਨਦ ਬਿਨੋਦੀ ਨਿਹਸੰਗਾ ॥੬॥ ਹੇ ਪ੍ਰਭੂ! ਤੂੰ ਉਹੀ ਸ੍ਰੀ ਰਾਮ ਚੰਦ੍ਰ ਹੈਂ, ਜਿਸ ਦਾ ਨਾ ਕੋਈ ਰੂਪ ਹੈ ਤੇ ਨਾ ਕੋਈ ਨਿਸ਼ਾਨ ਹੈ। ਤੂੰ ਹੀ ਸੰਸਾਰ ਰੂਪ ਬਨ ਦਾ ਮਾਲੀ ਹੈਂ, ਤੂੰ ਹੀ ਹੱਥ ਵਿਚ ਸੁਦਰਸ਼ਨ ਚੱਕਰ ਧਾਰਨ ਕਰਨ ਵਾਲਾ ਹੈਂ ਅਤੇ ਤੂੰ ਉਪਮਾ ਰਹਿਤ ਦਰਸ਼ਨ ਵਾਲਾ ਹੈਂ। ਤੇਰੇ ਹਜਾਰਾਂ ਨੇਤ੍ਰ ਹਨ ਅਤੇ ਹਜਾਰਾਂ ਹੀ ਤੇਰੇ ਸਰੂਪ ਹਨ (ਸਭ ਜੀਵਾਂ ਦੇ ਨੇਤ੍ਰ ਤੇ ਸਰੀਰ ਤੇਰੇ ਹੀ ਹਨ){ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ੫੧੯}, ਇਕ ਤੂੰ ਹੀ ਦਾਤਾ ਹੈਂ, ਸਾਰੀ ਦੁਨੀਆਂ ਤੇਰੇ ਦਰ ਤੋਂ ਮੰਗਣ ਵਾਲੀ ਹੈ।੪। ਹੇ ਯਤੀਮਾਂ ਦੇ ਮਾਲਕ! ਤੂੰ ਭਗਤੀ ਨੂੰ ਪਿਆਰ ਕਰਨ ਵਾਲਾ ਹੈਂ। ਤੂੰ ਗੋਪੀਆਂ ਦਾ ਮਾਲਕ ਹੈਂ ਅਤੇ ਤੂੰ ਸਾਰੇ ਜੀਵਾਂ ਦੇ ਨਾਲ ਰਹਿਣ ਵਾਲਾ ਹੈਂ। ਹੇ ਵਾਸਦੇਵ! ਹੇ ਨਿਰਲੇਪ ਦਾਤਾਰ ਪ੍ਰਭੂ! ਮੈਂ ਤੇਰੇ ਗੁਣ ਬਿਆਨ ਨਹੀਂ ਕਰ ਸਕਦਾ ਅਤੇ ਤੂੰ ਸਾਰੇ ਜੀਵਾਂ ਦਾ ਪਿਆਰਾ ਹੈਂ।੫। ਹੇ ਮੁਕਤੀ ਦੇਣ ਵਾਲੇ! ਹੇ ਮਨ ਨੂੰ ਮੋਹ ਲੈਣ ਵਾਲੇ! ਹੇ ਲੱਛਮੀ ਦੇ ਪਤੀ ਨਾਰਾਇਣ। ਤੂੰ ਹੀ ਦ੍ਰੋਪਤੀ ਨੂੰ ਬੇਪਤੀ ਤੋਂ ਬਚਾ ਕੇ ਉਸ ਦੀ ਇੱਜਤ ਰੱਖਣ ਵਾਲਾ ਹੈਂ। ਹੇ ਲੱਛਮੀ ਦੇ ਪਤੀ! ਤੂੰ ਅਨੇਕਾਂ ਕੌਤਕ ਕਰਦਾ ਹੈਂ, ਤੂੰ ਸਾਰੇ ਅਨੰਦ ਮਾਨਣ ਵਾਲਾ ਹੈਂ ਅਤੇ ਨਿਰਲੇਪ ਵੀ ਹੈਂ।੬।

ਪਦਾਰਥ = ਰੂਪ–ਅਕਾਰ। ਰੇਖਿਆ–ਨਿਸ਼ਾਨ (ਸਰੀਰ ਉਤੇ ਪਏ ਹੋਏ)। ਬਨਵਾਲੀ–ਸੰਸਾਰ ਬਨ ਦਾ ਮਾਲੀ; ਜੰਗਲ ਹੈ ਜਿਸ ਦੀ ਮਾਲਾ। ਚਕ੍ਰਪਾਣਿ–ਜਿਸ ਦੇ ਹੱਥ ਵਿਚ ਸੁਦਰਸ਼ਨ ਚੱਕਰ ਹੈ। ਦਰਸਿ ਅਨੂਪਿਆ–ਉਪਮਾ ਰਹਿਤ ਦਰਸ਼ਨ ਵਾਲਾ। ਸਹਸ–ਹਜਾਰਾਂ ਹੀ। ਨੇਤ੍ਰ–ਅੱਖਾਂ। ਮੂਰਤਿ–ਸਰੂਪ; ਸਰੀਰ। ਸਭ ਹੈ ਮੰਗਾ–ਸਾਰੀ ਦੁਨੀਆਂ ਮੰਗਣ ਵਾਲੀ ਹੈ।੪। ਭਗਤਿ ਵਛਲ–ਭਗਤ ਨੂੰ ਪਿਆਰ ਕਰਨ ਵਾਲਾ। ਅਨਾਥਹ ਨਾਥੇ–ਹੇ ਗਰੀਬਾਂ ਦੇ ਮਾਲਕ!। ਗੋਪੀਨਾਥੁ–ਗੋਪੀਆਂ ਦਾ ਮਾਲਕ। ਸਗਲ–ਸਾਰੇ ਜੀਵਾਂ ਦਾ। ਸਾਥੇ–ਨਾਲ। ਬਾਸੁਦੇਵ–ਸਾਰੇ ਜੀਵਾਂ ਵਿਚ ਵਾਸ ਕਰਕੇ ਪ੍ਰਕਾਸ਼ ਕਰਨ ਵਾਲਾ ਪ੍ਰਭੂ। ਨਿਰਜੰਨ–ਮਾਇਆ ਰਹਿਤ (ਨਿਰਲੇਪ)। ਦਾਤੇ–ਹੇ ਦਾਤਾਰ!। ਬਰਨਿ ਨ ਸਾਕਉ–ਮੈਂ ਬਿਆਨ ਨਹੀਂ ਕਰ ਸਕਦਾ। ਅੰਗਾ–(ਸਭ ਦਾ) ਪਿਆਰਾ।੫। ਮੁਕੰਦ–ਮੁਕਤੀ ਦੇਣ ਵਾਲਾ। ਲਖਮੀ–ਲੱਛਮੀ ਦਾ। ਦ੍ਰੋਪਤੀ–ਪੰਜ ਪਾਂਡਵਾਂ ਦੀ ਪਤਨੀ। ਲਜਾ (ਲਾਜ)–ਇੱਜਤ। ਨਿਵਾਰਿ–ਬਚਾ ਕੇ। ਉਧਾਰਣ–ਬਚਾਉਣ ਵਾਲਾ। ਕਮਲਾ ਕੰਤ–ਮਾਇਆ ਦਾ ਪਤੀ। ਕਰਹਿ–ਕਰਦਾ ਹੈਂ। ਕੰਤੂਹਲ–ਕੌਤਕ। ਅਨਦ ਬਿਨੋਦੀ–ਅਨੰਦ ਮਾਨਣ ਵਾਲਾ। ਨਿਹਸੰਗਾ–ਨਿਰਲੇਪ।੬।

ਅਮੋਘ ਦਰਸਨ ਆਜੂਨੀ ਸੰਭਉ ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥ ਅਬਿਨਾਸੀ ਅਬਿਗਤ ਅਗੋਚਰ, ਸਭੁ ਕਿਛੁ ਤੁਝ ਹੀ ਹੈ ਲਗਾ ॥੭॥ ਸ੍ਰੀ ਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ, ਕੀਤਾ ਲੋੜਹਿ ਸੋ ਹੋਇਗਾ ॥੮॥ ਨਿਰਾਹਾਰੀ ਨਿਰਵੈਰੁ ਸਮਾਇਆ ॥ ਧਾਰਿ ਖੇਲੁ ਚਤੁਰਭੁਜੁ ਕਹਾਇਆ ॥ ਸਾਵਲ ਸੁੰਦਰ ਰੂਪ ਬਣਾਵਹਿ, ਬੇਣੁ ਸੁਨਤ ਸਭ ਮੋਹੈਗਾ ॥੯॥ ਬਨਮਾਲਾ ਬਿਭੂਖਨ ਕਮਲ ਨੈਨ ॥ ਸੁੰਦਰ ਕੁੰਡਲ ਮੁਕਟ ਬੈਨ ॥ ਸੰਖ ਚਕ੍ਰ ਗਦਾ ਹੈ ਧਾਰੀ, ਮਹਾ ਸਾਰਥੀ ਸਤਸੰਗਾ ॥੧੦॥ ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥ ਸਾਰਿੰਗਧਰ ਭਗਵਾਨ ਬੀਠੁਲਾ, ਮੈ ਗਣਤ ਨ ਆਵੈ ਸਰਬੰਗਾ ॥੧੧॥ ਹੇ ਪ੍ਰਭੂ! ਤੇਰਾ ਦਰਸ਼ਨ ਸਾਰੇ ਫਲ ਦੇਣ ਵਾਲਾ ਹੈ, ਤੂੰ ਜੂਨੀਆਂ ਤੋਂ ਰਹਿਤ ਹੈ ਅਤੇ ਸੁਤੇ ਪ੍ਰਕਾਸ਼ ਰੂਪ ਹੈਂ। ਤੇਰਾ ਸਰੂਪ ਕਾਲ ਰਹਿਤ ਹੈ, ਜਿਸ ਦਾ ਕਦੇ ਨਾਸ਼ ਨਹੀਂ ਹੁੰਦਾ। ਤੂੰ ਨਾਸ਼ ਰਹਿਤ ਹੈਂ, ਗਤੀ (ਮੁਕਤੀ) ਰਹਿਤ ਹੈਂ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈਂ ਅਤੇ (ਇਹ) ਸਭ ਕੁਛ ਤੇਰੇ ਨਾਲ ਲੱਗਾ ਹੋਇਆ ਹੈ।੭। ਹੇ ਲੱਛਮੀ ਨੂੰ ਅਨੰਦ ਦੇਣ ਵਾਲੇ ਪ੍ਰਭੂ! ਹੇ ਬੈਕੁੰਠ ਦੇ ਵਾਸੀ!। ਮੱਛ ਤੇ ਕੱਛੂ ਕੁੰਮਾ ਅਵਤਾਰ ਤੇਰੀ ਆਗਿਆ ਨਾਲ ਹੀ ਹੋਏ ਹਨ। ਹੇ ਸੋਹਣੇ ਲੰਬੇ ਕੇਸਾਂ ਵਾਲੇ ਪ੍ਰਭੂ! ਤੂੰ ਅਨੋਖੇ ਕੌਤਕ ਕਰਦਾ ਹੈਂ, ਜੋ ਕੁਛ ਤੂੰ ਕਰਨਾ ਚਾਹੁੰਦਾ ਹੈਂ, ਉਹ ਜਰੂਰ ਹੋਵੇਗਾ।੮। (ਹੇ ਪ੍ਰਭੂ!) ਤੂੰ ਅਹਾਰ (ਭੁੱਖ ਪਿਆਸ ਤੋਂ) ਰਹਿਤ ਹੈਂ, ਤੂੰ ਵੈਰ ਰਹਿਤ ਹੈਂ ਅਤੇ ਤੂੰ ਸਾਰੇ ਜੀਵਾਂ ਵਿਚ ਸਮਾਇਆ ਹੋਇਆ ਹੈਂ। (ਤੂੰ ਜਗਤ ਰਚਨਾ ਦਾ) ਖੇਲ ਰਚ ਕੇ (ਅਪਣੇ ਆਪ ਨੂੰ) ਚਾਰ

ਬਾਹਾਂ ਵਾਲਾ ਬ੍ਰਹਮਾ ਕਹਾਇਆ ਹੈ। ਤੂੰ (ਸਰਗੁਣ ਰੂਪ ਧਾਰ ਕੇ) ਕ੍ਰਿਸ਼ਨ ਵਰਗੇ ਸਾਂਵਲੇ ਤੇ ਸੋਹਣੇ ਰੂਪ ਬਣਾਉਂਦਾ ਰਹਿੰਦਾ ਹੈਂ, (ਜਿਸ ਦੀ) ਬੰਸਰੀ ਸੁਣਦਿਆਂ ਸਾਰੇ ਜੀਵ ਮੋਹੇ ਜਾਂਦੇ ਹਨ।੯।(ਹੇ ਪ੍ਰਭੂ!) ਸਾਰੀ ਬਨਸਪਤੀ ਦੇ ਫੁੱਲ ਤੇਰੇ ਗਹਿਣੇ ਹਨ ਅਤੇ ਤੇਰੇ ਨੈਣ ਕਮਲ ਫੁੱਲ ਵਰਗੇ ਸੁੰਦਰ ਹਨ। ਤੇਰੇ ਕੰਨਾਂ ਦੇ ਕੁੰਡਲ ਤੇ ਸਿਰ ਦਾ ਤਾਜ ਸੁੰਦਰ ਹਨ ਅਤੇ (ਤੇਰੇ ਮਿੱਠੇ) ਬੋਲ ਹਨ। ਸੰਖ, ਚੱਕ੍ਰ ਤੇ ਗਦਾ ਆਦਿ ਤੂੰ ਹੀ ਸਸ਼ਤ੍ਰ ਧਾਰਨ ਕਰਨ ਵਾਲਾ ਹੈਂ, (ਅਰਜਨ ਦਾ) ਵੱਡਾ ਰਥ ਚਲਾਉਣ ਵਾਲਾ ਕਿਸ਼ਨ ਤੂੰ ਹੀ ਹੈਂ ਅਤੇ ਤੇਰਾ ਮਿਲਾਪ ਸ਼ੁੱਭ ਫਲ ਦੇਣ ਵਾਲਾ ਹੈ।੧੦। ਹੇ ਪ੍ਰਭੂ! ਪੀਲੇ ਹੀ ਪੀਲੇ ਕਪੜਿਆਂ ਵਾਲਾ ਕ੍ਰਿਸ਼ਨ ਤੂੰ ਹੀ ਹੈਂ, ਤੂੰ ਤਿੰਨਾਂ ਭਵਨਾਂ ਦਾ ਮਾਲਕ ਹੈਂ। ਤੂੰ ਹੀ ਜਗਤ ਦਾ ਮਾਲਕ ਅਤੇ ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਹੈਂ, ਤੂੰ ਹੀ ਸਭ ਦਾ ਮੁਖੀ ਕਹੀਦਾ ਹੈਂ; ਮੈਂ ਤੇਰਾ ਜਸ ਮੂੰਹ ਨਾਲ ਉਚਾਰਦਾ ਹਾਂ। ਤੂੰ ਹੀ ਧਨੁਖ ਧਾਰੀ ਸਰਬ ਵਿਆਪਕ ਭਗਵਾਨ ਹੈਂ, (ਪਰ ਤੇਰੇ) ਸਾਰੇ ਸਰੂਪਾਂ ਦੀ ਗਿਣਤੀ ਮੈਥੋਂ ਨਹੀਂ ਹੋ ਆਉਂਦੀ; ਮੈਥੋਂ ਤੇਰੇ ਸਾਰੇ ਗੁਣਾਂ ਦੀ ਗਿਣਤੀ ਨਹੀਂ ਹੋ ਆਉਂਦੀ।੧੧।

ਤੁਝ ਹੀ ਹੈ ਲਗਾ = ੧. ਹੇ ਪ੍ਰਭੂ! ਸਾਰੇ ਗੁਣਾਂ ਵਾਲੇ ਨਾਮ ਤੇਰੇ ਨਾਲ ਹੀ ਲੱਗੇ ਹੋਏ ਹਨ। ੨. ਹੇ ਪ੍ਰਭੂ! ਸਾਰਾ ਬ੍ਰਹਮੰਡ ਤੇਰੇ ਨਾਲ ਹੀ ਲੱਗਾ ਹੋਇਆ ਹੈ, ਜਿਵੇਂ ਦਰੱਖਤ ਨਾਲ ਫਲ ਲੱਗੇ ਹੁੰਦੇ ਹਨ। ੩. ਹੇ ਪ੍ਰਭੂ! ਸਭ ਕੁਛ ਤੇਰੇ ਆਸਰੇ ਹੈ।

ਪਦਾਰਥ = ਅਮੋਘ; ਖਾਲੀ ਨਾ ਜਾਣ ਵਾਲਾ; ਨਿਸਫਲ ਨਾ ਹੋਣ ਵਾਲਾ। ਅਜੂਨੀ–ਜੂਨੀਆਂ ਰਹਿਤ। ਸੰਭਉ–ਅਪਣੇ ਆਪ ਤੋਂ ਪ੍ਰਗਟ ਹੋਣ ਵਾਲਾ; ਅਪਣੇ ਆਪ ਤੋਂ ਪ੍ਰਕਾਸ਼ਵਾਨ। ਅਕਾਲ ਮੂਰਤਿ–ਕਾਲ ਰਹਿਤ ਸਰੂਪ ਹੈ ਜਿਸ ਦਾ। ਨਾਹੀ ਖਉ–ਨਾਸ਼ ਨਹੀਂ ਹੁੰਦਾ। ਅਬਿਨਾਸੀ–ਨਾਸ਼ ਰਹਿਤ। ਅਬਿਗਤ–ਅਵਿਅਕਤ; ਮੁਕਤੀ ਰਹਿਤ। ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਲਗਾ–ਸਬੰਧਤ; ਆਸਰੇ।੭। ਸ੍ਰੀ ਰੰਗ–ਲੱਛਮੀ ਨੂੰ ਅਨੰਦ ਦੇਣ ਵਾਲਾ ਵਿਸ਼ਨੂੰ (ਪ੍ਰਮਾਤਮਾ)। ਵਾਸੀ–ਵਸਣ ਵਾਲਾ। ਅਉਤਰਾਸੀ–ਜਨਮ ਹੋਇਆ ਹੈ। ਕਛ ਕੁਰਮੁ–ਕੱਛੂ ਕੁੰਮਾ। ਕੇਸਵ–ਲੰਬੇ ਸੋਹਣੇ ਕੇਸਾਂ ਵਾਲਾ। ਚਲਤ–ਚਲਿਤ੍ਰ (ਕੌਤਕ)। ਨਿਰਾਲੇ–ਅਨੋਖੇ। ਕੀਤਾ ਲੋੜਹਿ–(ਜੋ ਕੁਛ) ਤੂੰ ਕਰਨਾ ਚਾਹੁੰਦਾ ਹੈਂ। ਸੋ ਹੋਇਗਾ–ਉਹ ਹੋਵੇਗਾ।੮। ਨਿਰਾਹਾਰ–ਅੰਨ ਤੋਂ ਰਹਿਤ। ਸਮਾਇਆ–(ਸਾਰੇ ਜੀਵਾਂ ਵਿਚ) ਵਿਆਪਕ ਹੈਂ। ਧਾਰਿ–ਧਾਰ (ਰਚ) ਕੇ। ਖੇਲੁ–ਜਗਤ ਰਚਨਾ ਦਾ ਖੇਲ। ਚਤੁਰਭੁਜ–ਚਾਰ ਬਾਹਾਂ ਵਾਲਾ ਬ੍ਰਹਮਾ। ਸਾਵਲ–ਸਾਂਵਲੇ ਰੰਗ ਵਾਲਾ। ਬਣਾਵਹਿ–ਤੂੰ ਬਣਾਉਂਦਾ ਹੈਂ। ਬੇਣੁ–ਬੰਸਰੀ। ਸੁਨਤ–ਸੁਣਦਿਆਂ। ਮੋਹੈਗਾ–ਮੋਹੇ ਜਾਂਦੇ ਹਨ।੯। ਬਨਮਾਲਾ–ਗਿੱਟਿਆਂ ਤਕ ਲੰਬੀ ਜੰਗਲ ਦੇ ਫੁਲਾਂ ਦੀ ਵੈਜਯੰਤੀ ਮਾਲਾ, ਜੋ ਕ੍ਰਿਸ਼ਨ ਜੀ ਪਹਿਨਦੇ ਸਨ। ਬਿਭੂਖਨ–ਗਹਿਣੇ। ਕਮਲ ਨੈਨ–ਕਮਲ ਫੁੱਲ ਵਾਂਗ ਸੁੰਦਰ ਅੱਖਾਂ। ਕੁੰਡਲ–ਕੰਨਾਂ ਵਿਚ ਪਹਿਨਣ ਵਾਲਾ ਗਹਿਣਾ। ਮੁਕਟ–ਤਾਜ; ਸਿਰ ਦਾ ਗਹਿਣਾ; ਸਿਰ ਦਾ ਜੂੜਾ। ਬੈਨ–ਬੋਲ; ਬੰਸਰੀ। ਚਕ੍ਰ–ਦੰਦੇਦਾਰ ਗੋਲ ਸ਼ਸ਼ਤ੍ਰ, ਜੋ ਘੁਮਾ ਕੇ ਵੈਰੀ ਦਾ ਸਿਰ ਕੱਟਣ ਲਈ ਚਲਾਇਆ ਜਾਂਦਾ ਹੈ। ਗਦਾ–ਗੁਰਜ। ਸਾਰਥੀ–ਰਥਵਾਹੀ। ਸਤਸੰਗਾ–ਜਿਸ ਦਾ ਸੰਗ ਸ਼ੁੱਭ ਫਲ ਦੇਣ ਵਾਲਾ ਹੈ।੧੦। ਪੀਤ ਪੀਤੰਬਰ–ਪੀਲੇ ਹੀ ਪੀਲੇ ਵਸਤ੍ਰਾਂ ਵਾਲਾ ਕ੍ਰਿਸ਼ਨ। ਤ੍ਰਿਭਵਣ–ਤਿੰਨ ਭਵਨਾਂ ਦਾ। ਧਣੀ–ਮਾਲਕ। ਜਗੰਨਾਥੁ–ਜਗਤ ਦਾ ਮਾਲਕ। ਗੋਪਾਲੁ–ਧਰਤੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਮੁਖਿ–ਮੂੰਹ ਨਾਲ। ਭਣੀ–ਉਚਾਰਦਾ ਹਾਂ। ਗਣਤ–ਗਿਣਤੀ। ਸਾਰਿੰਗਧਰ–ਧਨੁਖ ਧਾਰਨ ਵਾਲਾ। ਬੀਠੁਲਾ–ਵਿਆਲਕ ਪ੍ਰਭੂ। ਸਰਬੰਗਾ–ਸਾਰੇ ਰੂਪਾਂ ਜਾਂ ਗੁਣਾਂ ਦੀ।੧੧।

ਅੰਗ ੧੦੮੩ = ਨਿਹਕੰਟਕੁ ਨਿਹਕੇਵਲੁ ਕਹੀਐ ॥ ਧਨੰਜੈ ਜਲਿ ਥਲਿ ਹੈ ਮਹੀਐ ॥ ਮਿਰਤ ਲੋਕ ਪਇਆਲ ਸਮੀਪਤ, ਅਸਥਿਰ ਥਾਨੁ ਜਿਸੁ ਹੈ ਅਭਗਾ ॥੧੨॥ ਪਤਿਤ ਪਾਵਨ ਦੁਖ ਭੈ ਭੰਜਨੁ ॥ ਅਹੰਕਾਰ ਨਿਵਾਰਣੁ ਹੈ ਭਵ ਖੰਡਨੁ ॥ ਭਗਤੀ ਤੋਖਿਤ ਹੈ ਦੀਨ ਕ੍ਰਿਪਾਲਾ, ਗੁਣੇ ਨ ਕਿਤ ਹੀ ਹੈ ਭਿਗਾ ॥੧੩॥ ਨਿਰੰਕਾਰੁ ਅਛਲ ਅਡੋਲੋ ॥ ਜੋਤਿ ਸਰੂਪੀ ਸਭੁ ਜਗੁ ਮਉਲੋ ॥ ਸੋ ਮਿਲੈ ਜਿਸੁ ਆਪਿ ਮਿਲਾਏ, ਆਪਹੁ ਕੋਇ ਨ ਪਾਵੈਗਾ ॥੧੪॥ ਆਪੇ ਗੋਪੀ ਆਪੇ ਕਾਨਾ ॥ ਆਪੇ ਗਊ ਚਰਾਵੈ ਬਾਨਾ ॥ ਆਪਿ ਉਪਾਵਹਿ ਆਪਿ ਖਪਾਵਹਿ, ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ ॥੧੫॥ ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥ ਨਵਤਨ ਨਾਮ ਜਪੈ ਦਿਨੁ ਰਾਤੀ, ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ ॥੧੬॥(ਹੇ ਭਾਈ!) ਪ੍ਰਭੂ ਦੁੱਖ ਰਹਿਤ ਅਤੇ ਸ਼ੁੱਧ ਸਰੂਪ ਕਿਹਾ ਜਾਂਦਾ ਹੈ।(ਉਹ ਸੰਸਾਰ ਦੇ) ਧਨ ਨੂੰ ਜਿੱਤਣ ਵਾਲਾ ਤੇ ਪਾਣੀ ਵਿਚ, ਥਲਾਂ ਵਿਚ ਅਤੇ ਪ੍ਰਿਥਵੀ ਵਿਚ ਵਿਆਪਕ ਹੈ। ਜਿਸ ਪ੍ਰਭੂ ਦਾ ਅਸਥਾਨ ਸਥਿਰ ਹੈ ਅਤੇ ਟੁੱਟਣ ਵਾਲਾ ਨਹੀਂ, ਉਹ ਮਾਤ ਲੋਕ, ਪਤਾਲ ਲੋਕ ਵਿਚ ਸਭ ਦੇ ਨੇੜੇ ਵਸਦਾ ਹੈ।੧੨।(ਹੇ ਭਾਈ!) ਪ੍ਰਭੂ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ, (ਸੇਵਕਾਂ ਦੇ) ਦੁੱਖ ਤੇ ਡਰ ਨਾਸ਼ ਕਰਨ ਵਾਲਾ ਹੈ। ਹੰਕਾਰ ਨੂੰ ਦੂਰ ਕਰਨ ਵਾਲਾ ਅਤੇ

(ਅਪਣੇ ਭਗਤਾਂ ਦੇ) ਜਨਮ ਮਰਨ ਦਾ ਗੇੜ ਨਾਸ਼ ਕਰਨ ਵਾਲਾ ਹੈ। ਉਹ ਭਗਤੀ ਦੁਆਰਾ ਪ੍ਰਸੰਨ ਹੁੰਦਾ ਹੈ, ਗਰੀਬਾਂ ਉਤੇ ਕ੍ਰਿਪਾ ਕਰਨ ਵਾਲਾ ਹੈ, (ਉਹ) ਕਿਸੇ ਹੋਰ ਗੁਣ ਨਾਲ ਭਿੱਜਦਾ ਨਹੀਂ।੧੩। ਪ੍ਰਭੂ ਆਕਾਰ ਰਹਿਤ ਹੈ, ਉਹ (ਕਿਸੇ ਤੋਂ) ਛਲਿਆ ਨਹੀਂ ਜਾ ਸਕਦਾ ਅਤੇ ਉਹ ਡੋਲਣ ਵਾਲਾ ਨਹੀਂ। ਉਹ ਪ੍ਰਕਾਸ਼ ਰੂਪ ਹੈ ਅਤੇ (ਉਸ ਦੇ ਪ੍ਰਕਾਸ਼ ਨਾਲ) ਸਾਰਾ ਜਗਤ ਖਿੜ ਰਿਹਾ ਹੈ। ਉਹ ਮਨੁੱਖ ਪ੍ਰਭੂ ਨੂੰ ਮਿਲਦਾ ਹੈ, ਜਿਸ ਨੂੰ (ਉਹ ਕ੍ਰਿਪਾ ਕਰਕੇ ਅਪਣੇ ਨਾਲ) ਆਪ ਮਿਲਾਉਂਦਾ ਹੈ, ਕੋਈ ਵੀ ਮਨੁੱਖ ਅਪਣੇ ਆਪ ਤੋਂ (ਅਪਣੇ ਜਤਨ ਨਾਲ ਉਸ ਨੂੰ) ਪ੍ਰਾਪਤ ਨਹੀਂ ਕਰ ਸਕੇਗਾ।੧੪।(ਹੇ ਭਾਈ!) ਪ੍ਰਭੂ ਆਪ ਹੀ ਗੋਪੀਆਂ ਰੂਪ ਹੈ ਅਤੇ ਆਪ ਹੀ ਕ੍ਰਿਸ਼ਨ ਰੂਪ ਹੈ।(ਉਹ ਕ੍ਰਿਸ਼ਨ ਰੂਪ ਹੋ ਕੇ) ਆਪ ਹੀ ਬਿੰਦਰਾਬਨ ਵਿਚ ਗਊਆਂ ਚਰਾਉਂਦਾ ਰਿਹਾ ਹੈ {ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ੬੦੬}। ਹੇ ਪ੍ਰਭੂ! ਤੂੰ ਆਪ ਹੀ (ਸੰਸਾਰ ਨੂੰ) ਪੈਦਾ ਕਰਦਾ ਹੈਂ ਅਤੇ ਆਪ ਹੀ (ਸੰਸਾਰ ਨੂੰ) ਨਾਸ਼ ਕਰਦਾ ਹੈਂ, (ਪਰ) ਦੁਨੀਆਂ ਦੇ ਰੰਗਾਂ ਦਾ ਤੈਨੂੰ ਇਕ ਤਿਲ ਮਾਤ੍ਰ ਵੀ ਲੇਪ ਨਹੀਂ ਲਗਦਾ।੧੫।(ਹੇ ਪ੍ਰਭੂ!) ਮੈਂ ਇਕ ਜੀਭ ਨਾਲ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰ ਸਕਦਾ ਹਾਂ? ਹਜਾਰਾਂ ਫਣਾਂ ਵਾਲਾ ਸ਼ੇਸ਼ ਨਾਗ ਵੀ ਤੇਰੇ ਗੁਣਾਂ ਦਾ ਅੰਤ ਨਹੀਂ ਜਾਣਦਾ।(ਉਹ) ਦਿਨ ਰਾਤ ਤੇਰਾ ਨਵੇਂ ਤੋਂ ਨਵਾਂ ਨਾਮ ਜਪਦਾ ਹੈ, ਹੇ ਪ੍ਰਭੂ! (ਫਿਰ ਵੀ ਉਹ ਤੇਰਾ) ਇਕ ਗੁਣ ਵੀ ਨਹੀਂ ਕਹਿ ਸਕਦਾ।੧੬।

ਪਦਾਰਥ = ਨਿਹਕੰਟਕੁ-ਦੁੱਖ ਰਹਿਤ। ਨਿਹਕੇਵਲ-ਸ਼ੁੱਧ ਸਰੂਪ। ਕਹੀਐ-ਕਿਹਾ ਜਾਂਦਾ ਹੈ। ਧਨੰਜੈ-ਧਨ ਧਨ ਨੂੰ ਜਿੱਤਣ ਵਾਲਾ। ਜਲਿ -ਪਾਣੀ ਵਿਚ। ਥਲਿ-ਥਲ ਵਿਚ। ਮਹੀਐ-ਧਰਤੀ ਵਿਚ। ਮਿਰਤ ਲੋਕ-ਮਾਤ ਲੋਕ। ਪਇਆਲ-ਪਤਾਲ। ਸਮੀਪਤ-ਨੇੜੇ। ਅਸਥਿਰ-ਸਦਾ ਕਾਇਮ ਰਹਿਣ ਵਾਲਾ। ਅਭਗਾ-ਨਾ ਟੁੱਟਣ ਵਾਲਾ।੧੨। ਪਤਿਤ-ਪਾਪੀਆਂ ਨੂੰ। ਪਾਵਨ-ਪਵਿਤ੍ਰ ਕਰਨ ਵਾਲਾ। ਭੈ ਭੰਜਨੁ-ਡਰ ਨਾਸ਼ ਕਰਨ ਵਾਲਾ। ਨਿਵਾਰਣੁ-ਦੂਰ ਕਰਨ ਵਾਲਾ। ਭਵ-ਜਨਮ ਮਰਨ ਦਾ ਗੇੜ। ਖੰਡਨੁ-ਨਾਸ਼ ਕਰਨ ਵਾਲਾ। ਤੋਖਿਤ-ਪ੍ਰਸੰਨ ਹੁੰਦਾ ਹੈ। ਦੀਨ ਕ੍ਰਿਪਾਲਾ-ਗਰੀਬਾਂ ਉਤੇ ਕ੍ਰਿਪਾ ਕਰਨ ਵਾਲਾ। ਗੁਣੇ ਨ ਕਿਤ ਹੀ-ਕਿਸੇ ਹੋਰ ਗੁਣ ਨਾਲ। ਨ ਭਿਗਾ-ਪ੍ਰਸੰਨ ਨਹੀਂ ਹੁੰਦਾ।੧੩। ਨਿਰੰਕਾਰੁ-ਅਕਾਰ ਰਹਿਤ ਪ੍ਰਮਾਤਮਾ। ਅਛਲ (ਅਛੱਲ ਪੜ੍ਹੋ)-ਜਿਸ ਨੂੰ ਕੋਈ ਛਲ ਨਹੀਂ ਸਕਦਾ। ਅਡੋਲੋ-(ਪ੍ਰਭੂ) ਡੋਲਦਾ ਨਹੀਂ। ਜੋਤਿ ਸਰੂਪੀ-ਪ੍ਰਕਾਸ਼ ਰੂਪ ਪ੍ਰਭੂ। ਸਭੁ ਜਗੁ-ਸਾਰਾ ਜਗਤ। ਮਉਲੋ-ਖਿੜ ਰਿਹਾ ਹੈ। ਸੋ-ਉਹ (ਮਨੁੱਖ)। ਆਪਹੁ-ਅਪਣੇ ਆਪ ਤੋਂ। ਨ ਪਾਵੈਗਾ-ਪ੍ਰਾਪਤ ਨਹੀਂ ਕਰ ਸਕੇਗਾ।੧੪। ਆਪੇ-ਆਪ ਹੀ। ਗੋਪੀ-ਗੁਆਲਣਾਂ। ਕਾਨਾ-ਕਾਨ੍ਹ (ਕ੍ਰਿਸ਼ਨ)। ਬਾਨਾ-ਜੰਗਲ ਵਿਚ। ਉਪਾਵਹਿ-ਤੂੰ ਪੈਦਾ ਕਰਦਾ ਹੈਂ। ਖਪਾਵਹਿ-ਤੂੰ ਨਾਸ਼ ਕਰਦਾ ਹੈਂ। ਤੁਧੁ-ਤੈਨੂੰ। ਲੇਪੁ-ਅਪਵਿਤ੍ਰਤਾ ਦੀ ਮੈਲ। ਤਿਲੁ-ਥੋੜਾ ਜਿਹਾ ਵੀ। ਰੰਗਾ-ਦੁਨੀਆਂ ਦੇ ਰੰਗ ਤਮਾਸ਼ਿਆਂ ਦਾ।੧੫। ਏਕ ਜੀਹ-ਇਕ ਜੀਭ। ਕਵਨ-ਕਿਹੜੇ ਕਿਹੜੇ। ਬਖਾਨੈ-ਬਿਆਨ ਕਰ ਸਕਦਾ ਹਾਂ। ਸਹਸ ਫਨੀ-ਹਜਾਰਾਂ ਫਣਾਂ ਵਾਲਾ। ਸੇਖ-ਸ਼ੇਸ਼ ਨਾਗ। ਨਵਤਨ-ਨਵਾਂ। ਰਾਤੀ-ਰਾਤ। ਕਹਿ ਸੰਗਾ-ਕਹਿ ਸਕਦਾ।੧੬।

ਓਟ ਗਹੀ ਜਗਤ ਪਿਤ ਸਰਣਾਇਆ ॥ ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥ ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ ,ਸਾਧ ਸੰਤਨ ਕੈ ਸੰਗਿ ਸੰਗਾ ॥੧੭॥ ਦ੍ਰਿਸਟਮਾਨ ਹੈ ਸਗਲ ਮਿਥੇਨਾ ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ ॥ ਮਸਤਕਿ ਲਾਇ ਪਰਮ ਪਦੁ ਪਾਵਉ ,ਜਿਸੁ ਪ੍ਰਾਪਤਿ ਸੋ ਪਾਵੈਗਾ ॥੧੮॥ ਜਿਨ ਕਉ ਕ੍ਰਿਪਾ ਕਰੀ ਸੁਖ ਦਾਤੇ ॥ ਤਿਨ ਸਾਧੂ ਚਰਣ ਲੈ ਰਿਦੈ ਪਰਾਤੇ ॥ ਸਗਲ ਨਾਮ ਨਿਧਾਨੁ ਤਿਨ ਪਾਇਆ, ਅਨਹਦ ਸਬਦ ਮਨਿ ਵਾਜੰਗਾ ॥੧੯॥ ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿਨਾਮੁ ਤੇਰਾ ਪਰਾ ਪੂਰਬਲਾ ॥ ਕਹੁ ਨਾਨਕ ਭਗਤ ਪਏ ਸਰਣਾਈ, ਦੇਹੁ ਦਰਸੁ ਮਨਿ ਰੰਗੁ ਲਗਾ ॥੨੦॥ ਤੇਰੀ ਗਤਿ ਮਿਤਿ ਤੂਹੈ ਜਾਣਹਿ ॥ ਤੂ ਆਪੇ ਕਥਹਿ ਤੈ ਆਪਿ ਵਖਾਣਹਿ ॥ ਨਾਨਕ ਦਾਸੁ ਦਾਸਨ ਕੋ ਕਰੀਅਹੁ ,ਹਰਿ ਭਾਵੈ ਦਾਸਾ ਰਾਖੁ ਸੰਗਾ ॥੨੧॥੨॥੧੧॥ ਹੇ ਜਗਤ ਦੇ ਪਿਤਾ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ ਅਤੇ ਤੇਰੀ ਓਟ ਫੜੀ ਹੈ।(ਕਿਉਂਕਿ) ਜਮ ਦੂਤ ਬਹੁਤ ਭਿਆਨਕ ਤੇ ਡਰ ਦੇਣ ਵਾਲਾ ਹੈ ਅਤੇ ਮਾਇਆ ਰੂਪ ਸਮੁੰਦਰ ਤਰਨਾ ਔਖਾ ਹੈ। ਹੇ ਪ੍ਰਭੂ! ਮੇਹਰਵਾਨ ਹੋਵੋ, ਅਪਣੀ ਇੱਛਾ ਕਰਕੇ ਮੇਰੀ ਰੱਖਿਆ ਕਰੋ (ਤਰਲਾ ਕੀਤਾ ਹੈ ਕਿ ਤੇਰੀ ਮਰਜੀ ਹੈ, ਜੇ ਮੇਰੀ ਰੱਖਿਆ ਕਰੇਂ ਤਾਂ ਚੰਗਾ ਹੈ) ਅਤੇ ਮੈਨੂੰ ਸਾਧੂ ਸੰਤਾਂ ਦੀ ਸੰਗਤ ਦੇ ਨਾਲ ਰੱਖੋ।੧੭।(ਹੇ ਭਾਈ!) ਅੱਖਾਂ ਨਾਲ ਦਿਸਣ ਵਾਲਾ ਸਾਰਾ ਪਸਾਰਾ ਨਾਸ਼ਵੰਤ ਹੈ। ਹੇ ਗੋਬਿੰਦ! ਮੈਂ (ਤੇਰੇ ਪਾਸੋਂ) ਸੰਤਾਂ ਦੀ ਚਰਨ ਧੂੜ ਦਾ ਇਕ ਦਾਨ ਮੰਗਦਾ ਹਾਂ।(ਤਾਂ ਕਿ ਮੈਂ ਇਹ ਧੂੜ) ਮੱਥੇ ਤੇ ਲਾ ਕੇ ਪਰਮ ਪਦ ਪ੍ਰਾਪਤ ਕਰ ਲਵਾਂ, (ਪਰ) ਜਿਸ ਮਨੁੱਖ ਨੂੰ ਸਾਧ ਸੰਗਤ ਪ੍ਰਾਪਤ ਹੁੰਦੀ ਹੈ, (ਚਰਨ ਧੂੜ) ਉਹ ਹੀ ਪਾਵੇਗਾ।੧੮। ਹੇ ਸੁਖ ਦੇਣ ਵਾਲੇ ਪ੍ਰਭੂ! ਜਿਨ੍ਹਾਂ ਮਨੁੱਖਾਂ ਉਤੇ ਤੂੰ ਕ੍ਰਿਪਾ ਕੀਤੀ ਹੈ। ਉਨ੍ਹਾਂ ਨੇ ਸਾਧੂ

ਗੁਰੂ ਦੇ ਚਰਨ ਅਪਣੇ ਹਿਰਦੇ ਵਿਚ ਲੈ ਕੇ ਪ੍ਰੋ ਲਏ ਹਨ। ਉਨ੍ਹਾਂ ਨੇ ਸਾਰੇ ਸੁੱਖਾਂ ਦਾ ਖਜਾਨਾ ਪ੍ਰਭੂ ਦਾ ਨਾਮ ਪ੍ਰਾਪਤ ਕਰ ਲਿਆ ਹੈ ਅਤੇ ਉਨ੍ਹਾਂ ਦੇ ਮਨ ਵਿਚ ਅਨਹਦ ਸ਼ਬਦ ਦੇ ਵਾਜੇ ਵੱਜਣ ਲੱਗ ਪਏ ਹਨ (ਪੂਰਨ ਆਤਮਕ ਅਨੰਦ ਮਿਲ ਗਿਆ ਹੈ)।੧੯।(ਹੇ ਪ੍ਰਭੂ! ਮੇਰੀ) ਜੀਭ ਤੇਰੇ ਉਹ ਨਾਮ ਕਥਨ ਕਰਦੀ ਹੈ, ਜੋ ਤੇਰੇ ਕੀਤੇ ਕੰਮਾਂ ਦੇ ਕਾਰਨ ਪਏ ਹਨ (ਜਦੋਂ ਤੂੰ ਸਰਗੁਣ ਰੂਪ ਹੋ ਕੇ ਅਪਣੇ ਆਪ ਨੂੰ ਪ੍ਰਗਟ ਕੀਤਾ, ਤਾਂ ਤੇਰੇ ਅਨੇਕਾਂ ਨਾਮ ਪ੍ਰਚੱਲਤ ਹੋ ਗਏ। ਪਰ) ਸਤਿਨਾਮ ਤੇਰਾ ਮੁਢਲਾ ਨਾਮ ਹੈ (ਸਭ ਸਮੇਂ ਰਹਿਣ ਵਾਲਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਭਗਤ ਤੇਰੀ ਸ਼ਰਣ ਵਿਚ ਆ ਪਏ ਹਨ, (ਭਗਤ ਬੇਨਤੀ ਕਰਦੇ ਹਨ ਕਿ ਹੇ ਪਭੂ! ਸਾਡੇ) ਮਨ ਤੇਰਾ ਪ੍ਰੇਮ ਲੱਗਾ ਹੋਇਆ ਹੈ, (ਤੂੰ ਸਾਨੂੰ ਅਪਣਾ) ਦਰਸ਼ਨ ਦੇਹ।੨੦। ਹੇ ਪ੍ਰਭੂ! ਤੇਰੀ ਅਵਸਥਾ ਤੇ ਮਿਣਤੀ (ਕਿ ਤੂੰ ਕਿੰਨਾ ਵੱਡਾ ਹੈਂ) ਤੂੰ ਆਪ ਹੀ ਜਾਣਦਾ ਹੈਂ। ਤੂੰ ਆਪ ਹੀ ਦੱਸ ਸਕਦਾ ਹੈਂ ਤੇ ਬਿਆਨ ਕਰ ਸਕਦਾ ਹੈਂ। ਨਾਨਕ ਦੀ ਬੇਨਤੀ ਹੈ ਕਿ ਹੇ ਹਰੀ! ਜੇ ਤੂੰ ਚਾਹੇਂ ਤਾਂ ਮੈਨੂੰ ਦਾਸਾਂ ਦਾ ਦਾਸ ਬਣਾ ਲੈ ਅਤੇ ਮੈਨੂੰ ਅਪਣੇ ਦਾਸਾਂ ਦੀ ਸੰਗਤ ਵਿਚ ਰੱਖ।੨੧।੨।੧੧।

ਪਦਾਰਥ = ਗਹੀ–ਫੜੀ ਹੈ। ਜਗਤ ਪਿਤ–ਹੇ ਜਗਤ ਦੇ ਪਿਤਾ!। ਭਇਆਨਕ–ਡਰਾਉਣਾ। ਦੁਤਰ–ਜਿਸ ਨੂੰ ਤਰਨਾ ਔਖਾ ਹੈ। ਇਛਾ ਕਰਿ–ਅਪਣੀ ਮਰਜੀ ਨਾਲ। ਰਾਖਹੁ–ਰੱਖਿਆ ਕਰ। ਕੈ ਸੰਗਿ ਸੰਗਾ–ਸੰਗਤ ਦੇ ਨਾਲ।੧੭। ਦ੍ਰਿਸਟਮਾਨ–ਅੱਖਾਂ ਨਾਲ ਦਿਸਣ ਵਾਲਾ। ਸਗਲ–ਸਾਰਾ (ਪਸਾਰਾ)। ਮਿਥੇਨਾ–ਨਾਸ਼ਵੰਤ। ਮਾਗਉ–ਮੈਂ ਮੰਗਦਾ ਹਾਂ। ਰੇਨਾ–ਚਰਨ ਧੂੜ। ਮਸਤਕਿ–ਮੱਥੇ ਉਤੇ। ਲਾਇ–ਲਾ ਕੇ। ਪਰਮ ਪਦੁ–ਸਭ ਤੋਂ ਉਚੀ ਪਦਵੀ। ਪਾਵਉ–ਮੈਂ ਪ੍ਰਾਪਤ ਕਰਾਂ। ਜਿਸੁ ਪ੍ਰਾਪਤਿ–ਜਿਸ ਨੂੰ ਸਾਧ ਸੰਗਤ ਪ੍ਰਾਪਤ ਹੁੰਦੀ ਹੈ। ਸੋ–ਉਹ (ਮਨੁੱਖ)। ਪਾਵੈਗਾ–ਪ੍ਰਾਪਤ ਕਰੇਗਾ।੧੮। ਜਿਨ ਕਉ–ਜਿਨ੍ਹਾਂ ਉਤੇ। ਕਰੀ–ਕੀਤੀ ਹੈ। ਤਿਨ–ਉਨ੍ਹਾਂ ਨੇ। ਰਿਦੈ–ਹਿਰਦੇ ਵਿਚ। ਪਰਾਤੇ–ਪ੍ਰੋਏ ਹਨ; ਪ੍ਰੇਮ ਨਾਲ ਧਾਰਨ ਕੀਤੇ ਹਨ (ਮ.ਕੋ.)। ਸਗਲ–ਸਾਰੇ। ਨਾਮ ਨਿਧਾਨੁ–ਨਾਮ ਦਾ ਖਜਾਨਾ। ਅਨਹਦ ਸਬਦ–ਆਤਮ ਮੰਡਲ ਦਾ ਸੰਗੀਤ, ਜੋ ਕੰਨਾਂ ਰਾਹੀਂ ਨਹੀਂ ਸੁਣਿਆ ਜਾ ਸਕਦਾ, ਨਾਮ ਅਭਿਆਸੀ ਨੂੰ ਚਿੱਤ ਦੀ ਇਕਾਗ੍ਰਤਾ ਵਿਚ ਇਸ ਦਾ ਅਨੁਭਵ ਹੁੰਦਾ ਹੈ। ਮਨਿ–ਮਨ ਵਿਚ। ਵਾਜੰਗਾ–ਵੱਜਦਾ ਹੈ।੧੯। ਕਿਰਤਮ ਨਾਮ–ਉਹ ਨਾਮ, ਜੋ ਲੋਕਾਂ ਨੇ ਪ੍ਰਭੂ ਦੇ ਗੁਣਾਂ ਤੇ ਕੰਮਾਂ ਕਰਕੇ ਰਚੇ ਹਨ। ਕਥੇ–ਕਥਨ ਕੀਤੇ ਹਨ। ਜਿਹਬਾ–ਜੀਭ। ਪਰਾ ਪੂਰਬਲਾ–ਮੁੱਢ ਦਾ; ਆਦਿ ਕਾਲ ਦਾ (ਸਭ ਤੋਂ ਪਹਿਲਾਂ ਦਾ)। ਰੰਗੁ ਲਗਾ–ਪ੍ਰੇਮ ਲੱਗਾ ਹੈ।੨੦। ਗਤਿ ਮਿਤਿ–ਅਵਸਥਾ ਤੇ ਮਿਣਤੀ; ਆਤਮ ਵਿਦਿਆ ਦੀ ਹੱਦ; ਗਿਆਨ ਤੇ ਮਰਿਆਦਾ। ਦਾਸਨ ਕੋ–ਦਾਸਾਂ ਦਾ। ਕਰੀਅਹੁ–ਬਣਾ ਲੈ। ਹਰਿ–ਹੇ ਹਰੀ!। ਭਾਵੈ–ਜੇ ਤੂੰ ਚਾਹੇਂ। ਦਾਸਾ ਸੰਗਾ–ਦਾਸਾਂ ਦੀ ਸੰਗਤ ਵਿਚ।੨੧।੨।੧੧।

ਮਾਰੂ ਮਹਲਾ ੫ ॥ ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥ ਹੋਇ ਪੈ ਖਾਕ ਫਕੀਰ ਮੁਸਾਫਰੁ ,ਇਹੁ ਦਰਵੇਸੁ ਕਬੂਲੁ ਦਰਾ ॥੧॥ ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥ ਦੇਹ ਮਸੀਤਿ ਮਨੁ ਮਉਲਾਣਾ, ਕਲਮ ਖੁਦਾਈ ਪਾਕੁ ਖਰਾ ॥੨॥ ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥ ਮਾਰਫਤਿ ਮਨੁ ਮਾਰਹੁ ਅਬਦਾਲਾ, ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥ ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥ ਪੰਚ ਮਰਦ ਸਿਦਕਿ ਲੇ ਬਾਧਹੁ ,ਖੈਰਿ ਸਬੂਰੀ ਕਬੂਲ ਪਰਾ ॥੪॥ ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਖੁਦਾ ਦੇ ਬੰਦੇ! ਹੇ ਅੱਲਾ ਬੰਦੇ!। ਦੁਨੀਆਂ ਦੇ ਧੰਧਿਆਂ ਦਾ ਖਿਆਲ ਛਡ ਦੇ। ਤੂੰ ਰੱਬੀ ਫਕੀਰਾਂ ਦੇ ਪੈਰਾਂ ਦੀ ਧੂੜ ਹੋ ਕੇ (ਦੁਨੀਆਂ ਵਿਚ ਅਪਣੇ ਆਪ ਨੂੰ) ਮੁਸਾਫਰ ਸਮਝ, ਇਹੋ ਜਿਹਾ ਦਰਵੇਸ ਰੱਬ ਦੇ ਦਰ ਤੇ ਪ੍ਰਵਾਨ ਹੁੰਦਾ ਹੈ।੧। (ਹੇ ਫਕੀਰ!) ਸਚ ਬੋਲਣ ਰੂਪ ਨਿਵਾਜ ਪੜ੍ਹ; ਸੱਚਾ ਨਾਮ ਸਿਮਰਨਾ ਨਿਮਾਜ ਪੜ੍ਹ ਅਤੇ ਰੱਬ ਵਿਚ ਯਕੀਨ ਕਰਨ ਨੂੰ ਨਿਮਾਜ ਪੜ੍ਹਨ ਦਾ ਆਸਣ ਵਿਛਾ। ਮਨ ਦੀ ਵਾਸ਼ਨਾ ਨੂੰ ਮਾਰ ਕੇ ਦੂਰ ਕਰ, (ਇਹ ਹੱਥ ਵਿਚ) ਸੋਟਾ ਫੜ। (ਅਪਣੀ) ਦੇਹ ਨੂੰ ਮਸੀਤ ਬਣਾ ਅਤੇ ਮਨ ਨੂੰ ਮੁੱਲਾਂ ਬਣਾ ਲੈ, (ਮਨ ਨੂੰ) ਚੰਗੀ ਤਰ੍ਹਾਂ ਪਵਿਤ੍ਰ ਰੱਖ, (ਇਹੋ) ਖੁਦਾ ਦਾ ਕਲਮਾ ਸਮਝ।੨। (ਹੇ ਖੁਦਾ ਦੇ ਬੰਦੇ!) ਰੱਬ ਦਾ ਨਾਮ ਲੈ ਕੇ ਦ੍ਰਿੜਤਾ ਨਾਲ ਕਮਾਈ ਕਰੋ, (ਇਹੋ ਹੀ) ਸ਼ਰਾ ਸ਼ਰੀਅਤ ਹੈ। (ਆਪਾ ਭਾਵ) ਤਿਆਗ ਕੇ ਹਿਰਦੇ ਵਿਚ ਰੱਬ ਨੂੰ ਖੋਜ ਕੇ ਲੱਭੋ, (ਇਹ ਹੈ) ਮਨ ਨੂੰ ਪਵਿਤ੍ਰ ਰੱਖਣ ਦਾ ਤਰੀਕਾ। ਹੇ ਅਬਦਾਲ ਫਕੀਰ! ਆਤਮਕ ਗਿਆਨ ਇਹ ਹੈ ਕਿ ਮਨ ਨੂੰ ਮਾਰ ਲਵੋ, ਰੱਬ ਨੂੰ ਮਿਲੋ, ਇਹ ਹੀ ਹਕੀਕਤ ਹੈ, ਜਿਸ ਕਰਕੇ ਮੁੜ ਦੁਬਾਰਾ ਮੌਤ ਨਹੀਂ ਹੁੰਦੀ।੩। (ਹੇ ਰੱਬ ਦੇ ਬੰਦੇ!) ਕੁਰਾਨ ਤੇ ਕਤੇਬਾਂ ਦੇ ਉਪਦੇਸ਼ ਦੀ ਦਿਲ ਵਿਚ ਕਮਾਈ ਕਰੋ। ਦਸ (ਔਰਤਾਂ) ਇੰਦ੍ਰੀਆਂ ਨੂੰ ਭੈੜੇ ਰਸਤੇ ਜਾਣ ਤੋਂ ਰੋਕ ਰੱਖੋ। ਪੰਜ ਕਾਮਾਦਿਕ ਮਰਦਾਂ ਨੂੰ ਸਿਦਕ ਨਾਲ ਬੰਨ੍ਹ ਕੇ ਰੱਖੋ, (ਰੱਬ ਤੋਂ) ਸਬਰ

ਦੀ ਖੈਰ ਮੰਗ (ਫਿਰ ਤੁਸੀਂ ਰੱਬ ਦੀ) ਦਰਗਾਹ ਵਿਚ ਕਬੂਲ ਪੈ ਜਾਓਗੇ।੪।

ਅੰਗ ੧੦੮੪ = ਮਕਾ ਮਿਹਰ ਰੋਜਾ ਪੈ ਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥ ਹੂਰ ਨੂਰ ਮੁਸਕੁ ਖੁਦਾਇਆ, ਬੰਦਗੀ ਅਲਹ ਆਲਾ ਹੁਜਰਾ ॥੫॥ (ਹੇ ਖੁਦਾਈ ਬੰਦੇ ! ਸਾਰੇ ਜੀਵਾਂ ਉਤੇ) ਦਇਆ ਕਰਨੀ, ਇਹ ਤੂੰ ਮੱਕਾ ਸਮਝ ਅਤੇ ਸਭ ਦੇ ਪੈਰਾਂ ਦੀ ਖਾਕ ਹੋਣਾ, ਇਹ ਰੋਜਾ ਰੱਖ।ਗੁਰੂ ਪੀਰਾਂ ਦੇ ਬਚਨਾਂ ਦੀ ਮਰਿਆਦਾ ਪੂਰਬਕ ਕਮਾਈ (ਅਮਲ) ਕਰਨ ਨਾਲ ਤੂੰ ਬਹਿਸ਼ਤ ਨੂੰ ਜਾਏਂਗਾ ।(ਸਾਰੇ ਜੀਵਾਂ ਵਿਚ) ਖੁਦਾ ਦਾ ਨੂਰ ਦੇਖਣਾ ਬਹਿਸ਼ਤ ਦੀਆਂ ਹੂਰਾਂ ਹਨ ਤੇ ਖੁਦਾ ਦੀ ਯਾਦ ਸੁਗੰਧੀ ਹੈ ਅਤੇ ਅੱਲਾ ਦੀ ਬੰਦਗੀ ਚੰਗਾ ਕੋਠਾ (ਘਰ) ਹੈ।੫।

ਪਦਾਰਥ = ਅਲਹ-ਅੱਲਾ ਦਾ।ਅਗਮ-ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ !।ਖਾਦਾਈ ਬੰਦੇ-ਹੇ ਖੁਦਾ ਦੇ ਬੰਦੇ !।ਧੰਧੇ-ਕੰਮ ਕਾਜ। ਹੋਇ-ਹੋ ਕੇ।ਪੈ ਖਾਕੁ ਫਕੀਰ-ਫਕੀਰਾਂ ਦੇ ਪੈਰਾਂ ਦੀ ਧੂੜ।ਮੁਸਾਫਰੁ-ਰਾਹੀ।ਕਬੂਲੁ ਦਰਾ-ਰੱਬ ਦੇ ਦਰ ਤੇ ਪ੍ਰਵਾਨ ਹੁੰਦਾ ਹੈ।੧।ਸਚੁ -ਸੱਚ ਬੋਲਣਾ; ਸੱਚਾ ਨਾਮ ਸਿਮਰਨ।ਨਿਵਾਜ-ਨਮਾਜ।ਯਕੀਨ-ਵਿਸ਼ਵਾਸ; ਸ਼ਰਧਾ।ਮੁਸਲਾ (ਮੁਸੱਲਾ ਪੜ੍ਹੋ)-ਸਫ (ਚਿਟਾਈ ਜਿਸ ਤੇ ਬੈਠ ਕੇ ਨਿਵਾਜ ਪੜ੍ਹੀਦੀ ਹੈ)।ਮਨਸਾ-ਮਨ ਦੇ ਫੁਰਨੇ; ਵਾਸ਼ਨਾ।ਮਾਰਿ-ਮਾਰ ਕੇ।ਨਿਵਾਰਿਹੁ-ਦੂਰ ਕਰੋ।ਆਸਾ-(ਫਕੀਰ ਦਾ) ਡੰਡਾ।ਦੇਹ-ਸਰੀਰ।ਮਉਲਾਣਾ-ਮੌਲਵੀ।ਕਲਮ ਖੁਦਾਈ-ਖੁਦਾ ਦੀ ਕਲਾਮ (ਬਾਣੀ)।ਪਾਕੁ-ਪਵਿਤ੍ਰ।ਖਰਾ-ਚੰਗਾ; ਬਹੁਤ।੨। (ਇਸਲਾਮ ਵਿਚ ਫਕੀਰਾਂ ਦੇ ਚਾਰ ਮੰਜਲਾਂ ਹਨ) ੧. ਸਰਾ ਸਰੀਅਤਿ-ਧਰਮ ਦੀ ਮਰਿਆਦਾ (ਰਹਿਤ ਬਹਿਤ)।ਲੇ-ਲੈ ਕੇ।ਕੰਮਾਵਹੁ-ਕਮਾਈ ਕਰੋ।੨. ਤਰੀਕਤਿ-ਮਨ ਨੂੰ ਪਵਿਤ੍ਰ ਕਰਨ ਦਾ ਤਰੀਕਾ।ਤਰਕ (ਅ.)-ਤਿਆਗ।ਖੋਜਿ-ਖੋਜ ਕੇ।ਟੋਲਾਵਹੁ-ਲੱਭੋ।੩. ਮਾਰਫਤਿ-ਆਤਮਕ ਗਿਆਨ।ਅਬਦਾਲਾ-ਹੇ ਅਬਦਾਲ ਫਕੀਰ ! (ਫਕੀਰਾਂ ਦੇ ਪੰਜ ਦਰਜੇ = ਵਲੀ, ਗੌਂਸ, ਕੁਤਬ, ਅਬਦਾਲ ਤੇ ਕਲੰਦਰ)।੪. ਹਕੀਕਤਿ-ਇਸਲਾਮ ਅਨੁਸਾਰ ਚੌਥਾ ਪਦ, ਜਿਥੇ ਮਨੁੱਖ ਸੱਚ ਰੂਪ ਹੋ ਜਾਂਦਾ ਹੈ।ਜਿਤੁ-ਜਿਸ ਕਰਕੇ।ਫਿਰਿ-ਮੁੜ ਕੇ।ਨ ਮਰਾ-ਮੌਤ ਨਹੀਂ ਹੁੰਦੀ।੩।ਕਤੇਬ-ਧਾਰਮਕ ਕਿਤਾਬਾਂ।ਦਿਲ ਮਾਹਿ-ਦਿਲ ਵਿਚ।ਕਮਾਹੀ-ਕਮਾਈ ਕਰ।ਦਸ ਅਉਰਾਤ-ਦਸ ਔਰਤਾਂ (ਇੰਦ੍ਰੀਆਂ)।ਬਦ ਰਾਹੀ-ਭੈੜੇ ਰਸਤੇ ਤੋਂ।ਪੰਚ ਮਰਦ-ਪੰਜ ਕਾਮਾਦਿਕ ਸੂਰਮੇ।ਸਿਦਕਿ-ਸ਼ਰਧਾ ਨਾਲ; ਵਿਸ਼ਵਾਸ ਨਾਲ ।ਬਾਧਹੁ-ਬੰਨ੍ਹ ਰੱਖੋ।ਖੈਰਿ-ਦਾਨ।ਸਬੂਰੀ-ਸੰਤੋਖ ਦਾ।ਕਬੂਲ ਪਰਾ-ਪ੍ਰਵਾਨ ਪੈ ਜਾਵੇਂਗਾ।੪।ਮਕਾ (ਮੱਕਾ ਪੜ੍ਹੋ)-ਸਾਊਦੀ ਅਰਬ ਵਿਚ ਪ੍ਰਸਿੱਧ ਸ਼ਹਿਰ, ਜਿੱਥੇ ਮੁਹੰਮਦ ਸਾਹਿਬ ਪੈਦਾ ਹੋਏ ਸਨ।ਮਿਹਰ-ਦਇਆ।ਰੋਜਾ-ਵਰਤ ਰੱਖਣਾ।ਪੈ ਖਾਕਾ-ਪੈਰਾਂ ਦੀ ਧੂੜ। ਭਿਸਤੁ-ਸਵੱਰਗ।ਪੀਰ ਲਫਜ-ਗੁਰੂ ਦੇ ਬਚਨ।ਅੰਦਾਜਾ-ਮਰਿਆਦਾ ਪੂਰਬਕ; ਪੂਰੀ ਤਰ੍ਹਾਂ।ਹੂਰ-ਸਵੱਰਗ ਦੀਆਂ ਸੁੰਦਰ ਇਸਤ੍ਰੀਆਂ ।ਨੂਰ-ਰੱਬ ਦਾ ਪ੍ਰਕਾਸ਼।ਮੁਸਕੁ-ਸੁਗੰਧੀ।ਖੁਦਾਇਆ-ਖੁਦਾ ਦੀ।ਬੰਦਗੀ ਅਲਹ-ਅੱਲਾ ਦੀ ਬੰਦਗੀ।ਆਲਾ-ਆਹਲਾ (ਸਭ ਤੋਂ ਚੰਗਾ)।ਹੁਜਰਾ-ਰੱਬ ਦੀ ਬੰਦਗੀ ਕਰਨ ਲਈ ਇਕਾਂਤ ਕਮਰਾ।੫।

ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥ ਸੋ ਮੁਲਾ ਮਲਊਨ ਨਿਵਾਰੈ, ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥ ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥ ਤਸਬੀ ਯਾਦਿ ਕਰਹੁ ਦਸ ਮਰਦਨੁ ,ਸੁੰਨਤਿ ਸੀਲੁ ਬੰਧਾਨਿ ਬਰਾ ॥੭॥ ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥ ਮੀਰ ਮਲਕ ਉਮਰੇ ਫਾਨਾਇਆ, ਏਕ ਮੁਕਾਮ ਖੁਦਾਇ ਦਰਾ ॥੮॥ ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥ ਪੰਜਵੈ ਪੰਜੇ ਇਕਤੁ ਮੁਕਾਮੈ, ਏਹਿ ਪੰਜ ਵਖਤ ਤੇਰੇ ਅਪਰਪਰਾ ॥੯॥ ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥ ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ,ਬੁਰਗੂ ਬਰਖੁਰਦਾਰ ਖਰਾ ॥੧੦॥ (ਹੇ ਖੁਦਾ ਦੇ ਬੰਦੇ ! ਜੋ ਮਨੁੱਖ) ਸੱਚ ਸਰੂਪ ਅੱਲਾ ਦੀ ਬੰਦਗੀ ਕਰਦਾ ਹੈ, ਉਹ ਹੀ ਕਾਜੀ ਹੈ।ਜੋ ਮਨੁੱਖ ਦਿਲ ਨੂੰ ਸ਼ੁੱਧ ਰੱਖਦਾ ਹੈ, ਉਹ ਹਾਜੀ ਹੈ।ਉਹ ਅਸਲੀ ਮੁੱਲਾ ਹੈ, ਜੋ ਮਨਮੁੱਖਤਾ ਨੂੰ ਦੂਰ ਕਰਦਾ ਹੈ, ਉਹ ਦਰਵੇਸ਼ ਹੈ, ਜਿਸ ਦਾ ਆਸਰਾ ਰੱਬ ਦੀ ਸਿਫਤ ਸਲਾਹ ਹੈ।੬।(ਹੇ ਖੁਦਾਈ ਬੰਦੇ !) ਹਰ ਵਕਤ, ਸਭ ਸਮੇਂ ਸਭ ਨੂੰ ਪੈਦਾ ਕਰਨ ਵਾਲੇ ਰੱਬ ਨੂੰ ਤੂੰ ਅਪਣੇ ਦਿਲ ਵਿਚ ਯਾਦ ਕਰਿਆ ਕਰ।(ਹਰ ਵੇਲੇ ਰੱਬ ਨੂੰ) ਯਾਦ ਕਰਿਆ ਕਰ, ਇਹੀ ਤਸਬੀ ਹੈ, ਦਸ ਇੰਦ੍ਰੀਆਂ ਦਮਨ ਕਰਨਾ ,ਚੰਗਾ ਸੁਭਾਉ ਅਤੇ ਵਿਕਾਰਾਂ ਵੱਲੋਂ ਪ੍ਰਹੇਜ ਕਰਨਾ ਹੀ ਸ੍ਰੇਸਟ ਸੁੰਨਤ ਹੈ।੭।(ਹੇ ਖੁਦਾਈ ਬੰਦੇ ! ਅਪਣੇ) ਦਿਲ ਵਿਚ ਸਭ ਕੁਛ ਨਾਸ਼ ਹੋਣ ਵਾਲਾ ਸਮਝੋ।ਪਰਵਾਰ, ਘਰ ਤੇ ਭਾਈ ਸਭ ਜੰਜਾਲ ਹਨ।ਅਮੀਰ, ਬਾਦਸ਼ਾਹ ਅਤੇ ਉਮਰਾਉ ਆਦਿ ਸਭ ਨਾਸ਼ਵੰਤ ਹਨ, ਇਕ

ਕੇਵਲ ਖੁਦਾ ਦਾ ਦਰ ਸਦਾ ਕਾਇਮ ਰਹਿਣ ਵਾਲਾ ਹੈ।੮।(ਹੇ ਖੁਦਾਈ ਬੰਦੇ! ਤੇਰੀ) ਪਹਿਲੀ ਨਮਾਜ ਰੱਬ ਦੀ ਸਿਫਤ ਸਲਾਹ ਦੀ ਹੋਵੇ, ਦੂਜੀ ਨਮਾਜ ਸਬਰ ਸੰਤੋਖ ਵਾਲੀ ਹੋਵੇ।ਤੀਜੀ ਨਮਾਜ ਨਿਮ੍ਰਤਾ ਧਾਰਨ ਵਾਲੀ ਹੋਵੇ ਅਤੇ ਚੌਥੀ ਨਮਾਜ ਸਭ ਦਾ ਭਲਾ ਮੰਗਣ ਵਾਲੀ; ਰੱਬ ਦੇ ਨਾਮ ਤੇ ਦਾਨ ਕਰਨ ਵਾਲੀ ਹੋਵੇ।ਪੰਜਵੇਂ ਵੇਲੇ ਦੀ ਨਮਾਜ ਵਿਚ ਤੂੰ ਪੰਜਾਂ ਇੰਦ੍ਰੀਆਂ ਨੂੰ ਇਕ ਥਾਂ ਵਸ ਵਿਚ ਰੱਖ, ਇਹ ਤੇਰੇ ਸਭ ਤੋਂ ਚੰਗੇ ਪੰਜ ਵਕਤ ਹਨ।੯।(ਹੇ ਖੁਦਾਈ ਬੰਦੇ!) ਸਾਰੀ ਦੁਨੀਆਂ ਵਿਚ ਇਕ ਰੱਬ ਨੂੰ ਵਸਦਾ ਜਾਣ, (ਇਹ ਤੂੰ) ਨਿੱਤ ਦਾ ਪਾਠ ਕਰਿਆ ਕਰ।ਬੁਰੇ ਕੰਮ ਛਡ ਦੇ, ਇਹ ਹੱਥ ਵਿਚ ਪਾਣੀ ਦਾ ਕੁੱਜਾ ਫੜਨਾ ਕਰੋ।ਸਾਰੀ ਦੁਨੀਆਂ ਦਾ ਮਾਲਕ ਇਕੋ ਖੁਦਾ ਹੈ, ਇਹ ਸਮਝ ਕੇ ਬਾਂਗ ਦਿਆ ਕਰੋ, ਚੰਗਾ ਨੇਕ ਇਨਸਾਨ ਬਣਨਾ, ਇਹ ਨਾਦ ਵਜਾਇਆ ਕਰ।੧੦।

ਪਦਾਰਥ = ਸਚੁ–ਸੱਚ ਸਰੂਪ ਅੱਲਾ।ਕਮਾਵੈ–(ਬੰਦਗੀ) ਕਰਦਾ ਹੈ।ਸੋਈ–ਉਹ ਹੀ।ਕਾਜੀ–ਝਗੜਾ ਨਿਬੇੜਨ ਵਾਲਾ ਜੱਜ।ਸੋਧੈ–ਪਵਿਤ੍ਰ ਰੱਖਦਾ ਹੈ।ਹਾਜੀ–ਮੱਕੇ ਦੀ ਯਾਤ੍ਰਾ ਕਰਨ ਵਾਲਾ ਮੁਸਲਮਾਨ।ਸੋ–ਉਹ।ਮੁਲਾ (ਮੁੱਲਾਂ ਪੜ੍ਹੋ)–ਮੌਲਵੀ।ਮਲਊਨ–ਸ਼ੈਤਾਨ ਪੁਣਾ ;ਮਨਮੁਖਤਾ।ਨਿਵਾਰੈ–ਦੂਰ ਕਰਦਾ ਹੈ।ਧਰਾ–ਆਸਰਾ।੬।ਵਖਤ (ਇਸਲਾਮਿਕ ਲਫਜ਼)–ਸਮਾਂ।ਵੇਲਾ–ਸਮਾਂ।ਖਾਲਕੁ–ਦੁਨੀਆਂ ਨੂੰ ਪੈਦਾ ਕਰਨ ਵਾਲਾ।ਦਿਲੈ ਮਹਿ–ਦਿਲ ਵਿਚ।ਮਉਲਾ–ਰੱਬ।ਤਸਬੀ–ਮਾਲਾ।ਦਸ ਮਰਦਨੁ–ਦਸ ਇੰਦ੍ਰੀਆਂ ਦਮਨ ਕਰਨਾ।ਸੀਲੁ–ਚੰਗਾ ਸੁਭਾਉ।ਬੰਧਾਨਿ–ਵਿਕਾਰਾਂ ਵੱਲੋਂ ਪ੍ਰਹੇਜ।ਬਰਾ–ਸ੍ਰੇਸ਼ਟ।੭।ਸਭ–ਸਾਰਾ ਕੁਛ।ਜਾਨਹੁ–ਜਾਣੋ; ਸਮਝੋ।ਫਿਲਹਾਲਾ–ਨਾਸ਼ਵੰਤ; ਥੋੜਾਂ ਸਮਾਂ ਰਹਿਣ ਵਾਲਾ।ਬਿਰਾਦਰ–ਭਾਈ।ਖਿਲਖਾਨਾ–ਪ੍ਰਵਾਰ ਤੇ ਘਰ; ਖਾਨਦਾਨ।ਹਮੂ–ਸਾਰਾ।ਉਮਰੇ–ਦੀਵਾਨ (ਬਾਦਸ਼ਾਹ ਦੇ ਨੇੜੇ ਰਹਿਣ ਵਾਲੇ ਅਫਸਰ)।ਫਾਨਾਇਆ–ਨਾਸ਼ਵੰਤ।ਮੁਕਾਮ–ਸਦਾ ਕਾਇਮ ਰਹਿਣ ਵਾਲਾ।ਦਰਾ–ਦਰ।੮।ਅਵਲਿ–ਪਹਿਲੀ (ਨਮਾਜ)।ਦੂਜੀ–ਦੂਜੀ (ਨਮਾਜ)।ਤੀਜੈ–ਤੀਜੇ ਵਕਤ ਦੀ (ਨਮਾਜ)।ਖੈਰੀ–ਸਭ ਦਾ ਭਲਾ ਮੰਗਣਾ; ਦਾਨ ਕਰਨਾ।ਪੰਜਵੈ–ਪੰਜਵੇਂ ਵਕਤ ਦੀ ਨਮਾਜ।ਪੰਜੇ–ਪੰਜ ਇਦ੍ਰੀਆਂ; ਪੰਜ ਕਾਮਾਦਿਕ।ਇਕਤੁ ਮੁਕਾਮੈ–ਇਕ ਥਾਂ (ਵਸ ਵਿਚ) ਰੱਖਣੇ।ਏਹਿ ਪੰਜਿ ਵਕਤ–ਏਹ ਪੰਜ ਵਕਤ (ਨਮਾਜ ਦੇ)।ਅਪਰਪਰਾ–ਪਰੇ ਤੋਂ ਪਰੇ (ਸਭ ਤੋਂ ਚੰਗੇ) ਹਨ।੯।ਸਗਲੀ–ਸਾਰੀ (ਦੁਨੀਆਂ)।ਮਉਦੀਫਾ–ਵਜੀਫਾ (ਮੁਸਲਮਾਨਾਂ ਦਾ ਨਿਤ ਕਰਨ ਵਾਲਾ ਪਾਠ)।ਬਦ ਅਮਲ–ਬੁਰੇ ਕੰਮ।ਹਥਿ–ਹੱਥ ਵਿਚ।ਕੂਜਾ–ਮਿੱਟੀ ਦਾ ਕੁੱਜਾ।ਬੁਝਿ–ਸਮਝ ਕੇ। ਬਾਂਗਾਂ–ਬਾਗ।ਬੁਰਗੁ–ਮੁਸਲਮਾਨ ਫਕੀਰਾਂ ਦੇ ਵਜਾਉਣ ਵਾਲਾ ਸਿੰਙ।ਬਰਖੁਰਦਾਰ–ਨੇਕ ਇਨਸਾਨ।ਖਰਾ–ਚੰਗਾ।੧੦।

ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰੁ ਪਛਾਣੈ ਭਿਸਤੀ ਸੋਈ, ਅਜਰਾਈਲੁ ਨ ਦੋਜ ਠਰਾ ॥੧੧॥ ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ, ਸਾਬਤ ਸੂਰਤਿ ਦਸਤਾਰ ਸਿਰਾ ॥੧੨॥ ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥ ਦੁਨੀਆ ਰੰਗ ਨ ਆਵੈ ਨੇੜੈ, ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥ ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥ ਸੋਈ ਸੇਖੁ ਮਸਾਇਕੁ ਹਾਜੀ, ਸੋ ਬੰਦਾ ਜਿਸੁ ਨਜਰਿ ਨਰਾ ॥੧੪॥ ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥ ਹਕੁ ਹੁਕਮੁ ਸਚੁ ਖੁਦਾਇਆ ਬੁਝਿ, ਨਾਨਕ ਬੰਦਿ ਖਲਾਸ ਤਰਾ ॥੧੫॥੩॥੧੨॥ (ਹੇ ਖੁਦਾ ਦੇ ਬੰਦੇ!) ਸੱਚੀ ਕਮਾਈ ਕਰਕੇ ਖਾਣਾ ਖਾਓ, ਇਹ ਧਰਮ ਹੈ।ਦਰਿਆ ਵਾਂਗ ਦਿਲ ਨੂੰ ਵੱਡਾ ਕਰੋ, (ਦਿਲ ਵਿਚੋਂ ਵਿਤਕਰੇ ਦੀ) ਮੈਲ ਧੋਵੋ।ਜੋ ਮਨੁੱਖ ਗੁਰੂ ਨੂੰ ਰੱਬ ਰੂਪ ਪਛਾਣਦਾ ਹੈ, ਉਹ ਸਵੱਰਗ ਵਿਚ ਰਹਿਣ ਦਾ ਹੱਕਦਾਰ ਹੈ, ਅਜਰਾਈਲ ਉਸ ਨੂੰ ਦੋਜਕ ਵਿਚ ਠੇਹਲਦਾ।੧੧।(ਹੇ ਭਾਈ! ਅਪਣੀ) ਕਾਇਆਂ ਨੂੰ ਚੰਗੇ ਕਰਮ ਕਰਨ ਵਾਲਾ ਬਣਾ, (ਇਹੀ ਤੇਰੀ) ਯਕੀਨ ਕਰਨ ਵਾਲੀ ਔਰਤ ਹੈ।(ਇਉਂ ਤੂੰ) ਰੱਬੀ ਰੰਗ ਤਮਾਸ਼ੇ ਮਾਣ ਸਕਦਾ ਹੈਂ।ਨਾਪਾਕ ਮਨ ਨੂੰ ਪਾਕ ਕਰ, (ਇਹੋ ਹੀ) ਰੱਬ ਦੇ ਹਜੂਰ ਦੀ ਹਦੀਸ ਹੈ, ਸਾਬਤ ਸੂਰਤ ਹੋਵੋ (ਸੁੰਨਤ ਨਾ ਕਰੋ, ਸਰੀਰ ਦੇ ਵਾਲ ਨਾ ਕੱਟੋ) ਅਤੇ ਸਿਰ ਤੇ ਦਸਤਾਰ ਰੱਖੋ (ਜਿਵੇਂ ਰੱਬ ਨੇ ਪੈਦਾ ਕੀਤਾ ਹੈ, ਉਵੇਂ ਅਪਣੇ ਸਰੀਰ ਨੂੰ ਰੱਖ।ਸਿਰ ਤੇ ਦਸਤਾਰ ਆਦਰ ਦੀ ਨਿਸ਼ਾਨੀ ਹੈ, ਇਉਂ ਲੋਕ ਪ੍ਰਲੋਕ ਵਿਚ ਆਦਰ ਮਿਲੇਗਾ)।੧੨।(ਹੇ ਭਾਈ!) ਮੁਸਲਮਾਨ ਉਹ ਹੈ, ਜੋ ਮੋਮ ਵਾਂਗ ਨਰਮ ਦਿਲ ਵਾਲਾ ਹੋਵੇ।ਅੰਦਰ ਦੀ (ਈਰਖਾ ਤੇ ਵਿਕਾਰਾਂ ਦੀ) ਮੈਲ ਦਿਲ ਤੋਂ ਧੋ ਦੇਵੇ।(ਉਹ) ਦੁਨੀਆਂ ਦੇ ਰੰਗ ਤਮਾਸ਼ਿਆਂ ਦੇ ਨੇੜੇ ਨਾ ਆਵੇ, (ਉਹ ਐਸਾ) ਪਵਿਤ੍ਰ ਹੋ ਜਾਂਦਾ ਹੈ, ਜਿਵੇਂ ਫੁੱਲ, ਰੇਸ਼ਮ, ਘਿਉ ਅਤੇ ਮ੍ਰਿਗ ਛਾਲਾ ਪਵਿਤ੍ਰ ਮੰਨੇ ਜਾਂਦੇ ਹਨ।੧੩।(ਹੇ ਭਾਈ!) ਜਿਸ ਮਨੁੱਖ ਉਤੇ ਮਿਹਰ ਕਰਨ ਵਾਲਾ ਮਿਹਰਵਾਨ ਰੱਬ ਮੇਹਰ ਕਰਦਾ ਹੈ।ਉਹ ਵੱਡਾ ਬਹਾਦਰ ਮਰਦ ਹੁੰਦਾ ਹੈ।ਉਹੀ ਸ਼ੇਖ, ਹਾਜੀ

ਤੇ ਮਸਾਇਕ ਹੈ, ਉਹ ਅਸਲੀ ਬੰਦਾ ਹੈ, ਜਿਸ ਉਤੇ ਰੱਬ ਮਿਹਰ ਦੀ ਨਜਰ ਕਰਦਾ ਹੈ।੧੪।(ਹੇ ਭਾਈ! ਸੰਸਾਰ) ਸਰਬ ਸ਼ਕਤੀਮਾਨ ਰੱਬ ਦੀ ਰਚਨਾ ਹੈ, ਉਹ ਕ੍ਰਿਪਾ ਕਰਨ ਵਾਲਾ ਹੈ ਅਤੇ ਅਥਾਹ ਰਹਿਮ ਦਿਲ ਹੈ, (ਉਹ) ਸਿਫਤ ਸਲਾਹ ਕਰਨ ਵਾਲੇ ਬੰਦਿਆਂ ਨੂੰ ਮੁਹੱਬਤ ਕਰਨ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸੱਚੇ ਰੱਬ ਦਾ ਹੁਕਮ ਸੱਚਾ ਹੈ, ਸੱਚੇ ਖੁਦਾ ਨੂੰ ਸਮਝ ਕੇ ਮੋਹ ਮਾਇਆ ਦੀ ਕੈਦ ਤੋਂ ਛੁਟਕਾਰਾ ਹੋ ਜਾਂਦਾ ਹੈ ਅਤੇ ਭਵਜਲ ਤੋਂ ਤਰ ਜਾਈਦਾ ਹੈ।੧੫।੩।੧੨।

ਪਦਾਰਥ = ਹਕੁ–ਸੱਚ ਦੀ ਕਮਾਈ।ਹਲਾਲੁ–ਧਰਮ (ਦੀ ਕਮਾਈ)।ਬਖੋਰਹੁ–ਖਾਵੋ।ਮੈਲਾਣਾ–ਮੈਲ।ਪੀਰੁ–ਗੁਰੂ; ਪੈਗੰਬਰ।ਭਿਸਤੀ –ਸਵੱਰਗ ਵਿਚ ਰਹਿਣ ਵਾਲਾ।ਸੋਈ–ਉਹ।ਅਜਰਾਈਲੁ–ਮੌਤ ਦਾ ਫਰਿਸ਼ਤਾ।ਦੋਜ–ਦੋਜਕ (ਨਰਕ)।ਠਰਾ–ਠੇਹਲਦਾ (ਧੱਕਦਾ)। ੧੧।ਕਾਇਆ–ਸਰੀਰ।ਕਿਰਦਾਰ–ਚੰਗੇ ਕਰਮ।ਅਉਰਤ ਯਕੀਨਾ–ਉਹ ਇਸਤ੍ਰੀ ਜਿਸ ਤੇ ਭਰੋਸੇ ਹੋਵੇ; ਪਤੀਬ੍ਰਤਾ ਇਸਤ੍ਰੀ।ਹਕੀਨਾ –ਰੱਬ ਦੇ।ਨਾਪਾਕ–ਅਪਵਿਤ੍ਰ।ਪਾਕੁ–ਪਵਿਤ੍ਰ।ਹਦੂਰਿ–ਰੱਬ ਦੇ ਹਜੂਰ ਦੀ।ਹਦੀਸਾ–ਪੈਗੰਬਰ ਦੇ ਬਚਨ (ਕੁਰਾਨ ਤੋਂ ਦੂਜੇ ਦਰਜੇ ਦੀ ਕਿਤਾਬ, ਇਸ ਵਿਚ ਮੁਸਲਮਾਨੀ ਸ਼ਰ੍ਹਾ ਦੀ ਹਿਦਾਇਤ ਹੈ)।ਸਾਬਤ ਸੂਰਤਿ–ਸਰੀਰ ਨੂੰ ਜਿਉਂ ਦਾ ਤਿਉਂ ਰੱਖਣਾ।ਦਸਤਾਰ ਸਿਰਾ– ਸਿਰ ਉਤੇ ਪੱਗ ਬੰਨ੍ਹੋ।੧੨।ਮੋਮ ਦਿਲਿ–ਮੋਮ ਵਰਗੇ ਨਰਮ ਦਿਲ ਵਾਲਾ।ਅੰਤਰ ਕੀ–ਅੰਦਰ ਦੀ।ਤੇ–ਤੋਂ।ਮਲੁ–ਮੈਲ।ਰੰਗ–ਤਮਾਸ਼ੇ। ਕੁਸਮ–ਫੁੱਲ।ਪਾਟੁ–ਰੇਸ਼ਮ।ਹਰਾ–ਹਿਰਣ ਦੀ ਖੱਲ।੧੩।ਜਾ ਕਉ–ਜਿਸ ਉਤੇ।ਮਰਦਾਨਾ–ਬਹਾਦਰ।ਮਸਾਇਕੁ–ਸਾਧਕ; ਸ਼ੇਖ ਦਾ ਬਹੁ ਵਚਨ।ਹਾਜੀ–ਮੱਕੇ ਦੀ ਯਾਤਰਾ ਕਰਨ ਵਾਲਾ ਬੰਦਾ।ਸੋ–ਉਹ।ਨਰਾ–ਪ੍ਰਮਾਤਮਾ।੧੪।ਕੁਦਰਤਿ–ਸੰਸਾਰ ਰਚਨਾ।ਕਾਦਰ– ਸਰਬ ਸ਼ਕਤੀਮਾਨ ਰੱਬ।ਕਰਣ ਕਰੀਮਾ–ਕ੍ਰਿਪਾ ਕਰਨ ਵਾਲਾ।ਮੁਹਬਤਿ–ਪਿਆਰ ਕਰਨ ਵਾਲਾ ਹੈ।ਅਥਾਹ–ਬੇਅੰਤ।ਰਹੀਮਾ–ਰਹਿਮ ਕਰਨ ਵਾਲਾ।ਹਕੁ–ਸੱਚਾ ਰੱਬ।ਬੁਝਿ–ਸਮਝ ਕੇ।ਖਲਾਸ–ਮੁਕਤੀ।ਤਰਾ–ਭਵਜਲ ਤੋਂ ਤਰ ਜਾਈਦਾ ਹੈ।੧੫।੩।੧੨।

ਮਾਰੂ ਮਹਲਾ ੫ ॥ ਪਾਰਬ੍ਰਹਮ ਸਭ ਊਚ ਬਿਰਾਜੇ ॥ ਆਪੇ ਥਾਪਿ ਉਥਾਪੇ ਸਾਜੇ ॥ ਪ੍ਰਭੂ ਕੀ ਸਰਣਿ ਗਹਤ ਸੁਖੁ ਪਾਈਐ, ਕਿਛੁ ਭਉ ਨ ਵਿਆਪੈ ਬਾਲ ਕਾ ॥੧॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਰਕਤ ਕਿਰਮ ਮਹਿ ਨਹੀ ਸੰਘਾਰਿਆ ॥ ਅਪਨਾ ਸਿਮਰਨੁ ਦੇ ਪ੍ਰਤਿਪਾਲਿਆ, ਓਹੁ ਸਗਲ ਘਟਾ ਕਾ ਮਾਲਕਾ ॥੨॥ ਚਰਣ ਕਮਲ ਸਰਣਾਈ ਆਇਆ ॥ ਸਾਧ ਸੰਗਿ ਹੈ ਹਰਿ ਜਸੁ ਗਾਇਆ ॥ ਜਨਮ ਮਰਣ ਸਭਿ ਦੂਖ ਨਿਵਾਰੇ, ਜਪਿ ਹਰਿ ਹਰਿ ਭਉ ਨਹੀ ਕਾਲ ਕਾ ॥੩॥ ਸਮਰਥ ਅਕਥ ਅਗੋਚਰ ਦੇਵਾ ॥ ਜੀਅ ਜੰਤ ਸਭਿ ਤਾ ਕੀ ਸੇਵਾ ॥ ਅੰਡਜ ਜੇਰਜ ਸੇਤਜ ਉਤਭੁਜ, ਬਹੁ ਪਰਕਾਰੀ ਪਾਲਕਾ ॥੪॥ (ਹੇ ਭਾਈ!) ਪਾਰਬ੍ਰਹਮ ਸਭ ਤੋਂ ਉਚਾ ਬਿਰਾਜ ਰਿਹਾ ਹੈ।ਉਹ ਆਪ ਹੀ ਸ੍ਰਿਸਟੀ ਨੂੰ ਪੈਦਾ ਕਰਕੇ ਨਾਸ਼ ਕਰਦਾ ਹੈ ਅਤੇ ਆਪ ਹੀ (ਫਿਰ ਦੁਬਾਰਾ) ਰਚ ਦੇਂਦਾ ਹੈ। ਪ੍ਰਭੂ ਦੀ ਸ਼ਰਣ ਗ੍ਰਹਿਣ ਕੀਤਿਆਂ ਸੁਖ ਪਾਈਦਾ ਹੈ, (ਫਿਰ ਮਨੁੱਖ ਨੂੰ ਮੋਹ ਲੈਣ ਵਾਲੀ) ਮਾਇਆ ਦਾ ਕੁਛ ਵੀ ਡਰ ਨਹੀਂ ਵਿਆਪਦਾ ।੧।(ਹੇ ਭਾਈ!) ਜਿਸ ਪ੍ਰਭੂ ਨੇ ਮਾਂ ਦੇ ਗਰਭ ਦੀ ਅੱਗ ਵਿਚ ਬਚਾਈ ਰੱਖਿਆ ਹੈ।ਮਾਂ ਦੇ ਲਹੂ ਦੇ ਕਿਰਮ ਹੋਣ ਦੀ ਹਾਲਤ ਵਿਚ ਤੈਨੂੰ ਮਰਨ ਨਹੀਂ ਦਿਤਾ।(ਪ੍ਰਭੂ ਨੇ) ਅਪਨਾ ਸਿਮਰਨ ਦੇ ਕੇ ਤੇਰੀ ਰੱਖਿਆ ਕੀਤੀ, ਉਹ ਸਾਰੇ ਜੀਵਾਂ ਦਾ ਮਾਲਕ ਹੈ।੨।(ਹੇ ਭਾਈ! ਜਿਹੜਾ ਮਨੁੱਖ) ਪ੍ਰਭੂ ਦੇ ਚਰਣ ਕਮਲਾਂ ਦੀ ਸ਼ਰਣ ਵਿਚ ਆਇਆ ਹੈ।(ਉਸ ਨੇ) ਸਾਧ ਸੰਗਤ ਵਿਚ ਬੈਠ ਕੇ ਹਰੀ ਦਾ ਜਸ ਗਾਇਆ ਹੈ।(ਪ੍ਰਭੂ ਨੇ ਉਸ ਦੇ) ਜਨਮ ਮਰਣ ਦੇ ਸਾਰੇ ਦੁੱਖ ਦੂਰ ਕਰ ਦਿਤੇ ਹਨ, ਹਰੀ ਦਾ ਨਾਮ ਜਪ ਜਪ ਕੇ (ਉਸ ਉਤੇ) ਮੌਤ ਦਾ ਡਰ ਨਹੀਂ ਰਹਿੰਦਾ।੩।(ਹੇ ਭਾਈ!) ਪ੍ਰਭੂ ਸਰਬ ਸ਼ਕਤੀਮਾਨ, ਕਥਨ ਤੋਂ ਰਹਿਤ ਅਤੇ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਕਾਸ਼ ਰੂਪ ਹੈ।ਸਾਰੇ ਛੋਟੇ ਵੱਡੇ ਜੀਵ ਜੰਤ ਉਸ ਪ੍ਰਭੂ ਦੀ ਸੇਵਾ ਕਰਦੇ ਹਨ।(ਪ੍ਰਭੂ) ਅੰਡਜ, ਜੇਰਜ, ਸੇਤਜ ਅਤੇ ਉਤਭੁਜ ਚਾਰੇ ਖਾਣੀਆਂ ਦੇ ਜੀਵਾਂ ਨੂੰ ਬਹੁਤ ਪ੍ਰਕਾਰ ਨਾਲ ਪਾਲਦਾ ਹੈ।੪।

ਅੰਗ ੧੦੮੫ = ਤਿਸਹਿ ਪਰਾਪਤਿ ਹੋਇ ਨਿਧਾਨਾ ॥ ਰਾਮ ਨਾਮ ਰਸੁ ਅੰਤਰਿ ਮਾਨਾ ॥ ਕਰੁ ਗਹਿ ਲੀਨੇ ਅੰਧ ਕੂਪ ਤੇ, ਵਿਰਲੇ ਕੇਈ ਸਾਲਕਾ ॥੫॥ ਆਦਿ ਅੰਤਿ ਮਧਿ ਪ੍ਰਭੁ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥ ਭ੍ਰਮੁ ਭਉ ਮਿਟਿਆ ਸਾਧ ਸੰਗ ਤੇ, ਦਾਲਿਦ ਨ ਕੋਈ ਘਾਲਕਾ ॥੬॥ (ਹੇ ਭਾਈ!) ਪ੍ਰਭੂ ਦੇ ਨਾਮ ਦਾ ਖਜਾਨਾ ਉਸ ਮਨੁੱਖ ਨੂੰ ਪਰਾਪਤ ਹੁੰਦਾ ਹੈ।(ਜਿਹੜਾ ਮਨੁੱਖ ਅਪਣੇ) ਹਿਰਦੇ ਅੰਦਰ ਰਾਮ ਨਾਮ ਦਾ ਰਸ ਮਾਣਦਾ ਹੈ।(ਪ੍ਰਭੂ ਅਜੇਹੇ ਮਨੁੱਖ ਦਾ) ਹੱਥ ਫੜ ਕੇ ਸੰਸਾਰ ਰੂਪ ਅੰਨ੍ਹੇ ਖੂਹ ਤੋਂ ਕੱਢ ਲੈਂਦਾ ਹੈ, (ਪਰ) ਹਰੀ ਦਾ ਰਸਤਾ ਦਿਖਾਉਣ ਵਾਲੇ ਕੋਈ ਵਿਰਲੇ ਸੰਤ ਹੁੰਦੇ ਹਨ।੫।(ਹੇ ਭਾਈ!) ਉਹ ਪ੍ਰਭੂ ਜਗਤ ਦੇ ਸ਼ੁਰੂ ਵਿਚ, ਵਿਚਕਾਰਲੇ

ਸਮੇਂ ਵਿਚ ਅਤੇ ਅੰਤ ਵਿਚ ਮੌਜੂਦ ਹੁੰਦਾ ਹੈ। ਕਰਤਾ ਪੁਰਖ ਜੋ ਕੁਛ ਕਰਦਾ ਹੈ, ਉਹ ਹੀ ਹੁੰਦਾ ਹੈ। (ਜਿਸ ਮਨੁੱਖ ਦਾ) ਸਾਧ ਸੰਗਤ ਦੀ ਕਿਰਪਾ ਨਾਲ ਭਰਮ ਤੇ ਡਰ ਮਿਟ ਗਿਆ ਹੈ, (ਉਸ ਨੂੰ) ਕੋਈ ਦਲਿਦ੍ਰ ਨਾਸ਼ ਕਰਨ ਵਾਲਾ ਨਹੀਂ ਰਹਿੰਦਾ।੬।

ਪਦਾਰਥ = ਸਭ ਊਚ–ਸਭ ਤੋਂ ਉਚਾ। ਬਿਰਾਜੇ–ਟਿਕਿਆ ਹੋਇਆ ਹੈ। ਆਪੇ–ਆਪ ਹੀ। ਥਾਪਿ–ਪੈਦਾ ਕਰਕੇ। ਉਥਾਪੇ–ਨਾਸ਼ ਕਰਦਾ ਹੈ। ਸਾਜੇ–ਬਣਾ ਦੇਂਦਾ ਹੈ। ਗਹਤ–ਗ੍ਰਹਿਣ ਕੀਤਿਆਂ। ਪਾਈਐ–ਪਾਈਦਾ ਹੈ। ਭਉ–ਡਰ। ਨ ਵਿਆਪੈ–ਨਹੀਂ ਲਗਦਾ। ਬਾਲ ਕਾ–ਬਾਲਾ (ਇਸਤ੍ਰੀ ਭਾਵ ਮਾਇਆ) ਦਾ।੧। ਗਰਭ–ਮਾਂ ਦਾ ਪੇਟ। ਅਗਨਿ ਮਹਿ–ਅੱਗ ਵਿਚ। ਜਿਨਹਿ–ਜਿਸ (ਪ੍ਰਭੂ) ਨੇ। ਉਬਾਰਿਆ–ਬਚਾਇਆ ਹੈ। ਨਹੀਂ ਸੰਘਾਰਿਆ–ਮਰਨ ਨਹੀਂ ਦਿਤਾ। ਦੇ–ਦੇ ਕੇ। ਪ੍ਰਤਿਪਾਲਿਆ–ਰੱਖਿਆ ਕੀਤੀ। ਸਗਲ ਘਟਾ ਕਾ–ਸਾਰੇ ਜੀਵਾਂ ਦਾ। ਮਾਲਕਾ–ਮਾਲਕ ਹੈ।੨। ਸਾਧ ਸੰਗਿ–ਸਾਧ ਸੰਗਤ ਵਿਚ। ਜਸੁ–ਕੀਰਤਨ। ਨਿਵਾਰੇ–ਦੂਰ ਕਰ ਦਿਤੇ। ਜਪਿ–ਜਪ ਕੇ। ਕਾਲ ਕਾ–ਮੌਤ ਦਾ।੩। ਸਮਰਥ–ਸਾਰੀਆਂ ਤਾਕਤਾਂ ਦਾ ਮਾਲਕ। ਅਕਥ (ਅਕੱਥ ਪੜ੍ਹੋ)–ਜਿਸ ਦਾ ਸਹੀ ਸਰੂਪ ਬਿਆਨ ਨਾ ਹੋ ਸਕੇ। ਅਗੋਚਰ–ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਦੇਵਾ–ਪ੍ਰਕਾਸ਼ ਰੂਪ। ਜੀਅ–ਵੱਡੇ ਜੀਵ। ਜੰਤ–ਛੋਟੇ ਜੀਵ। ਤਾ ਕੀ–ਉਸ (ਪ੍ਰਭੂ) ਦੀ। ਅੰਡਜ–ਆਡਿਆਂ ਰਾਹੀਂ ਪੈਦਾ ਹੋਣ ਵਾਲੇ ਜੀਵ। ਜੇਰਜ–ਜੇਰ ਤੋਂ ਪੈਦਾ ਹੋਣ ਵਾਲੇ ਜੀਵ। ਸੇਤਜ–ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਜੀਵ। ਉਤਭੁਜ –ਜਮੀਨ ਵਿਚੋਂ ਪੈਦਾ ਹੋਣ ਵਾਲੇ ਵੇਲ ਬੂਟੇ ਆਦਿ। ਬਹੁ ਪਰਕਾਰੀ–ਬਹੁਤ ਤਰੀਕਿਆਂ ਨਾਲ। ਪਾਲਕਾ–ਪਾਲਦਾ ਹੈ।੪। ਤਿਸਹਿ–ਉਸ (ਮਨੁੱਖ) ਨੂੰ। ਨਿਧਾਨਾ–ਖਜਾਨਾ। ਰਾਮ–ਪ੍ਰਮਾਤਮਾ। ਰਸੁ–ਅਨੰਦ। ਅੰਤਰਿ–ਹਿਰਦੇ ਅੰਦਰ। ਮਾਨਾ–ਮਾਣਦਾ ਹੈ। ਕਰੁ–ਹੱਥ। ਗਹਿ–ਫੜ ਕੇ। ਅੰਧ ਕੂਪ ਤੇ–ਅੰਨ੍ਹੇ ਖੂਹ ਤੋਂ। ਕੇਈ–ਕੋਈ। ਸਾਲਕਾ–ਸੰਤ।੫। ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ। ਮਧਿ–ਵਰਤਮਾਨ ਸਮੇਂ ਵਿਚ। ਅੰਤਿ–ਸ੍ਰਿਸਟੀ ਦੇ ਅੰਤ ਸਮੇਂ ਵਿਚ। ਪ੍ਰਭ ਸੋਈ–ਉਹ ਪ੍ਰਭੂ। ਕਰਤਾ–ਰਚਨਹਾਰ ਪ੍ਰਭੂ। ਕਰੇ–ਕਰਦਾ ਹੈ। ਸੁ ਹੋਈ–ਉਹ ਹੁੰਦਾ ਹੈ। ਸਾਧ ਸੰਗ ਤੇ–ਸਾਧ ਸੰਗ ਤੋਂ। ਦਾਲਿਦ–ਗਰੀਬੀ; ਕੰਗਾਲ ਪੁਣਾ। ਘਾਲਕਾ–ਨਾਸ਼ ਕਰਨ ਵਾਲਾ; ਦਬਾਉਣ ਵਾਲਾ।੬।

ਰਕਤ ਕਿਰਮ = ਇਸਤ੍ਰੀ ਦੇ ਰਕਤ ਵਿਚ ਉਹ ਸੂਖਮ ਅਣੁਕੀਟ, ਜਿਨ੍ਹਾਂ ਤੋਂ ਮਨੁੱਖ ਦੇ ਵੀਰਯ ਨਾਲ ਮਿਲ ਕੇ ਸੰਤਾਨ ਦੀ ਉਤਪਤੀ ਹੁੰਦੀ ਹੈ। ਜੇ ਇਹ ਕੀੜੇ ਕਿਸੇ ਦੋਸ਼ ਨਾਲ ਮੁਰਦਾ ਹੋ ਜਾਣ, ਤਾਂ ਸੰਤਾਨ ਨਹੀਂ ਹੁੰਦੀ। ਇਹ ਅਕਾਲ ਦੀ ਕ੍ਰਿਪਾ ਹੈ ਕਿ ਤੈਨੂੰ ਸੰਘਾਰ ਨਹੀਂ ਕੀਤਾ, ਸਗੋਂ ਅਣੁਕੀਟ ਤੋਂ ਸੁੰਦਰ ਦੇਹ ਬਣਾ ਦਿਤੀ (ਮ.ਕੋ.)।

ਊਤਮ ਬਾਣੀ ਗਾਉ ਗੋੁਪਾਲਾ ॥ ਸਾਧ ਸੰਗਤਿ ਕੀ ਮੰਗਹੁ ਰਵਾਲਾ ॥ ਬਾਸਨ ਮੇਟਿ ਨਿਬਾਸਨ ਹੋਈਐ, ਕਲਮਲ ਸਗਲੇ ਜਾਲਕਾ ॥੭॥ ਸੰਤਾ ਕੀ ਇਹ ਰੀਤਿ ਨਿਰਾਲੀ ॥ ਪਾਰਬ੍ਰਹਮੁ ਕਰਿ ਦੇਖਹਿ ਨਾਲੀ ॥ ਸਾਸਿ ਸਾਸਿ ਆਰਾਧਨਿ ਹਰਿ ਹਰਿ, ਕਿਉ ਸਿਮਰਤ ਕੀਜੈ ਆਲਕਾ ॥੮॥ ਜਹ ਦੇਖਾ ਤਹ ਅੰਤਰਜਾਮੀ ॥ ਨਿਮਖ ਨ ਵਿਸਰਹੁ ਪ੍ਰਭ ਮੇਰੇ ਸੁਆਮੀ ॥ ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ, ਬਨਿ ਜਲਿ ਪੂਰਨ ਥਾਲਕਾ ॥੯॥ ਤਤੀ ਵਾਉ ਨ ਤਾ ਕਉ ਲਾਗੈ ॥ ਸਿਮਰਤ ਨਾਮੁ ਅਨਦਿਨੁ ਜਾਗੈ ॥ ਅਨਦ ਬਿਨੋਦ ਕਰੇ ਹਰਿ ਸਿਮਰਨੁ ,ਤਿਸੁ ਮਾਇਆ ਸੰਗਿ ਨ ਤਾਲਕਾ ॥੧੦॥ ਰੋਗ ਸੋਗ ਦੂਖ ਤਿਸੁ ਨਾਹੀ ॥ ਸਾਧ ਸੰਗਿ ਹਰਿ ਕੀਰਤਨੁ ਗਾਹੀ ॥ ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ, ਸੁਣਿ ਬੇਨੰਤੀ ਖਾਲਕਾ ॥੧੧॥ (ਹੇ ਭਾਈ! ਤੁਸੀਂ) ਜਗਤ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੀ (ਸਿਫਤ ਸਲਾਹ ਵਾਲੀ) ਉਤਮ ਬਾਣੀ ਗਾਇਆ ਕਰੋ। ਅਤੇ ਸਾਧ ਸੰਗਤ ਦੀ ਚਰਨ ਧੂੜ ਮੰਗੋ। (ਇਉਂ) ਵਾਸ਼ਨਾ ਮੇਟ ਕੇ ਵਾਸ਼ਨਾ ਰਹਿਤ ਹੋ ਜਾਈਦਾ ਹੈ ਅਤੇ ਸਾਰੇ ਪਾਪ ਸਾੜ ਲਈਦੇ ਹਨ।੭। (ਹੇ ਭਾਈ! ਪ੍ਰਭੂ ਦੇ) ਸੰਤਾਂ ਦੀ ਇਹ ਜੀਵਨ ਮਰਿਆਦਾ (ਦੁਨੀਆਂ ਦੇ ਲੋਕਾਂ ਨਾਲੋਂ) ਵੱਖਰੀ ਹੈ। (ਉਹ) ਪ੍ਰਭੂ ਨੂੰ ਅਪਣੇ ਨਾਲ ਵਸਦਾ ਦੇਖਦੇ ਹਨ। (ਉਹ) ਹਰੀ ਦਾ ਨਾਮ ਸੁਆਸ ਸੁਆਸ ਸਿਮਰਦੇ ਹਨ, (ਉਹ ਇਸ ਗੱਲੋਂ ਸੁਚੇਤ ਰਹਿੰਦੇ ਹਨ ਕਿ) ਪ੍ਰਭੂ ਦਾ ਨਾਮ ਸਿਮਰਦਿਆਂ ਆਲਸ ਕਿਉਂ ਕਰੀਏ? (ਉਹ ਆਲਸ ਨਹੀਂ ਕਰਦੇ)।੮। (ਹੇ ਭਾਈ!) ਮੈਂ ਜਿੱਥੇ ਦੇਖਦਾ ਹਾਂ, ਉਥੇ ਅੰਤਰਜਾਮੀ ਪ੍ਰਭੂ ਮੌਜੂਦ ਦਿਸਦਾ ਹੈ। ਹੇ ਮੇਰੇ ਮਾਲਕ ਪ੍ਰਭੂ! (ਮੇਰੇ ਤੇ ਕ੍ਰਿਪਾ ਕਰ, ਮੇਰੇ ਮਨ ਵਿਚੋਂ ਤੂੰ) ਨਿਮਖ ਸਮੇਂ ਲਈ ਵੀ ਨਾ ਭੁੱਲ ਸਕੇਂ। ਤੇਰੇ ਦਾਸ ਤੈਨੂੰ ਸਿਮਰ ਸਿਮਰ ਕੇ ਜਿਉਂਦੇ ਹਨ, (ਕਿਉਂਕਿ ਤੂੰ) ਜੰਗਲ ਵਿਚ, ਪਾਣੀ ਵਿਚ ਅਤੇ ਥਲ ਵਿਚ (ਸਭ ਜਗ੍ਹਾ) ਵਿਆਪਕ ਹੈਂ।੯। (ਹੇ ਭਾਈ!) ਉਸ ਮਨੁੱਖ ਨੂੰ ਤੱਤੀ ਹਵਾ ਨਹੀਂ ਲਗਦੀ। ਜਿਹੜਾ ਹਰ ਰੋਜ ਪ੍ਰਭੂ ਦਾ ਨਾਮ ਸਿਮਰਦਿਆਂ ਜਾਗਦਾ ਰਹਿੰਦਾ ਹੈ। (ਉਹ) ਹਰੀ ਦਾ ਸਿਮਰਨ ਕਰਦਾ ਹੋਇਆ ਅਨੰਦ ਤੇ ਖੁਸ਼ੀਆਂ ਮਾਣਦਾ ਹੈ, (ਉਸ ਦਾ) ਮਾਇਆ ਨਾਲ ਕੋਈ ਸਬੰਧ ਨਹੀਂ ਰਹਿੰਦਾ।੧੦। (ਹੇ ਭਾਈ!) ਉਸ ਮਨੁੱਖ ਨੂੰ ਰੋਗ ਸੋਗ ਆਦਿ ਕਿਸੇ ਤਰ੍ਹਾਂ ਦਾ

ਦੁਖ ਨਹੀਂ ਲਗ ਸਕਦਾ। ਜੋ ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਕੀਰਤਨ ਗਾਉਂਦਾ ਹੈ। ਹੇ ਪਿਆਰੇ ਪ੍ਰਭੂ! ਹੇ ਕਰਤਾਰ! ਮੇਰੀ ਬੇਨਤੀ ਸੁਣ, (ਕ੍ਰਿਪਾ ਕਰਕੇ ਮੈਨੂੰ) ਅਪਣਾ ਨਾਮ ਬਖਸ਼ ਦੇਹ।੧੧।

ਪਦਾਰਥ = ਗੋੁਪਾਲਾ–ਜਗਤ ਦੀ ਪਾਲਣਾ ਕਰਨ ਵਾਲਾ ਪ੍ਰਭੂ। ਗਾਉ–ਗਾਇਆ ਕਰੋ। ਰਵਾਲਾ–ਚਰਨ ਧੂੜ। ਬਾਸਨ–ਵਾਸ਼ਨਾ। ਮੇਟਿ–ਮਿਟਾ ਕੇ। ਨਿਬਾਸਨ–ਵਾਸ਼ਨਾ ਰਹਿਤ। ਕਲਮਲ–ਪਾਪ। ਸਗਲੇ–ਸਾਰੇ। ਜਾਲਕਾ–ਸਾੜ ਲਈਦੇ ਹਨ।੭। ਰੀਤਿ–ਮਰਿਆਦਾ; ਸੁਭਾਉ ;ਜੀਵਨ ਜਿਉਣ ਦਾ ਤਰੀਕਾ। ਨਿਰਾਲੀ–ਵੱਖਰੀ। ਨਾਲੀ–ਨਾਲ; ਅੰਗ ਸੰਗ। ਸਾਸਿ ਸਾਸਿ–ਹਰੇਕ ਸਾਹ ਨਾਲ। ਆਰਾਧਨਿ–ਸਿਮਰਦੇ ਹਨ। ਕਿਉ ਕੀਜੈ–ਕਿਉਂ ਕਰੀਏ? ਆਲਕਾ–ਆਲਸ; ਢਿੱਲ ਮੱਠ।੮। ਜਹ–ਜਿੱਥੇ। ਦੇਖਾ–ਮੈਂ ਦੇਖਦਾ ਹਾਂ। ਅੰਤਰਜਾਮੀ–ਸਾਰੇ ਜੀਵਾਂ ਦੇ ਦਿਲਾਂ ਦੀ ਜਾਨਣ ਵਾਲਾ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਨ ਵਿਸਰਹੁ–ਨਾ ਭੁੱਲੇਂ। ਸੁਆਮੀ–ਹੇ ਮਾਲਕ!। ਸਿਮਰਿ–ਸਿਮਰ ਕੇ। ਜੀਵਹਿ–ਜਿਉਂਦੇ ਹਨ। ਬਨਿ–ਜੰਗਲ ਵਿਚ। ਜਲਿ–ਪਾਣੀ ਵਿਚ। ਪੂਰਨ–ਵਿਆਪਕ ਹੈਂ। ਥਾਲਕਾ–ਥਲ ਵਿਚ।੯। ਤਤੀ ਵਾਉ–ਤੱਤੀ ਹਵਾ (ਬਿਪਤਾ; ਮੁਸੀਬਤ)। ਤਾ ਕਉ–ਉਸ (ਮਨੁੱਖ) ਨੂੰ। ਅਨਦਿਨੁ–ਹਰ ਰੋਜ। ਜਾਗੈ–ਗਿਆਨ ਅਵਸਥਾ ਵਿਚ ਜਗਦਾ ਰਹਿੰਦਾ ਹੈ। ਬਿਨੋਦ–ਖੁਸ਼ੀਆਂ। ਸੰਗਿ–ਨਾਲ। ਤਾਲਕਾ (ਅ.)–ਤਅੱਲੁਕ (ਸਬੰਧ; ਲਗਾਉ)।੧੦। ਤਿਸੁ–ਉਸ (ਮਨੁੱਖ) ਨੂੰ। ਸਾਧ ਸੰਗਿ–ਸਾਧ ਸੰਗਤ ਵਿਚ। ਗਾਹੀ–ਗਾਉਂਦਾ ਹੈ। ਪ੍ਰਭ ਪ੍ਰੀਤਮ–ਹੇ ਪਿਆਰੇ ਪ੍ਰਭੂ!। ਖਾਲਕਾ–ਹੇ ਕਰਤਾਰ!।੧੧।

ਨਾਮ ਰਤਨੁ ਤੇਰਾ ਹੈ ਪਿਆਰੇ ॥ ਰੰਗਿ ਰਤੇ ਤੇਰੈ ਦਾਸ ਅਪਾਰੇ ॥ ਤੇਰੈ ਰੰਗਿ ਰਤੇ ਤੁਧੁ ਜੇਹੇ, ਵਿਰਲੇ ਕੇਈ ਭਾਲਕਾ ॥੧੨॥ ਤਿਨ ਕੀ ਧੂੜਿ ਮਾਂਗੈ ਮਨੁ ਮੇਰਾ ॥ ਜਿਨ ਵਿਸਰਹਿ ਨਾਹੀ ਕਾਹੂ ਬੇਰਾ ॥ ਤਿਨ ਕੈ ਸੰਗਿ ਪਰਮ ਪਦੁ ਪਾਈ, ਸਦਾ ਸੰਗੀ ਹਰਿ ਨਾਲਕਾ ॥੧੩॥ ਸਾਜਨੁ ਮੀਤੁ ਪਿਆਰਾ ਸੋਈ ॥ ਏਕੁ ਦ੍ਰਿੜਾਏ ਦੁਰਮਤਿ ਖੋਈ ॥ ਕਾਮੁ ਕ੍ਰੋਧੁ ਅਹੰਕਾਰੁ ਤਜਾਏ, ਤਿਸੁ ਜਨ ਕਉ ਉਪਦੇਸੁ ਨਿਰਮਾਲਕਾ ॥੧੪॥ ਤੁਧੁ ਵਿਣੁ ਨਾਹੀ ਕੋਈ ਮੇਰਾ ॥ ਗੁਰਿ ਪਕੜਾਏ ਪ੍ਰਭ ਕੇ ਪੈਰਾ ॥ ਹਉ ਬਲਿਹਾਰੀ ਸਤਿਗੁਰ ਪੂਰੇ, ਜਿਨਿ ਖੰਡਿਆ ਭਰਮੁ ਅਨਾਲਕਾ ॥੧੫॥ ਸਾਸਿ ਸਾਸਿ ਪ੍ਰਭੁ ਬਿਸਰੈ ਨਾਹੀ ॥ ਆਠ ਪਹਰ ਹਰਿ ਹਰਿ ਕਉ ਧਿਆਈ ॥ ਨਾਨਕ ਸੰਤ ਤੇਰੈ ਰੰਗਿ ਰਾਤੇ, ਤੂ ਸਮਰਥੁ ਵਡਾਲਕਾ ॥੧੬॥੪॥੧੩॥ ਹੇ ਪਿਆਰੇ ਪ੍ਰਭੂ! ਤੇਰਾ ਨਾਮ (ਅਮੋਲਕ) ਰਤਨ ਹੈ। ਹੇ ਬੇਅੰਤ ਪ੍ਰਭੂ! ਤੇਰੇ ਦਾਸ ਤੇਰੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ। (ਜੋ ਮਨੁੱਖ) ਤੇਰੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ, ਉਹ ਤੇਰੇ ਵਰਗੇ ਹੀ ਹਨ, (ਪਰ ਅਜੇਹੇ ਮਨੁੱਖ) ਕੋਈ ਵਿਰਲੇ ਹੀ ਲੱਭਦੇ ਹਨ।੧੨। (ਹੇ ਪ੍ਰਭੂ!) ਮੇਰਾ ਮਨ ਉਨ੍ਹਾਂ (ਮਹਾਂ ਪੁਰਖਾਂ ਦੀ) ਚਰਨ ਧੂੜ ਮੰਗਦਾ ਹੈ। ਜਿਨ੍ਹਾਂ ਨੂੰ ਤੂੰ ਕਿਸੇ ਵੇਲੇ ਵੀ ਭੁਲਦਾ ਨਹੀਂ। ਹੇ ਹਰੀ! (ਤੂੰ ਉਨ੍ਹਾਂ ਮਹਾਂ ਪੁਰਖਾਂ ਦਾ) ਸਦਾ ਸੰਗੀ ਹੈਂ, ਨਾਲ (ਅੰਗ ਸੰਗ) ਵਸਦਾ ਹੈਂ, (ਮੇਰੇ ਤੇ ਮੇਹਰ ਕਰ, ਤਾਂ ਕਿ ਮੈਂ) ਉਨ੍ਹਾਂ ਦੀ ਸੰਗਤ ਵਿਚ ਰਹਿ ਕੇ ਮੈਂ ਪਰਮ ਪਦ ਪ੍ਰਾਪਤ ਕਰ ਲਵਾਂ।੧੩। (ਹੇ ਭਾਈ!) ਉਹੀ ਮਨੁੱਖ ਮੇਰਾ ਪਿਆਰਾ ਸੱਜਣ ਤੇ ਮਿਤ੍ਰ ਹੈ। (ਜਿਹੜਾ ਮੇਰੇ ਮਨ ਵਿਚੋਂ) ਖੋਟੀ ਮੱਤ ਦੂਰ ਕਰਕੇ (ਮੇਰੇ ਹਿਰਦੇ ਵਿਚ) ਇਕ ਪ੍ਰਭੂ ਦਾ ਨਾਮ ਦ੍ਰਿੜ ਕਰਾ ਦੇਵੇ। ਅਤੇ (ਮੇਰੇ ਅੰਦਰ) ਕਾਮ, ਕ੍ਰੋਧ ਤੇ ਹੰਕਾਰ ਛੁਡਾ ਦੇਵੇ, (ਪ੍ਰਭੂ ਵੱਲੋਂ) ਉਸ ਮਨੁੱਖ ਨੂੰ ਅਜੇਹਾ ਉਪਦੇਸ਼ ਫੁਰਿਆ ਹੈ, (ਜੋ ਸ੍ਰੋਤਿਆਂ ਦੇ ਮਨਾਂ ਨੂੰ) ਪਵਿਤ੍ਰ ਕਰਨ ਵਾਲਾ ਹੈ।੧੪। (ਹੇ ਪ੍ਰਭੂ!) ਤੇਰੇ ਬਿਨਾ ਮੇਰਾ ਕੋਈ ਸਹਾਈ ਨਹੀਂ ਹੈ। (ਹੇ ਭਾਈ!) ਗੁਰੂ ਨੇ ਮੈਨੂੰ ਪ੍ਰਭੂ ਦੇ ਚਰਨ ਫੜਾਏ ਹਨ ਭਾਵ ਪ੍ਰਭੂ ਨਾਲ ਜੋੜਿਆ ਹੈ। ਮੈਂ ਪੂਰੇ ਸਤਿਗੁਰੂ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੇਰਾ ਭਰਮ ਨਾਸ਼ ਕਰ ਦਿਤਾ ਹੈ, ਜੋ ਨਾਲ ਦਾ ਨਹੀਂ ਸੀ (ਐਵੇਂ ਹੀ ਚਿੰਬੜਿਆ ਹੋਇਆ ਸੀ)।੧੫। (ਹੇ ਭਾਈ!) ਮੈਂ ਸੁਆਸ ਸੁਆਸ ਪ੍ਰਭੂ ਨੂੰ ਸਿਮਰਦਾ ਰਹਿੰਦਾ ਹਾਂ, (ਮੈਂ ਉਸ ਨੂੰ ਕਦੇ) ਭੁਲਦਾ ਨਹੀਂ। ਮੈਂ ਅੱਠੇ ਪਹਿਰ ਹਰੀ ਦਾ ਨਾਮ ਧਿਆਉਂਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ!) ਤੂੰ ਸਮਰੱਥ ਤੇ ਸਭ ਤੋਂ ਵੱਡਾ ਹੈਂ, ਸੰਤ ਤੇਰੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ।੧੬।੪।੧੩।

ਪਦਾਰਥ = ਰਤਨੁ–ਅਮੋਲਕ ਪੱਥਰ; ਉਤਮ ਪਦਾਰਥ। ਪਿਆਰੇ–ਹੇ ਪਿਆਰੇ ਪ੍ਰਭੂ!। ਰੰਗਿ–ਪ੍ਰੇਮ ਰੰਗ ਵਿਚ। ਅਪਾਰੇ–ਹੇ ਬੇਅੰਤ ਪ੍ਰਭੂ!। ਰਤੇ–ਰੰਗੇ ਹੋਏ ਹਨ। ਤੁਧੁ ਜੇਹੇ–ਤੇਰੇ ਵਰਗੇ ਹੀ ਹਨ। ਕੇਈ–ਕੋਈ। ਭਾਲਕਾ–ਲੱਭਦੇ ਹਨ।੧੨। ਤਿਨ ਕੀ–ਉਨ੍ਹਾਂ ਦੀ। ਧੂੜ–ਚਰਨ ਧੂੜ। ਜਿਨ–ਜਿਨ੍ਹਾਂ ਨੂੰ। ਵਿਸਰਹਿ ਨਾਹੀ–ਤੂੰ ਭੁਲਦਾ ਨਹੀਂ। ਕਾਹੂ ਬੇਰਾ–ਕਿਸੇ ਵੀ ਵੇਲੇ। ਕੈ ਸੰਗਿ–ਦੀ ਸੰਗਤ ਵਿਚ। ਪਰਮ ਪਦੁ–ਸਭ ਤੋਂ ਉਚੀ ਆਤਮਕ ਪਦਵੀ। ਪਾਈ–ਮੈਂ ਪਾ ਲਵਾਂ। ਸੰਗੀ–ਸਾਥੀ। ਨਾਲਕਾ–ਨਾਲ (ਅੰਗ ਸੰਗ)।੧੩। ਸਾਜਨੁ–ਸੱਜਣ। ਸੋਈ–ਉਹ ਹੀ। ਏਕੁ–ਇਕ ਪ੍ਰਭੂ ਦਾ ਨਾਮ। ਦ੍ਰਿੜਾਏ–ਮਨ ਵਿਚ ਪੱਕਾ ਕਰ ਦੇਵੇ। ਦੁਰਮਤਿ–ਖੋਟੀ ਅਕਲ। ਖੋਈ–ਦੂਰ ਕਰਕੇ। ਤਜਾਏ

-ਛੁਡਾ ਦੇਵੇ। ਤਿਸੁ ਜਨ ਕਉ-ਉਸ ਮਨੁੱਖ ਨੂੰ। ਨਿਰਮਾਲਕਾ-ਪਵਿਤ੍ਰ ਕਰਨ ਵਲਾ ਹੈ।੧੪। ਤੁਧੁ ਵਿਣੁ-ਤੇਰੇ ਬਿਨਾ। ਗੁਰਿ-ਗੁਰੂ ਨੇ। ਪੈਰਾ-ਚਰਨ। ਹਉ-ਮੈਂ। ਜਿਨਿ-ਜਿਸ (ਗੁਰੂ) ਨੇ। ਖੰਡਿਆ-ਨਾਸ਼ ਕਰ ਦਿਤਾ। ਅਨਾਲਕਾ-ਜੋ ਨਾਲ (ਸਾਥ) ਦਾ ਨਹੀਂ ਸੀ ਭਾਵ ਓਪਰਾ ਸੀ; ਅਨਾਦ ਕਾਲ (ਬਹੁਤ ਦੇਰ) ਦਾ।੧੫। ਸਾਸਿ ਸਾਸਿ-ਹਰੇਕ ਸਾਹ ਦੇ ਨਾਲ। ਬਿਸਰੈ ਨਾਹੀ-ਭੁਲਦਾ ਨਹੀਂ। ਕਉ-ਨੂੰ। ਧਿਆਈ-ਮੈਂ ਧਿਆਉਂਦਾ ਹਾਂ। ਰਾਤੇ-ਰੰਗੇ ਹੋਏ ਹਨ। ਸਮਰਥੁ-ਸਰਬ ਸ਼ਕਤੀਮਾਨ। ਵਡਾਲਕਾ-ਸਭ ਤੋਂ ਵੱਡਾ।੧੬।੪।੧੩।

ਮਾਰੂ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਚਰਨ ਕਮਲ ਹਿਰਦੈ ਨਿਤ ਧਾਰੀ ॥ ਗੁਰੁ ਪੂਰਾ ਖਿਨੁ ਖਿਨੁ ਨਮਸਕਾਰੀ ॥ ਤਨੁ ਮਨੁ ਅਰਪਿ ਧਰੀ ਸਭੁ ਆਗੈ, ਜਗ ਮਹਿ ਨਾਮੁ ਸੁਹਾਵਣਾ ॥੧॥ ਸੋ ਠਾਕੁਰੁ ਕਿਉ ਮਨਹੁ ਵਿਸਾਰੇ ॥ ਜੀਉ ਪਿੰਡੁ ਦੇ ਸਾਜਿ ਸਵਾਰੇ ॥ ਸਾਸਿ ਗਰਾਸਿ ਸਮਾਲੇ ਕਰਤਾ, ਕੀਤਾ ਅਪਣਾ ਪਾਵਣਾ ॥੨॥ (ਹੇ ਭਾਈ! ਮੈਂ ਚਾਹੁੰਦਾ ਹਾਂ ਕਿ) ਮੈਂ ਹਰ ਰੋਜ ਪ੍ਰਭੂ ਦੇ ਚਰਨ ਕਮਲ ਅਪਣੇ ਹਿਰਦੇ ਵਿਚ ਟਿਕਾਈ ਰੱਖਾਂ। ਅਤੇ ਮੈਂ ਪੂਰੇ ਗੁਰੂ ਨੂੰ ਖਿਨ ਖਿਨ ਨਮਸ਼ਕਾਰ ਕਰਦਾ ਰਹਾਂ। ਮੈਂ ਅਪਣਾ ਤਨ ਮਨ ਸਭ ਕੁਛ ਗੁਰੂ ਅੱਗੇ ਅਰਪ ਕੇ ਰੱਖ ਦਿਆਂ, ਪ੍ਰਭੂ ਦਾ ਨਾਮ (ਮਨੁੱਖ ਨੂੰ) ਜਗਤ ਵਿਚ ਸੋਹਣੇ ਜੀਵਨ ਵਾਲਾ ਬਣਾ ਦੇਂਦਾ ਹੈ।੧। (ਹੇ ਭਾਈ!) ਤੂੰ ਉਸ ਮਾਲਕ ਪ੍ਰਭੂ ਨੂੰ ਅਪਣੇ ਮਨ ਵਿਚੋਂ ਕਿਉਂ ਭੁਲਾਉਂਦਾ ਹੈਂ? (ਜਿਹੜਾ ਪ੍ਰਭੂ ਤੈਨੂੰ) ਜਿੰਦ ਤੇ ਸਰੀਰ ਦੇ ਕੇ ਤੈਨੂੰ ਪੈਦਾ ਕਰਕੇ ਸਵਾਰਦਾ ਹੈ। ਕਰਤਾਰ ਹਰੇਕ ਸਾਹ ਨਾਲ ਅਤੇ ਹਰੇਕ ਗਿਰਾਹੀ ਨਾਲ (ਹਰੇਕ ਜੀਵ ਦੀ) ਸੰਭਾਲ ਕਰਦਾ ਹੈ, (ਹਰੇਕ ਜੀਵ ਅਪਣੇ) ਕੀਤੇ ਕਰਮਾਂ ਦਾ ਫਲ ਪਾਉਂਦਾ ਹੈ (ਪ੍ਰਭੂ ਜੀਵ ਦੇ ਕੀਤੇ ਕਰਮਾਂ ਅਨੁਸਾਰ ਫਲ ਦੇਂਦਾ ਹੈ)।੨।

ਅੰਗ ੧੦੮੬ = ਜਾ ਤੇ ਬਿਰਥਾ ਕੋਊ ਨਾਹੀ ॥ ਆਠ ਪਹਰ ਹਰਿ ਰਖੁ ਮਨ ਮਾਹੀ ॥ ਸਾਧ ਸੰਗਿ ਭਜੁ ਅਚੁਤ ਸੁਆਮੀ, ਦਰਗਹ ਸੋਭਾ ਪਾਵਣਾ ॥੩॥ ਚਾਰਿ ਪਦਾਰਥ ਅਸਟ ਦਸਾ ਸਿਧਿ ॥ ਨਾਮੁ ਨਿਧਾਨੁ ਸਹਜ ਸੁਖੁ ਨਉ ਨਿਧਿ ॥ ਸਰਬ ਕਲਿਆਣ ਜੇ ਮਨ ਮਹਿ ਚਾਹਹਿ, ਮਿਲਿ ਸਾਧੂ ਸੁਆਮੀ ਰਾਵਣਾ ॥੪॥ ਸਾਸਤ ਸਿਮ੍ਰਿਤਿ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤੁ ਪਰਾਣੀ ॥ ਕਾਮੁ ਕ੍ਰੋਧੁ ਨਿੰਦਾ ਪਰਹਰੀਐ, ਹਰਿ ਰਸਨਾ ਨਾਨਕ ਗਾਵਣਾ ॥੫॥ (ਹੇ ਭਾਈ!) ਜਿਸ ਪ੍ਰਭੂ ਦੇ ਦਰ ਤੇ ਗਿਆ (ਕੋਈ ਮਨੁੱਖ) ਖਾਲੀ ਨਹੀਂ ਮੁੜਦਾ। (ਇਸ ਲਈ) ਤੂੰ ਅੱਠੇ ਪਹਿਰ ਹਰੀ ਨੂੰ ਅਪਣੇ ਮਨ ਵਿਚ ਚੇਤੇ ਰੱਖ। ਸਾਧ ਸੰਗਤ ਵਿਚ ਮਿਲ ਕੇ ਅਬਿਨਾਸ਼ੀ ਮਾਲਕ ਦਾ ਭਜਨ ਕਰ, (ਜਿਸ ਕਰਕੇ ਤੈਨੂੰ) ਪ੍ਰਭੂ ਦੀ ਦਰਗਾਹ ਵਿਚ ਸੋਭਾ ਪ੍ਰਾਪਤ ਹੋਵੇਗੀ।੩। (ਹੇ ਭਾਈ! ਜੇ ਤੂੰ) ਚਾਰ ਪਦਾਰਥ, ਅਠਾਰਾਂ ਸਿੱਧੀਆਂ, ਨਾਮ ਰੂਪ ਖਜਾਨਾ, ਆਤਮਕ ਸੁਖ, ਨੌਂ ਨਿਧੀਆਂ। ਅਤੇ ਸਾਰੇ ਸੁਖ ਮਨ ਵਿਚ ਪ੍ਰਾਪਤ ਕਰਨਾ ਚਾਹੁੰਦਾ ਹੈਂ, ਤਾਂ ਤੂੰ ਸ੍ਰੇਸ਼ਟ ਗੁਰੂ ਨੂੰ ਮਿਲ ਕੇ ਮਾਲਕ ਦਾ ਸਿਮਰਨ ਕਰ।੪। (ਅੰਨਵੈ) ਹੇ ਪ੍ਰਾਣੀ! ਤੂੰ ਜਨਮ ਪਦਾਰਥ ਨੂੰ ਜਿਤ (ਸਫਲ ਕਰ) ਲੈ। (ਇਹ ਗੱਲ) ਸ਼ਾਸ਼ਤ੍ਰ ,ਸਿਮ੍ਰਤੀਆਂ ਅਤੇ ਬੇਦ ਵੀ ਵਖਿਆਨ ਕਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਕਾਮ, ਕ੍ਰੋਧ ਤੇ ਨਿੰਦਾ (ਆਦਿ ਵਿਕਾਰਾਂ) ਨੂੰ ਛਡ ਦੇਣਾ ਚਾਹੀਦਾ ਹੈ ਅਤੇ ਜੀਭ ਨਾਲ ਹਰੀ ਦੇ ਗੁਣ ਗਾਇਆ ਕਰ (ਇਉਂ ਤੇਰਾ ਜੀਵਨ ਸਫਲ ਹੋ ਜਾਵੇਗਾ)।੫।

ਪਦਾਰਥ = ਹਿਰਦੈ-ਹਿਰਦੇ ਵਿਚ। ਨਿਤ-ਹਰ ਰੋਜ; ਸਦਾ। ਧਾਰੀ-ਮੈਂ ਟਿਕਾਈ ਰੱਖਾਂ। ਖਿਨੁ ਖਿਨੁ-ਹਰੇਕ ਪਲ। ਤਨੁ-ਸਰੀਰ। ਨਮਸਕਾਰੀ-ਮੈਂ ਨਮਸ਼ਕਾਰ ਕਰਦਾ ਰਹਾਂ। ਅਰਪਿ-ਭੇਟਾ ਕਰਕੇ। ਧਰੀ ਆਗੈ-ਗੁਰੂ ਦੇ ਅੱਗੇ ਰੱਖ ਦਿਆਂ। ਜਗ ਮਹਿ-ਜਗਤ ਵਿਚ। ਸੁਹਾਵਣਾ-ਸੋਹਣਾ ਬਣਾ ਦੇਂਦਾ ਹੈ।੧। ਸੋ ਠਾਕੁਰੁ-ਉਸ ਮਾਲਕ ਪ੍ਰਭੂ ਨੂੰ। ਮਨਹੁ-ਮਨ ਵਿਚੋਂ। ਵਿਸਾਰੇ-ਤੂੰ ਭੁਲਾਉਂਦਾ ਹੈਂ। ਜੀਉ-ਜਿੰਦ। ਪਿੰਡੁ-ਸਰੀਰ। ਦੇ-ਦੇ ਕੇ। ਸਾਜਿ-ਪੈਦਾ ਕਰਕੇ। ਸਵਾਰੇ-ਸਵਾਰਦਾ ਹੈ। ਸਾਸਿ-ਸਾਹ ਨਾਲ। ਗਰਾਸਿ-ਗਿਰਾਹੀ ਨਾਲ। ਸਮਾਲੇ-ਸੰਭਾਲਦਾ ਹੈ। ਕਰਤਾ-ਕਰਤਾਰ। ਕੀਤਾ-ਕੀਤਾ ਕਰਮ। ਪਾਵਣਾ-ਪਾਉਂਦਾ ਹੈ।੨। ਜਾ ਤੇ-ਜਿਸ (ਪ੍ਰਭੂ) ਤੋਂ। ਬਿਰਥਾ-ਖਾਲੀ। ਮਨ ਮਾਹੀ-ਮਨ ਵਿਚ। ਭਜੁ-ਭਜਨ ਕਰ। ਅਚੁਤ ਸੁਆਮੀ-ਨਾਸ਼ ਰਹਿਤ ਮਾਲਕ। ਸੋਭਾ ਪਾਵਣਾ-ਵਡਿਆਈ ਪ੍ਰਾਪਤ ਹੋਵੇਗੀ।੩। ਚਾਰਿ ਪਦਾਰਥ-ਧਰਮ ਅਰਥ ਕਾਮ ਤੇ ਮੋਖ। ਅਸਟ ਦਸਾ ਸਿਧਿ-ਅਠਾਰਾਂ ਸਿੱਧੀਆਂ। ਨਿਧਾਨੁ-ਖਜਾਨਾ। ਸਹਜ ਸੁਖੁ-ਆਤਮਕ ਸੁਖ। ਨਉ ਨਿਧਿ-ਦੁਨੀਆਂ ਦੇ ਸਾਰੇ ਨੌਂ ਖਜਾਨੇ। ਸਰਬ ਕਲਿਆਣ-ਸਾਰੇ ਸੁਖ। ਚਾਹਹਿ-ਤੂੰ ਚਾਹੁੰਦਾ ਹੈਂ। ਮਿਲਿ-ਮਿਲ ਕੇ। ਸਾਧੂ-ਸ੍ਰੇਸ਼ਟ ਗੁਰੂ। ਰਾਵਣਾ-ਸਿਮਰਨ ਕਰ।੪। ਸਾਸਤ-ਛੇ ਸ਼ਾਸਤ੍ਰ। ਸਿਮ੍ਰਿਤਿ-ਸਿਮ੍ਰਤੀਆਂ। ਬੇਦ-ਚਾਰ ਬੇਦ। ਵਖਾਣੀ-ਵਖਿਆਨ ਕਰਦੇ ਹਨ। ਜੀਤੁ-ਜਿੱਤ ਲੈ। ਪਰਾਣੀ-ਹੇ ਪ੍ਰਾਣੀ!। ਪਰਹਰੀਐ-ਛਡ ਦੇਣਾ ਚਾਹੀਦਾ ਹੈ। ਰਸਨਾ-ਜੀਭ। ਗਾਵਣਾ-ਗਾਇਆ ਕਰ।੫।

ਜਿਸੁ ਰੂਪੁ ਨ ਰੇਖਿਆ ਕੁਲੁ ਨਹੀਂ ਜਾਤੀ ॥ ਪੂਰਨ ਪੂਰਿ ਰਹਿਆ ਦਿਨੁ ਰਾਤੀ ॥ ਜੋ ਜੋ ਜਪੈ ਸੋਈ ਵਡਭਾਗੀ, ਬਹੁੜਿ ਨ ਜੋਨੀ

ਪਾਵਣਾ ॥੬॥ ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥ ਜਲਤਾ ਫਿਰੈ ਰਹੈ ਨਿਤ ਤਾਤਾ ॥ ਅਕਿਰਤਘਣੈ ਕਉ ਰਖੈ ਨ ਕੋਈ, ਨਰਕ ਘੋਰ ਮਹਿ ਪਾਵਣਾ ॥੭॥ ਜੀਉ ਪ੍ਰਾਣ ਤਨੁ ਧਨੁ ਜਿਨਿ ਸਾਜਿਆ ॥ ਮਾਤ ਗਰਭ ਮਹਿ ਰਾਖਿ ਨਿਵਾਜਿਆ ॥ ਤਿਸ ਸਿਉ ਪ੍ਰੀਤਿ ਛਾਡਿ ਅਨ ਰਾਤਾ, ਕਾਹੂ ਸਿਰੈ ਨ ਲਾਵਣਾ ॥੮॥ ਧਾਰਿ ਅਨੁਗ੍ਰਹੁ ਸੁਆਮੀ ਮੇਰੇ ॥ ਘਟਿ ਘਟਿ ਵਸਹਿ ਸਭਨ ਕੈ ਨੇਰੇ ॥ ਹਾਥਿ ਹਮਾਰੈ ਕਛੂਐ ਨਾਹੀ, ਜਿਸੁ ਜਣਾਇਹਿ ਤਿਸੈ ਜਣਾਵਣਾ ॥੯॥ ਜਾ ਕੈ ਮਸਤਕਿ ਧੁਰਿ ਲਿਖਿ ਪਾਇਆ ॥ ਤਿਸ ਹੀ ਪੁਰਖ ਨ ਵਿਆਪੈ ਮਾਇਆ ॥ ਨਾਨਕ ਦਾਸ ਸਦਾ ਸਰਣਾਈ, ਦੂਸਰ ਲਵੈ ਨ ਲਾਵਣਾ ॥੧੦॥ (ਹੇ ਭਾਈ!) ਜਿਸ ਪ੍ਰਭੂ ਦਾ ਕੋਈ ਰੂਪ ਰੇਖ, ਕੁਲ ਤੇ ਜਾਤ ਨਹੀਂ ਹੈ। ਉਹ ਪੂਰਨ ਪ੍ਰਭੂ ਦਿਨ ਰਾਤ (ਹਰ ਵੇਲੇ ਹਰ ਥਾਂ) ਵਿਆਪਕ ਹੋ ਰਿਹਾ ਹੈ। ਜੋ ਜੋ (ਮਨੁੱਖ ਪ੍ਰਭੂ ਨੂੰ) ਜਪਦਾ ਹੈ, ਉਹ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ, (ਉਸ ਨੂੰ) ਮੁੜ ਕੇ ਕਿਸੇ ਜੂਨ ਵਿਚ ਨਹੀਂ ਪਾਇਆ ਜਾਂਦਾ। ੬। (ਹੇ ਭਾਈ!) ਜਿਸ ਮਨੁੱਖ ਨੂੰ ਸਿਰਜਨਹਾਰ ਪ੍ਰਭੂ ਭੁੱਲ ਜਾਂਦਾ ਹੈ। ਉਹ ਵਿਕਾਰਾਂ ਵਿਚ ਸੜਦਾ ਫਿਰਦਾ ਹੈ ਅਤੇ (ਕ੍ਰੋਧ ਤੇ ਈਰਖਾ ਨਾਲ) ਹਰ ਰੋਜ ਤੱਤਾ ਹੋਇਆ ਰਹਿੰਦਾ ਹੈ। (ਅਜੇਹੇ) ਅਕ੍ਰਿਤਘਣ ਮਨੁੱਖ ਨੂੰ ਕੋਈ ਬਚਾ ਨਹੀਂ ਸਕਦਾ, (ਉਹ) ਭਿਆਨਕ ਨਰਕ ਵਿਚ ਪਾਇਆ ਜਾਂਦਾ ਹੈ। ੭। (ਹੇ ਭਾਈ!) ਜਿਸ ਪ੍ਰਭੂ ਨੇ ਤੇਰਾ ਸਰੀਰ ਬਣਾਇਆ, ਤੈਨੂੰ ਜਿੰਦ ਤੇ ਪ੍ਰਾਣ ਦਿਤੇ ਅਤੇ (ਖਰਚਣ ਲਈ) ਧਨ ਦਿਤਾ। (ਜਿਸ ਨੇ ਤੈਨੂੰ) ਮਾਂ ਦੇ ਪੇਟ ਵਿਚ ਰੱਖ ਕੇ ਨਿਵਾਜਿਆ ਹੈ। ਉਸ ਪ੍ਰਭੂ ਨਾਲ ਪ੍ਰੀਤ ਛਡ ਕੇ ਤੂੰ ਕਿਸੇ ਹੋਰ ਨਾਲ ਪ੍ਰੀਤ ਲਾਈ ਹੋਈ ਹੈ, (ਯਾਦ ਰੱਖ, ਹੋਰ ਦੀ ਪ੍ਰੀਤ ਨੇ ਤੈਨੂੰ) ਕਿਸੇ ਸਿਰੇ ਨਹੀਂ ਲਗਣ ਦੇਣਾ (ਭਵਜਲ ਤੋਂ ਪਾਰ ਨਹੀਂ ਹੋਣ ਦੇਣਾ)। ੮। (ਇਸ ਤਰ੍ਹਾਂ ਬੇਨਤੀ ਕਰ) ਹੇ ਮੇਰੇ ਮਾਲਕ! (ਮੇਰੇ ਉਤੇ) ਕਿਰਪਾ ਕਰ। ਤੂੰ ਹਰੇਕ ਜੀਵ ਦੇ ਹਿਰਦੇ ਵਿਚ ਸਾਰੇ ਜੀਵਾਂ ਦੇ ਨੇੜੇ ਵਸਦਾ ਹੈਂ। ਸਾਡੇ ਹੱਥ ਵਿਚ ਕੁਛ ਵੀ ਨਹੀਂ ਹੈ, ਜਿਸ ਮਨੁੱਖ ਨੂੰ ਤੂੰ (ਅਪਣੀ) ਸਮਝ ਬਖਸ਼ਦਾ ਹੈਂ, ਉਸ ਨੂੰ ਤੂੰ ਸਮਝਾ ਦੇਂਦਾ ਹੈਂ। ੯। (ਹੇ ਪ੍ਰਭੂ! ਤੂੰ) ਜਿਸ ਮਨੁੱਖ ਦੇ ਮੱਥੇ ਉਤੇ ਧੁਰ ਤੋਂ (ਸ਼ੁੱਭ ਲੇਖ) ਲਿਖ ਕੇ ਪਾਇਆ ਹੈ। ਉਸ ਪੁਰਖ ਨੂੰ ਮਾਇਆ ਨਹੀਂ ਚਿੰਬੜਦੀ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਦਾਸ ਸਦਾ ਤੇਰੀ ਸ਼ਰਣ ਵਿਚ ਰਹਿੰਦਾ ਹੈ, (ਉਸ ਨੂੰ ਤੇਰੇ) ਬਰਾਬਰ ਦਾ ਦੂਜਾ ਕੋਈ ਨਹੀਂ ਲਗਦਾ। ੧੦।

ਪਦਾਰਥ = ਰੂਪੁ–ਸ਼ਕਲ ਸੂਰਤ। ਰੇਖਿਆ–ਚਿੰਨ੍ਹ ਚੱਕ੍ਰ; ਲਕੀਰਾਂ; ਅਕਾਰ। ਕੁਲੁ–ਖਾਨਦਾਨ। ਜਾਤੀ–ਜਾਤ। ਪੂਰਨ–ਸਰਬ ਵਿਆਪਕ ਪ੍ਰਭੂ। ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ। ਰਾਤੀ–ਰਾਤ। ਸੋਈ–ਉਹ। ਵਡਭਾਗੀ–ਵੱਡੇ ਭਾਗਾਂ ਵਾਲਾ। ਬਹੁੜਿ–ਮੁੜ ਕੇ। ਪਾਵਣਾ–ਪਾਇਆ ਜਾਂਦਾ। ੬। ਜਿਸ ਨੋ–ਜਿਸ (ਮਨੁੱਖ) ਨੂੰ। ਬਿਸਰੈ–ਭੁੱਲ ਜਾਂਦਾ ਹੈ। ਪੁਰਖ ਬਿਧਾਤਾ–ਸਿਰਜਨਹਾਰ ਪ੍ਰਭੂ। ਜਲਤਾ ਫਿਰੈ–ਸੜਦਾ ਫਿਰਦਾ ਹੈ। ਨਿਤ–ਹਰ ਰੋਜ; ਸਦਾ। ਤਾਤਾ–ਜਲਨ; ਈਰਖਾ। ਅਕਿਰਤਘਣੈ–ਕੀਤੇ ਭਲੇ ਨੂੰ ਨਾ ਜਾਨਣ ਵਾਲਾ ਮਨੁੱਖ। ਕਉ–ਨੂੰ। ਰਖੈ ਨ–ਬਚਾ ਨਹੀਂ ਸਕਦਾ। ਘੋਰ–ਭਿਆਨਕ। ਮਹਿ–ਵਿਚ। ੭। ਜੀਉ–ਜਿੰਦ। ਤਨੁ–ਸਰੀਰ। ਜਿਨਿ–ਜਿਸ (ਪ੍ਰਭੂ) ਨੇ। ਸਾਜਿਆ–ਬਣਾਇਆ। ਮਾਤ ਗਰਭ ਮਹਿ–ਮਾਂ ਦੇ ਪੇਟ ਵਿਚ। ਰਾਖਿ–ਰੱਖ ਕੇ। ਨਿਵਾਜਿਆ–ਵਡਿਆਇਆ (ਪਾਲਣਾ ਕੀਤੀ)। ਤਿਸੁ ਸਿਉ–ਉਸ (ਪ੍ਰਭੂ) ਨਾਲ। ਛਾਡਿ–ਛੱਡ ਕੇ। ਅਨ ਰਾਤਾ–ਹੋਰਾਂ ਨਾਲ ਪ੍ਰੀਤ ਲਾਈ ਹੈ। ਕਾਹੂ ਸਿਰੈ–ਕਿਸੇ ਕੰਢੇ ਤੇ। ਨ ਲਾਵਣਾ–ਨਹੀਂ ਲਗਣ ਦੇਣਾ। ੮। ਧਾਰਿ ਅਨੁਗ੍ਰਹੁ–ਕ੍ਰਿਪਾ ਕਰ। ਸੁਆਮੀ–ਹੇ ਮਾਲਕ ਪ੍ਰਭੂ!। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਸਭਨ ਕੈ–ਸਾਰਿਆਂ ਦੇ। ਨੇਰੇ–ਨੇੜੇ। ਹਾਥਿ–ਹੱਥ ਵਿਚ। ਕਛੂਐ–ਕੁਛ ਵੀ। ਜਣਾਇਹਿ–ਤੂੰ ਸਮਝ ਬਖਸ਼ਦਾ ਹੈਂ। ਤਿਸੈ–ਉਸ ਨੂੰ। ਜਣਾਵਣਾ–ਸਮਝਾ ਦੇਂਦਾ ਹੈਂ। ੯। ਜਾ ਕੈ–ਜਿਸ (ਮਨੁੱਖ) ਦੇ। ਮਸਤਕਿ–ਮੱਥੇ ਉਤੇ। ਧੁਰਿ–ਧੁਰ ਤੋਂ। ਲਿਖਿ–ਲਿਖ ਕੇ। ਨ ਵਿਆਪੈ–ਚਿੰਬੜਦੀ ਨਹੀਂ। ਦੂਸਰ–ਦੂਜਾ। ਲਵੈ ਨ ਲਾਵਣਾ–ਬਰਾਬਰ ਦਾ ਨਹੀਂ ਲਗਦਾ ਭਾਵ ਬਰਾਬਰ ਦਾ ਪ੍ਰਤੀਤ ਨਹੀਂ ਹੁੰਦਾ। ੧੦।

ਆਗਿਆ ਦੂਖ ਸੂਖ ਸਭਿ ਕੀਨੇ ॥ ਅੰਮ੍ਰਿਤ ਨਾਮੁ ਬਿਰਲੈ ਹੀ ਚੀਨੇ ॥ ਤਾ ਕੀ ਕੀਮਤਿ ਕਹਣੁ ਨ ਜਾਈ, ਜਤ ਕਤ ਓਹੀ ਸਮਾਵਣਾ ॥੧੧॥ ਸੋਈ ਭਗਤੁ ਸੋਈ ਵਡ ਦਾਤਾ ॥ ਸੋਈ ਪੂਰਨ ਪੁਰਖੁ ਬਿਧਾਤਾ ॥ ਬਾਲ ਸਹਾਈ ਸੋਈ ਤੇਰਾ, ਜੋ ਤੇਰੈ ਮਨਿ ਭਾਵਣਾ ॥੧੨॥ ਮਿਰਤੁ ਦੂਖ ਸੂਖ ਲਿਖਿ ਪਾਏ ॥ ਤਿਲੁ ਨਹੀ ਬਧਹਿ ਘਟਹਿ ਨ ਘਟਾਏ ॥ ਸੋਈ ਹੋਇ ਜਿ ਕਰਤੇ ਭਾਵੈ, ਕਹਿ ਕੈ ਆਪੁ ਵਵਾਵਣਾ ॥੧੩॥ ਅੰਧ ਕੂਪ ਤੇ ਸੇਈ ਕਾਢੇ ॥ ਜਨਮ ਜਨਮ ਕੇ ਟੂਟੇ ਗਾਂਢੇ ॥ ਕਿਰਪਾ ਧਾਰਿ ਰਖੇ ਕਰਿ ਅਪੁਨੇ, ਮਿਲਿ ਸਾਧੂ ਗੋਬਿੰਦੁ ਧਿਆਵਣਾ ॥੧੪॥ ਤੇਰੀ ਕੀਮਤਿ ਕਹਣੁ ਨ ਜਾਈ ॥ ਅਚਰਜ ਰੂਪੁ ਵਡੀ ਵਡਿਆਈ ॥ ਭਗਤਿ ਦਾਨੁ ਮੰਗੈ ਜਨੁ ਤੇਰਾ, ਨਾਨਕ ਬਲਿ ਬਲਿ ਜਾਵਣਾ ॥੧੫॥੧॥੧੪॥੨੨॥੨੪॥੨॥੧੪॥੬੨॥ (ਹੇ ਭਾਈ!) ਪ੍ਰਭੂ ਨੇ ਸਾਰੇ ਦੁਖ ਤੇ ਸੁਖ ਅਪਣੇ ਹੁਕਮ ਵਿਚ ਹੀ

ਪੈਦਾ ਕੀਤੇ ਹਨ। (ਪਰ ਕਿਸੇ) ਵਿਰਲੇ ਮਨੁੱਖ ਨੇ ਹੀ ਪ੍ਰਭੂ ਦੇ ਅੰਮ੍ਰਿਤ ਨਾਮ ਨੂੰ ਜਾਣਿਆ ਹੈ। ਉਸ ਪ੍ਰਭੂ ਦੀ ਕੀਮਤ ਬਿਆਨ ਨਹੀਂ ਕੀਤੀ ਜਾ ਸਕਦੀ, ਉਹ ਪ੍ਰਭੂ ਜਿੱਥੇ ਕਿੱਥੇ (ਸਭ ਜਗ੍ਹਾ) ਸਮਾ ਰਿਹਾ ਹੈ।੧੧। (ਹੇ ਭਾਈ! ਸਭ ਤੋਂ ਵੱਡਾ) ਭਗਤ ਉਹ ਪ੍ਰਭੂ ਹੀ ਹੈ ਅਤੇ ਸਭ ਤੋਂ ਵੱਡਾ ਦਾਤਾ ਵੀ ਉਹ ਪ੍ਰਭੂ ਹੀ ਹੈ। ਉਹ ਪੂਰਨ ਪੁਰਖ ਹੈ ਅਤੇ ਸ੍ਰਿਸਟੀ ਦੀ ਰਚਨਾ ਕਰਨ ਵਾਲਾ ਹੈ। ਉਹ ਹੀ ਬਚਪਨ ਤੋਂ ਤੇਰੀ ਸਹਾਇਤਾ ਕਰਨ ਵਾਲਾ ਹੈ, ਜੋ ਤੇਰੇ ਮਨ ਵਿਚ ਪਿਆਰਾ ਲਗਣ ਵਾਲਾ ਹੈ।੧੨। (ਹੇ ਭਾਈ! ਹਰੇਕ ਜੀਵ ਦੇ ਮੱਥੇ ਤੇ ਪ੍ਰਭੂ ਨੇ) ਮੌਤ, ਦੁਖ ਤੇ ਸੁਖ ਲਿਖ ਕੇ ਪਾਏ ਹੋਏ ਹਨ {ਸੁਖੁ ਦੁਖੁ ਪੁਰਬ ਜਨਮ ਕੇ ਕੀਏ ੧੦੩੧}। (ਉਹ) ਤਿਲ ਮਾਤ੍ਰ ਵੀ ਨਾ ਵਧਦੇ ਹਨ ਅਤੇ ਨਾ ਹੀ ਕਿਸੇ ਦੇ ਘਟਾਏ ਘਟਦੇ ਹਨ। ਜੋ ਕੁਛ ਕਰਤਾਰ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ, (ਇਹ) ਕਹਿ ਕੇ ਕਿ ਮੈਂ ਕੁਛ ਕਰ ਸਕਦਾ ਹਾਂ, ਅਪਣੇ ਆਪ ਨੂੰ ਗੁਆਉਣ ਵਾਲੀ ਗੱਲ ਹੈ।੧੩। (ਹੇ ਭਾਈ!) ਮਾਇਕ ਸੰਸਾਰ ਰੂਪ ਅੰਨ੍ਹੇ ਖੂਹ ਤੋਂ ਪ੍ਰਭੂ ਨੇ ਉਹ ਹੀ ਮਨੁੱਖ ਬਾਹਰ ਕੱਢੇ ਹਨ। ਜਿਨ੍ਹਾਂ ਜਨਮਾਂ ਜਨਮਾਂ ਦੇ ਟੁੱਟੇ ਹੋਇਆਂ ਨੂੰ (ਪ੍ਰਭੂ ਨੇ ਅਪਣੇ ਨਾਲ) ਗੰਢ ਲਿਆ ਹੈ (ਵਿਛੜੇ ਮਨੁੱਖਾਂ ਨੂੰ ਅਪਣੇ ਨਾਲ ਮਿਲਾ ਲਿਆ ਹੈ। ਉਹ ਮਨੁੱਖ) ਪ੍ਰਭੂ ਨੇ ਕ੍ਰਿਪਾ ਕਰਕੇ ਅਪਣੇ ਸੇਵਕ ਬਣਾ ਕਰਕੇ ਰੱਖੇ ਹਨ, (ਜਿਨ੍ਹਾਂ ਨੇ) ਸਾਧੂ ਗੁਰੂ ਨੂੰ ਮਿਲ ਕੇ ਪ੍ਰਭੂ ਨੂੰ ਧਿਆਇਆ ਹੈ।੧੪। ਹੇ ਪ੍ਰਭੂ! ਤੇਰੀ ਕੀਮਤ (ਕਿਸੇ ਪਾਸੋਂ) ਕਹੀ ਨਹੀਂ ਜਾ ਸਕਦੀ। (ਕਿਉਂਕਿ ਤੇਰਾ) ਰੂਪ ਅਸਚਰਜ ਹੈ ਅਤੇ ਤੇਰੀ ਵਡਿਆਈ ਵੱਡੀ ਹੈ। ਨਾਨਕ ਤੇਰਾ ਸੇਵਕ ਹੈ, ਤੇਰੇ ਤੋਂ ਮਨ ਅਤੇ ਸਰੀਰ ਕਰਕੇ ਬਲਿਹਾਰ ਜਾਂਦਾ ਹੈ ਅਤੇ ਤੇਰੇ ਪਾਸੋਂ ਭਗਤੀ ਦਾਨ ਮੰਗਦਾ ਹੈ।੧੫।੧।੧੪।੨੨।੨੪।੨।੧੪।੬੨।

ਪਦਾਰਥ = ਆਗਿਆ–ਹੁਕਮ ਵਿਚ। ਕੀਨੇ–ਪੈਦਾ ਕੀਤੇ ਹਨ। ਬਿਰਲੈ ਹੀ–ਕਿਸੇ ਵਿਰਲੇ ਨੇ ਹੀ। ਚੀਨੇ–ਜਾਣਿਆ ਹੈ। ਤਾ ਕੀ–ਉਸ (ਪ੍ਰਭੂ) ਦੀ। ਜਤ ਕਤ–ਜਿੱਥੇ ਕਿੱਥੇ (ਸਭ ਜਗ੍ਹਾ)। ਸਮਾਵਣਾ–ਸਮਾ ਰਿਹਾ ਹੈ।੧੧। ਸੋਈ–ਉਹ ਹੀ। ਪੂਰਨ ਪੁਰਖ–ਸਰਬ ਵਿਆਪਕ ਪ੍ਰਭੂ। ਬਿਧਾਤਾ–ਰਚਨਹਾਰ ਪ੍ਰਭੂ; ਕਰਮਾਂ ਅਨੁਸਾਰ ਫਲ ਦੇਣ ਵਾਲਾ। ਬਾਲ ਸਹਾਈ–ਬਚਪਨ ਤੋਂ ਸਹਾਇਤਾ ਕਰਨ ਵਾਲਾ। ਮਨਿ–ਮਨ ਵਿਚ। ਭਾਵਣਾ–ਪਿਆਰਾ ਲੱਗਣ ਵਾਲਾ।੧੨। ਮਿਰਤੁ–ਮੌਤ। ਲਿਖਿ–(ਹਰੇਕ ਜੀਵ ਦੇ ਮੱਥੇ ਤੇ) ਲਿਖ ਕੇ। ਪਾਏ–ਪਾਏ ਹੋਏ ਹਨ। ਤਿਲੁ–ਤਿਲ ਭਰ। ਵਧਹਿ–ਵਧ ਸਕਦੇ ਹਨ। ਘਟਹਿ ਨ–ਘਟਦੇ ਨਹੀਂ। ਜਿ–ਜੋ ਕੁਛ। ਕਰਤੇ ਭਾਵੈ–ਕਰਤਾਰ ਨੂੰ ਚੰਗਾ ਲਗਦਾ ਹੈ। ਆਪੁ–ਅਪਣੇ ਆਪ ਨੂੰ। ਵੰਞਾਵਣਾ–ਗੁਆਉਣਾ ਹੈ।੧੩। ਅੰਧ ਕੂਪ–(ਮਾਇਕ ਸੰਸਾਰ ਰੂਪ) ਅਨ੍ਹੇਰਾ ਖੂਹ। ਤੇ–ਤੋਂ। ਸੇਈ–ਉਹ ਹੀ। ਗਾਂਢੇ–ਜੋੜ ਲਿਆ ਹੈ। ਧਾਰਿ–ਕਰਕੇ। ਮਿਲਿ–ਮਿਲ ਕੇ। ਧਿਆਵਣਾ–ਧਿਆਇਆ ਹੈ।੧੪। ਜਨੁ–ਸੇਵਕ। ਬਲਿ ਬਲਿ ਜਾਵਣਾ–ਮਨ ਅਤੇ ਸਰੀਰ ਕਰਕੇ ਕੁਰਬਾਨ ਜਾਂਦਾ ਹੈ।੧੫।੧।੧੪।੨੨।੨੪।੨।੧੪।੬੨।

ਸੋਲਹੇ ਮਹਲਾ ੧ = ੨੨ ਸੋਲਹੇ ਮਹਲਾ ੩ = ੨੪

ਸੋਲਹੇ ਮਹਲਾ ੪ = ੨ ਸੋਲਹੇ ਮਹਲਾ ੫ = ੧੪ ਕੁਲ ਜੋੜ ੬੨

ਮਾਰੂ ਵਾਰ ਮਹਲਾ ੩ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮਃ ੧ ॥ ਵਿਣੁ ਗਾਹਕ ਗੁਣੁ ਵੇਚੀਐ, ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ, ਤਉ ਗੁਣੁ ਲਾਖ ਵਿਕਾਇ ॥ (ਮਾਰੂ ਰਾਗ ਵਿਚ ਇਹ ਵਾਰ ਗੁਰੂ ਅਮਰਦਾਸ ਜੀ ਦੀ ਲਿਖਤ ਹੈ, ਇਸ ਵਿਚ ਸਾਰੀਆਂ ਪਉੜੀਆਂ ਗੁਰੂ ਅਮਰਦਾਸ ਜੀ ਦੀ ਰਚਨਾ ਹਨ। ਪਉੜੀਆਂ ਦੇ ਨਾਲ ਸਲੋਕ ਬਾਦ ਵਿਚ ਗੁਰੂ ਅਰਜਨ ਦੇਵ ਜੀ ਨੇ ਲਾਏ ਹਨ)। ਪ੍ਰਮਾਤਮਾ ਇਕ ਹੈ, ਸਤਿਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਜੇ ਬਿਨਾ ਗਾਹਕ ਤੋਂ ਗੁਣ ਵੇਚੀਏ ਤਾਂ ਗੁਣ ਸਸਤਾ ਜਾਂਦਾ ਹੈ (ਉਸ ਦੀ ਕਦਰ ਨਹੀਂ ਪੈਂਦੀ)। ਜੇ ਗੁਣਾਂ ਦਾ ਗਾਹਕ ਮਿਲ ਜਾਵੇ, ਤਾਂ ਉਹੀ ਗੁਣ ਲੱਖਾਂ ਦਾ ਵਿਕਦਾ ਹੈ।

ਅੰਗ ੧੦੮੭ = ਗੁਣ ਤੇ ਗੁਣ ਮਿਲਿ ਪਾਈਐ, ਜੇ ਸਤਿਗੁਰ ਮਾਹਿ ਸਮਾਇ ॥ ਮੁੋਲਿ ਅਮੁੋਲੁ ਨ ਪਾਈਐ, ਵਣਜਿ ਨ ਲੀਜੈ ਹਾਟਿ ॥ ਨਾਨਕ ਪੂਰਾ ਤੋਲੁ ਹੈ, ਕਬਹੁ ਨ ਹੋਵੈ ਘਾਟਿ ॥੧॥ ਜੇ (ਅਪਣੇ ਆਪ ਨੂੰ) ਸਤਿਗੁਰੂ ਵਿਚ ਲੀਨ ਕਰ ਦੇਈਏ, ਤਾਂ ਗੁਣਾਂ ਵਾਲੇ ਗੁਰੂ ਨੂੰ ਮਿਲ ਕੇ ਗੁਣ ਪ੍ਰਾਪਤ ਕਰ ਲਈਦੇ ਹਨ। (ਪਰ ਇਹ) ਅਮੋਲਕ ਗੁਣ ਕਿਸੇ ਮੁੱਲ ਨਾਲ ਨਹੀਂ ਪ੍ਰਾਪਤ ਹੁੰਦੇ ਅਤੇ ਕਿਸੇ ਹੱਟੀ ਤੋਂ ਖ੍ਰੀਦ ਕੇ ਵੀ ਨਹੀਂ ਲਏ ਜਾ ਸਕਦੇ ਹਨ (ਇਹ ਗੁਣ ਗੁਰੂ ਪਾਸੋਂ ਮਿਲਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਪਾਸ ਗੁਣਾਂ ਦਾ) ਤੋਲ ਪੂਰਾ ਹੈ, ਜੋ ਕਦੇ ਵੀ ਘੱਟ ਨਹੀਂ ਹੁੰਦਾ।੧।

ਮਃ ੪ ॥ ਨਾਮ ਵਿਹੂਣੇ ਭਰਮਸਹਿ, ਆਵਹਿ ਜਾਵਹਿ ਨੀਤ ॥ ਇਕਿ ਬਾਂਧੇ ਇਕਿ ਢੀਲਿਆ, ਇਕਿ ਸੁਖੀਏ ਹਰਿ ਪ੍ਰੀਤਿ ॥ ਨਾਨਕ ਸਚਾ ਮੰਨਿ ਲੈ, ਸਚੁ ਕਰਣੀ ਸਚੁ ਰੀਤਿ ॥੨॥(ਹੇ ਭਾਈ!) ਨਾਮ ਸਿਮਰਨ ਤੋਂ ਖਾਲੀ ਮਨੁੱਖ ਭਟਕਦੇ ਰਹਿੰਦੇ ਹਨ, (ਭਟਕਣਾ ਦੇ ਕਾਰਣ) ਸਦਾ ਜੰਮਦੇ ਮਰਦੇ ਰਹਿੰਦੇ ਹਨ। ਕਈ (ਮਨੁੱਖ ਮਾਇਆ ਦੇ ਮੋਹ ਵਿਚ) ਬੱਝੇ ਹੋਏ ਹਨ ਅਤੇ ਕਈਆਂ ਨੇ (ਬੰਧਨ ਕੁਛ) ਢਿੱਲੇ ਕਰ ਲਏ ਹਨ (ਪ੍ਰਭੂ ਨਾਲ ਥੋੜੇ ਜਿਹੇ ਜੁੜੇ ਹੋਏ ਹਨ) ਅਤੇ ਕਈ ਮਨੁੱਖ ਹਰੀ ਦੀ ਪ੍ਰੀਤ ਵਿਚ ਰਹਿ ਕੇ ਸੁਖੀ ਹੋ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਪ੍ਰਭੂ ਦਾ ਸੱਚਾ ਨਾਮ ਮਨ ਵਿਚ ਵਸਾ ਲੈਂਦਾ ਹੈ; ਸੱਚਾ ਨਾਮ ਮੰਨ ਲੈਂਦਾ ਹੈ, (ਉਸ ਵਾਸਤੇ) ਸੱਚਾ ਨਾਮ ਸਿਮਰਨ ਹੀ ਕਰਨ ਯੋਗ ਕੰਮ ਹੈ ਅਤੇ ਸੱਚਾ ਨਾਮ ਸਿਮਰਨ ਹੀ ਜੀਵਨ ਜਿਉਣ ਦਾ ਤਰੀਕਾ ਹੈ।੨।

ਪਉੜੀ ॥ ਗੁਰ ਤੇ ਗਿਆਨੁ ਪਾਇਆ, ਅਤਿ ਖੜਗੁ ਕਰਾਰਾ ॥ ਦੂਜਾ ਭ੍ਰਮੁ ਗੜੁ ਕਟਿਆ, ਮੋਹੁ ਲੋਭੁ ਅਹੰਕਾਰਾ ॥ ਹਰਿ ਕਾ ਨਾਮੁ ਮਨਿ ਵਸਿਆ, ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ, ਹਰਿ ਲਗਾ ਪਿਆਰਾ ॥ ਸਭੁ ਸਚੋ ਸਚੁ ਵਰਤਦਾ, ਸਚੁ ਸਿਰਜਣ ਹਾਰਾ ॥੧॥ (ਹੇ ਭਾਈ! ਮੈਂ ਜੋ) ਗੁਰੂ ਤੋਂ ਗਿਆਨ ਪ੍ਰਾਪਤ ਕੀਤਾ ਹੈ, (ਉਹ) ਖੰਡੇ ਵਾਂਗ ਬਹੁਤ ਤਿੱਖਾ ਹੈ।(ਇਸ ਗਿਆਨ ਰੂਪ ਖੰਡੇ ਨਾਲ ਮੈਂ) ਦ੍ਵੈਤ ਭਾਵ, ਭਰਮ ਰੂਪ ਕਿਲ੍ਹਾ, ਮੋਹ, ਲੋਭ ਅਤੇ ਹੰਕਾਰ ਨੂੰ ਕੱਟ ਦਿਤਾ ਹੈ। ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਹਰੀ ਦਾ ਨਾਮ (ਮੇਰੇ) ਮਨ ਵਿਚ ਵਸ ਗਿਆ ਹੈ। ਸੱਚ ਤੇ ਸੰਜਮ ਦੁਆਰਾ ਮੱਤ ਉਤਮ ਹੋ ਗਈ ਹੈ ਅਤੇ ਹਰੀ ਪਿਆਰਾ ਲਗਣ ਲਗ ਗਿਆ ਹੈ।(ਹੁਣ ਮੈਨੂੰ) ਸਭ ਪਾਸੇ ਨਿਰੋਲ ਸੱਚੋ ਸੱਚਾ ਸਿਰਜਣਹਾਰ ਪ੍ਰਭੂ ਵਰਤ ਰਿਹਾ ਦਿਸਦਾ ਹੈ।੧।

ਪਦਾਰਥ = ਗਾਹਕ–ਖ੍ਰੀਦਣ ਵਾਲਾ ਮਨੁੱਖ; ਲੋੜਵੰਦ ਜਗਿਆਸੂ। ਤਉ–ਤਾਂ; ਤਦ। ਸਹਘੋ–ਸਸਤਾ। ਲਾਖ–ਲੱਖਾਂ ਰੁਪਿਆਂ ਦਾ ਭਾਵ ਬਹੁਤ ਮੁੱਲ ਨਾਲ। ਵਿਕਾਇ–ਵਿਕਦਾ ਹੈ। ਗੁਣ ਤੇ–ਗੁਣਾਂ (ਵਾਲੇ ਗੁਰੂ) ਤੋਂ। ਮਿਲਿ–ਮਿਲ ਕੇ। ਮਾਹਿ–ਵਿਚ। ਸਮਾਇ–ਲੀਨ ਕਰ ਦੇਵੇ। ਮੁੋਲਿ–ਕਿਸੇ ਮੁੱਲ ਨਾਲ। ਅਮੁੋਲੁ–ਅਮੋਲਕ। ਵਣਜਿ–ਖ੍ਰੀਦ ਕੇ। ਹਾਟਿ–ਹੱਟੀ ਤੋਂ। ਕਬਹੁ–ਕਦੇ ਵੀ। ਘਾਟਿ–ਘੱਟ।੧। ਵਿਹੂਣੇ–ਖਾਲੀ। ਭਰਮਸਹਿ–ਭਟਕਦੇ ਹਨ। ਆਵਹਿ ਜਾਵਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਹਨ। ਨੀਤ–ਨਿੱਤ; ਸਦਾ। ਇਕਿ–ਕਈ ਮਨੁੱਖ। ਬਾਂਧੇ–ਬੱਝੇ ਹੋਏ ਹਨ। ਢੀਲਿਆ–ਢਿੱਲੇ ਕਰ ਲਏ ਹਨ। ਹਰਿ ਪ੍ਰੀਤਿ–ਹਰੀ ਦੀ ਪ੍ਰੀਤ ਵਿਚ। ਮੰਨਿ ਲੈ–ਮਨ ਵਿਚ ਵਸਾ ਲੈਂਦਾ ਹੈ; ਮੰਨ ਲੈਂਦਾ ਹੈ (ਸੰ.ਸ; ਫ.ਸ.)। ਕਰਣੀ–ਕਰਨ ਯੋਗ ਕੰਮ। ਰੀਤਿ–ਤਰੀਕਾ; ਮਰਿਆਦਾ।੨। ਪਉੜੀ। ਤੇ–ਤੋਂ; ਪਾਸੋਂ। ਅਤਿ–ਬਹੁਤ। ਖੜਗੁ ਕਰਾਰਾ–ਤਿੱਖਾ ਖੰਡਾ। ਦੂਜਾ–ਦ੍ਵੈਤ ਭਾਵ। ਗੜੁ–ਕਿਲ੍ਹਾ। ਮਨਿ–ਮਨ ਵਿਚ। ਸੰਜਮਿ–ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕਣ ਦਾ ਜਤਨ। ਮਤਿ–ਸਮਝ; ਅਕਲ। ਸਚੋ ਸਚੁ–ਨਿਰੋਲ ਸੱਚ। ਸਿਰਜਣਹਾਰਾ–ਸ੍ਰਿਸਟੀ ਦਾ ਰਚਨਹਾਰ।੧।

ਸਲੋਕੁ ਮਃ ੩ ॥ ਕੇਦਾਰਾ ਰਾਗਾ ਵਿਚਿ ਜਾਣੀਐ ਭਾਈ, ਸਬਦੇ ਕਰੇ ਪਿਆਰੁ ॥ ਸਤਸੰਗਤਿ ਸਿਉ ਮਿਲਦੋ ਰਹੈ, ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ, ਕੁਲਾ ਕਾ ਕਰੇ ਉਧਾਰੁ ॥ ਗੁਣਾ ਕੀ ਰਾਸਿ ਸੰਗ੍ਰਹੈ, ਅਵਗਣ ਕਢੈ ਵਿਡਾਰਿ ॥ ਨਾਨਕ ਮਿਲਿਆ ਸੋ ਜਾਣੀਐ, ਗੁਰੂ ਨ ਛੋਡੈ ਆਪਣਾ, ਦੂਜੈ ਨ ਧਰੇ ਪਿਆਰੁ ॥੧॥ ਹੇ ਭਾਈ! ਰਾਗਾਂ ਵਿਚੋਂ ਕੇਦਾਰਾ ਰਾਗ ਗਾਇਆ ਤਾਂ ਸਫਲ ਜਾਣਿਆ ਜਾਂਦਾ ਹੈ, (ਜੇ ਇਸ ਰਾਗ ਨੂੰ ਗਾਉਣ ਵਾਲਾ ਮਨੁੱਖ ਗੁਰੂ ਦੇ) ਸ਼ਬਦ ਨਾਲ ਪਿਆਰ ਕਰੇ (ਕੇਦਾਰਾ ਤੇ ਮਾਰੂ ਰਾਗ ਵਿਚ ਥੋੜਾ ਫਰਕ ਹੈ)। ਸਤਸੰਗਤ ਨਾਲ ਸਦਾ ਮਿਲਿਆ ਰਹੇ ਅਤੇ ਸੱਚੇ ਪ੍ਰਭੂ ਨਾਲ ਪਿਆਰ ਰੱਖੇ। ਮਨ ਵਿਚੋਂ ਅਪਣੀ ਵਿਕਾਰਾਂ ਦੀ ਮੈਲ ਕੱਟ ਦੇਵੇ, (ਇਉਂ ਉਹ ਮਨੁੱਖ ਅਪਣੀਆਂ) ਕੁਲਾਂ ਦਾ ਉਧਾਰ ਕਰ ਲੈਂਦਾ ਹੈ।(ਅਜੇਹਾ ਮਨੁੱਖ) ਸ਼ੁੱਭ ਗੁਣਾਂ ਦੀ ਪੂੰਜੀ ਇਕੱਠੀ ਕਰਦਾ ਹੈ ਅਤੇ ਉਹ ਔਗਣ ਮਾਰ ਕੇ ਬਾਹਰ ਕੱਢ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਪ੍ਰਭੂ ਨਾਲ ਮਿਲਿਆ ਜਾਣਿਆ ਜਾਂਦਾ ਹੈ ,ਜੋ ਅਪਣੇ ਗੁਰੂ ਨੂੰ ਨਹੀਂ ਛਡਦਾ ਅਤੇ ਦ੍ਵੈਤ ਭਾਵ (ਜਾਂ ਦੇਵੀ ਦੇਵਤਿਆਂ) ਵਿਚ ਪਿਆਰ ਨਹੀਂ ਧਰਦਾ।੧।

ਮਃ ੪ ॥ ਸਾਗਰੁ ਦੇਖਉ ਡਰਿ ਮਰਉ ,ਭੈ ਤੇਰੈ ਡਰੁ ਨਾਹਿ ॥ ਗੁਰ ਕੈ ਸਬਦਿ ਸੰਤੋਖੀਆ, ਨਾਨਕ ਬਿਗਸਾ ਨਾਇ ॥੨॥ (ਹੇ ਪ੍ਰਭੂ! ਜਦੋਂ) ਮੈਂ ਸੰਸਾਰ ਸਮੁੰਦਰ ਨੂੰ ਦੇਖਦਾ ਹਾਂ, ਤਾਂ ਮੈਂ ਡਰ ਨਾਲ ਮਰਦਾ ਜਾਂਦਾ ਹਾਂ (ਕਿ ਮੈਂ ਇਸ ਨੂੰ ਕਿਵੇਂ ਤਰਾਂਗਾ? ਪਰ) ਤੇਰੇ ਡਰ ਵਿਚ ਰਹਿਣ ਕਰਕੇ (ਸੰਸਾਰ ਸਮੁੰਦਰ ਦਾ) ਡਰ ਨਹੀਂ ਰਹਿੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਸੰਤੋਖ ਵਾਲਾ ਬਣ ਗਿਆ ਹਾਂ ਅਤੇ ਪ੍ਰਭੂ ਦੇ ਨਾਮ ਸਿਮਰਨ ਕਰਕੇ ਮਨ ਖਿੜ ਗਿਆ ਹੈ।੨।

ਮਃ ੪ ॥ ਚੜਿ ਬੋਹਿਥੈ ਚਾਲਸਉ ,ਸਾਗਰੁ ਲਹਰੀ ਦੇਇ ॥ ਠਾਕ ਨ ਸਚੈ ਬੋਹਿਥੈ, ਜੇ ਗੁਰੁ ਧੀਰਕ ਦੇਇ ॥ ਤਿਤੁ ਦਰਿ ਜਾਇ

ਉਤਾਰੀਆ, ਗੁਰੁ ਦਿਸੈ ਸਾਵਧਾਨੁ ॥ ਨਾਨਕ ਨਦਰੀ ਪਾਈਐ, ਦਰਗਹ ਚਲੈ ਮਾਨੁ ॥੩॥ ਸੰਸਾਰ ਸਮੁੰਦਰ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ ਨਾਲ ਉਛਾਲੇ ਦੇਂਦਾ ਹੈ, (ਪਰ ਜੇ ਮੈਂ ਗੁਰ ਦੇ ਸ਼ਬਦ ਰੂਪ) ਜਹਾਜ ਤੇ ਚੜ੍ਹ ਕੇ ਚੱਲਾਂਗਾ (ਤਾਂ ਪਾਰ ਲੰਘ ਜਾਵਾਂਗਾ)। ਜੇ ਗੁਰੂ ਧੀਰਜ ਦੇਵੇ, (ਤਾਂ ਇਸ) ਸੱਚੇ ਜਹਾਜ ਤੇ ਚੜ੍ਹਿਆਂ (ਰਸਤੇ ਵਿਚ ਵਿਸ਼ੇ ਵਿਕਾਰਾਂ ਦੀਆਂ ਲਹਿਰਾਂ) ਰੋਕ ਨਹੀਂ ਪਾਉਂਦੀਆਂ {ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ਪ੧੯}। ਗੁਰੂ (ਮੈਨੂੰ ਲਹਿਰਾਂ ਤੋਂ ਬਚਾ ਕੇ ਰੱਖਣਾ ਵਾਲਾ) ਸਾਵਧਾਨ ਦਿਸਦਾ ਹੈ, (ਉਹ ਮੈਨੂੰ ਪ੍ਰਭੂ ਦੇ) ਉਸ ਦਰ ਤੇ ਜਾ ਕੇ ਉਤਾਰ ਦੇਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਸ਼ਬਦ ਰੂਪ ਜਹਾਜ) ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਪਾਈਦਾ ਹੈ ਅਤੇ (ਮਨੁੱਖ ਗੁਰੂ ਦੇ ਸ਼ਬਦ ਦੁਆਰਾ) ਪ੍ਰਭੂ ਦੀ ਦਰਗਾਹ ਵਿਚ ਆਦਰ ਨਾਲ ਜਾਂਦਾ ਹੈ।੩।

ਪਦਾਰਥ = ਭਾਈ–ਹੇ ਭਾਈ!। ਸਬਦੇ–ਗੁਰੂ ਦੇ ਸ਼ਬਦ ਨਾਲ। ਸਿਉ–ਨਾਲ। ਸਚੇ–ਸੱਚੇ ਪ੍ਰਭੂ ਨਾਲ। ਵਿਚਹੁ–ਮਨ ਵਿਚੋਂ। ਮਲੁ–ਮੈਲ। ਕੁਲਾ ਕਾ–ਖਾਨਦਾਨ ਦਾ। ਰਾਸਿ–ਪੂੰਜੀ। ਸੰਗ੍ਰਹੈ–ਇਕੱਠੀ ਕਰਦਾ ਹੈ। ਵਿਡਾਰਿ–ਮਾਰ ਕੇ। ਸੋ–ਉਹ (ਮਨੁੱਖ)। ਦੂਜੈ–ਦ੍ਵੈਤ ਭਾਵ ਵਿਚ; ਕਿਸੇ ਦੂਜੇ ਦੇਵੀ ਦੇਵਤੇ ਨਾਲ।੧। ਸਾਗਰੁ–ਸੰਸਾਰ ਸਮੁੰਦਰ। ਦੇਖਉ–ਮੈਂ ਦੇਖਦਾ ਹਾਂ। ਡਰਿ ਮਰਉ–ਡਰ ਨਾਲ ਮਰਦਾ ਜਾਂਦਾ ਹਾਂ (ਦਿਲ ਦਹਿਲ ਜਾਂਦਾ ਹੈ)। ਭੈ ਤੇਰੈ–ਤੇਰੇ ਭੈ ਵਿਚ ਰਹਿਣ ਕਰਕੇ। ਸੰਤੋਖੀਆ–ਸੰਤੋਖ ਵਾਲਾ। ਬਿਗਸਾ–ਖਿੜ ਗਿਆ ਹੈ। ਨਾਇ–ਨਾਮ ਦੁਆਰਾ।੨। ਚੜਿ–ਚੜ੍ਹ ਕੇ। ਬੋਹਿਥੈ–ਜਹਾਜ ਉਤੇ। ਚਾਲਸਉ–ਮੈਂ ਚੱਲਾਂਗਾ। ਲਹਰੀ ਦੇਇ–ਲਹਿਰਾਂ ਨਾਲ ਉਛਾਲੇ ਦੇਂਦਾ ਹੈ। ਠਾਕ–ਰੋਕ। ਧੀਰਕ–ਧੀਰਜ; ਹੌਸਲਾ। ਤਿਤੁ ਦਰਿ–ਉਸ ਦਰ ਉਤੇ। ਜਾਇ ਉਤਾਰੀਆ–ਜਾ ਕੇ ਉਤਾਰੇਗਾ। ਦਿਸੈ–ਦਿਸਦਾ ਹੈ। ਸਾਵਧਾਨ–ਸੁਚੇਤ। ਨਦਰੀ–ਮੇਹਰ ਦੀ ਨਜਰ ਨਾਲ। ਚਲੈ ਮਾਨੁ–ਆਦਰ ਨਾਲ ਜਾਂਦਾ ਹੈ।੩।

ਪਉੜੀ ॥ ਨਿਹਕੰਟਕ ਰਾਜ ਭੁੰਚ ਤੂ ,ਗੁਰਮੁਖਿ ਸਚੁ ਕਮਾਈ ॥ ਸਚੈ ਤਖਤਿ ਬੈਠਾ ਨਿਆਉ ਕਰਿ, ਸਤਸੰਗਤ ਮੇਲਿ ਮਿਲਾਈ ॥ ਸਚਾ ਉਪਦੇਸੁ ਹਰਿ ਜਾਪਣਾ, ਹਰਿ ਸਿਉ ਬਣਿ ਆਈ ॥ ਐਥੈ ਸੁਖ ਦਾਤਾ ਮਨਿ ਵਸੈ, ਅੰਤਿ ਹੋਇ ਸਖਾਈ ॥ ਹਰਿ ਸਿਉ ਪ੍ਰੀਤਿ ਊਪਜੀ, ਗੁਰਿ ਸੋਝੀ ਪਾਈ ॥੨॥ (ਹੇ ਭਾਈ!) ਗੁਰੂ ਦੁਆਰਾ ਨਾਮ ਸਿਮਰਨ ਦੀ ਸੱਚੀ ਕਮਾਈ ਕਰ, (ਇਉਂ) ਤੂੰ ਦੁਖ ਰਹਿਤ ਰਾਜ ਭੋਗ। ਸੱਚੇ ਤਖਤ ਉਤੇ ਬੈਠਾ ਪ੍ਰਭੂ ਨਿਆਉਂ ਕਰਦਾ ਹੈ ਅਤੇ (ਤੈਨੂੰ) ਸਤਸੰਗਤ ਦੇ ਮੇਲ ਵਿਚ ਮਿਲਾ ਲਵੇਗਾ। (ਸੰਗਤ ਵਿਚੋਂ ਇਹ) ਸੱਚਾ ਉਪਦੇਸ਼ ਮਿਲਦਾ ਹੈ ਕਿ ਹਰੀ ਦਾ ਨਾਮ ਜਪਣਾ ਚਾਹੀਦਾ ਹੈ, (ਜਿਸ ਦੇ ਜਪਣ ਨਾਲ) ਹਰੀ ਨਾਲ ਪ੍ਰੀਤ ਬਣ ਆਉਂਦੀ ਹੈ। ਇਥੇ (ਇਸ ਲੋਕ ਵਿਚ) ਸੁਖ ਦੇਣ ਵਾਲਾ ਪ੍ਰਭੂ ਮਨ ਵਿਚ ਵਸ ਜਾਂਦਾ ਹੈ ਅਤੇ (ਉਹ) ਅੰਤ ਸਮੇਂ ਸਹਾਈ ਹੁੰਦਾ ਹੈ। (ਹੇ ਭਾਈ!) ਗੁਰੂ ਨੇ (ਮੇਰੇ ਅੰਦਰ) ਸੋਝੀ ਪਾ ਦਿਤੀ ਹੈ, (ਜਿਸ ਕਰਕੇ) ਹਰੀ ਨਾਲ ਮੇਰੀ ਪ੍ਰੀਤ ਪੈਦਾ ਹੋ ਗਈ ਹੈ।੨।

ਪਦਾਰਥ = ਪਉੜੀ। ਨਿਹਕੰਟਕ–ਦੁਖ ਰਹਿਤ; (ਜਿਸ ਦਾ ਕੋਈ) ਵੈਰੀ ਨਾ ਹੋਵੇ। ਭੁੰਚ–ਭੋਗ (ਮਾਣਨਾ ਕਰ)। ਗੁਰਮੁਖਿ–ਗੁਰੂ ਦੁਆਰਾ। ਸਚੁ ਕਮਾਈ–ਸੱਚੇ ਨਾਮ ਸਿਮਰਨ ਦੀ ਕਮਾਈ ਕਰ। ਮੇਲਿ ਮਿਲਾਈ–ਮੇਲ ਵਿਚ ਮਿਲਾ ਲਵੇਗਾ। ਸਿਉ–ਨਾਲ। ਬਣਿ ਆਈ –ਪ੍ਰੀਤ ਬਣ ਆਉਂਦੀ ਹੈ। ਐਥੈ–ਇਥੇ ਇਸ ਲੋਕ ਵਿਚ। ਮਨਿ–ਮਨ ਵਿਚ। ਸਖਾਈ–ਸਹਾਇਤਾ ਕਰਨ ਵਾਲਾ। ਗੁਰਿ–ਗੁਰੂ ਨੇ।੨।

ਸਲੋਕੁ ਮਃ ੧ ॥ ਭੁਲੀ ਭੁਲੀ ਮੈ ਫਿਰੀ, ਪਾਧਰੁ ਕਹੈ ਨ ਕੋਇ ॥ ਪੂਛਹੁ ਜਾਇ ਸਿਆਣਿਆ, ਦੁਖੁ ਕਾਟੈ ਮੇਰਾ ਕੋਇ ॥ ਸਤਿਗੁਰੁ ਸਾਚਾ ਮਨਿ ਵਸੈ, ਸਾਜਨੁ ਉਤਹੀ ਠਾਇ ॥ ਨਾਨਕ ਮਨੁ ਤ੍ਰਿਪਤਾਸੀਐ, ਸਿਫਤੀ ਸਾਚੈ ਨਾਇ ॥੧॥ (ਹੇ ਭਾਈ! ਅਗਿਆਨ ਵਿਚ) ਮੈਂ ਭੁੱਲੀ ਭਟਕੀ ਫਿਰਦੀ ਹਾਂ, ਮੈਨੂੰ ਕੋਈ ਪ੍ਰਭੂ ਦੇ ਮਿਲਣ ਦਾ ਪੱਧਰਾ ਰਸਤਾ ਨਹੀਂ ਦਸਦਾ। (ਫਿਰ ਮਨ ਵਿਚ ਵਿਚਾਰ ਆਈ ਕਿ) ਮੈਂ ਸਿਆਣੇ ਪੁਰਖਾਂ ਤੋਂ ਜਾ ਕੇ ਪੁੱਛਾਂ, ਜੇ ਕੋਈ ਮੇਰਾ ਦੁੱਖ ਕੱਟ ਦੇਵੇ। (ਇਕ ਗਿਆਨਵਾਨ ਪੁਰਖ ਨੇ ਦੱਸਿਆ ਕਿ ਜੇ) ਸੱਚਾ ਸਤਿਗੁਰੂ ਮਨ ਵਿਚ ਵਸ ਜਾਵੇ, (ਤਾਂ ਗੁਰੂ) ਪ੍ਰਭੂ ਸੱਜਣ ਨੂੰ ਉਸੇ ਥਾਂ (ਹਿਰਦੇ ਵਿਚ) ਹੀ ਵਸਦਾ ਦਿਖਾ ਦੇਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਸੱਚੇ ਪ੍ਰਭੂ ਦੀ ਸਿਫਤ ਸਲਾਹ ਅਤੇ ਉਸ ਦਾ ਨਾਮ ਜਪਣ ਨਾਲ ਮਨ ਰੱਜ ਜਾਂਦਾ (ਭਟਕਣਾ ਮੁੱਕ ਜਾਂਦੀ) ਹੈ।੧।

ਮਃ ੩ ॥ ਆਪੇ ਕਰਣੀ ਕਾਰ ਆਪਿ, ਆਪੇ ਕਰੇ ਰਜਾਇ ॥ ਆਪੇ ਕਿਸਹੀ ਬਖਸਿ ਲਏ, ਆਪੇ ਕਾਰ ਕਮਾਇ ॥ ਨਾਨਕ ਚਾਨਣੁ ਗੁਰ ਮਿਲੇ, ਦੁਖ ਬਿਖੁ ਜਾਲੀ ਨਾਇ ॥੨॥ (ਹੇ ਭਾਈ!) ਪ੍ਰਭੂ ਆਪੇ ਆਪ ਹੀ ਨਾਮ ਸਿਮਰਨ ਰੂਪ ਕਰਨ ਯੋਗ ਕਰਮ ਹੈ ਅਤੇ ਆਪ ਹੀ (ਮਨੱਖ ਨੂੰ) ਨਾਮ ਸਿਮਰਨ ਦੀ ਆਗਿਆ ਕਰਦਾ ਹੈ। (ਉਹ) ਆਪ ਹੀ ਕ੍ਰਿਪਾ ਕਰਕੇ ਕਿਸੇ ਮਨੁੱਖ ਨੂੰ ਬਖਸ਼ ਲੈਂਦਾ ਹੈ ਅਤੇ ਆਪ ਹੀ (ਮਨੱਖ ਰੂਪ ਹੋ ਕੇ) ਨਾਮ ਸਿਮਰਨ ਦਾ ਕਰਮ ਕਮਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਮੈਨੂੰ ਗੁਰੂ ਦਾ

ਗਿਆਨ ਰੂਪ ਚਾਨਣ ਮਿਲ ਜਾਏ, ਤਾਂ ਮੈਂ ਨਾਮ ਸਿਮਰ ਕੇ ਵਿਹੁ ਰੂਪ ਮਾਇਆ ਤੋਂ ਪੈਦਾ ਹੋਏ ਦੁਖ ਸਾੜ ਦਿਆਂ।੨।

ਪਦਾਰਥ = ਭੂਲੀ ਭੂਲੀ-ਭੁੱਲੀ ਭਟਕਦੀ ਹੋਈ।ਫਿਰੀ-ਫਿਰਦੀ ਹਾਂ।ਪਾਧਰੁ-ਪੱਧਰਾ ਰਸਤਾ।ਜਾਇ-ਜਾ ਕੇ।ਮਨਿ-ਮਨ ਵਿਚ। ਸਾਜਨੁ-ਪ੍ਰਭੂ ਸੱਜਣ।ਉਤ ਹੀ ਠਾਇ-ਉਸੇ ਥਾਂ (ਹਿਰਦੇ ਵਿਚ) ਹੀ।ਤ੍ਰਿਪਤਾਸੀਐ-ਰੱਜ ਜਾਂਦਾ ਹੈ।ਸਿਫਤੀ-ਸਿਫਤ ਸਲਾਹ ਕਰਨ ਨਾਲ।ਸਾਚੈ ਨਾਇ-ਸੱਚੇ ਪ੍ਰਭੂ ਦਾ ਨਾਮ ਜਪਣ ਨਾਲ।੧।ਆਪੇ-ਆਪ ਹੀ।ਕਰਣੀ ਕਾਰ-ਕਰਨ ਯੋਗ ਕਰਮ।ਕਰੇ ਰਜਾਇ-ਆਗਿਆ ਕਰਦਾ ਹੈ।ਕਿਸ ਹੀ-ਕਿਸੇ ਨੂੰ।ਬਖਸਿ ਲਏ-ਬਖਸ਼ ਲੈਂਦਾ ਹੈ।ਕਾਰ ਕਮਾਇ-ਕੰਮ ਕਰਦਾ ਹੈ।ਚਾਨਣੁ ਗੁਰ-ਗੁਰੂ ਦਾ ਗਿਆਨ ਰੂਪ ਪ੍ਰਕਾਸ਼।ਬਿਖੁ-ਵਿਹੁ ਰੂਪ ਮਾਇਆ।ਜਾਲੀ-ਸਾੜ ਦੇਵਾਂ।ਨਾਇ-ਨਾਮ ਸਿਮਰ ਕੇ।੨।

ਪਉੜੀ ॥ ਮਾਇਆ ਵੇਖਿ ਨ ਭੁਲੁ ਤੂ ,ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ, ਸਭੁ ਝੂਠੁ ਦਰਬੁ ਲਖਾ ॥ ਅਗਿਆਨੀ ਅੰਧੁ ਨ ਬੂਝਈ, ਸਿਰ ਊਪਰਿ ਜਮ ਖੜਗੁ ਕਲਖਾ ॥ ਹੇ ਮਨਮੁਖ ਮੂਰਖ! ਤੂੰ ਮਾਇਆ ਨੂੰ ਦੇਖ ਕੇ ਭੁੱਲ ਨਾ ਕਰ।(ਮਾਇਆ ਸੰਸਾਰ ਤੋਂ) ਚਲਣ ਵੇਲੇ ਨਾਲ ਨਹੀਂ ਚਲਦੀ, (ਜਿਤਨਾ ਵੀ) ਲੱਖਾਂ ਕ੍ਰੋੜਾਂ ਦਾ ਧਨ ਹੈ, ਸਭ ਝੂਠਾ (ਨਾਸ਼ਵੰਤ) ਹੈ।ਗਿਆਨ ਹੀਣ ਅੰਨ੍ਹਾ ਮਨੁੱਖ ਸਮਝਦਾ ਨਹੀਂ, (ਕਿ ਇਸ ਦੇ) ਸਿਰ ਉਤੇ ਜਮ ਦੀ ਭੈ ਦਾਇਕ ਮੌਤ ਰੂਪ ਤਲਵਾਰ ਲਟਕਦੀ ਹੈ।

ਅੰਗ ੧੦੮੮ = ਗੁਰ ਪਰਸਾਦੀ ਉਬਰੇ, ਜਿਨ ਹਰਿ ਰਸੁ ਚਖਾ ॥ ਆਪਿ ਕਰਾਏ ਕਰੇ ਆਪਿ, ਆਪੇ ਹਰਿ ਰਖਾ ॥੩॥ ਗੁਰੂ ਦੀ ਕ੍ਰਿਪਾ ਨਾਲ (ਉਹ ਮਨੁੱਖ ਜਮਾਂ ਦੀ ਤਲਵਾਰ ਤੋਂ) ਬਚ ਗਏ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਰਸ ਚੱਖਿਆ ਹੈ।ਪ੍ਰਭੂ ਆਪ ਹੀ (ਜੀਵਾਂ ਤੋਂ) ਕੰਮ ਕਰਾਉਂਦਾ ਹੈ, ਆਪ ਹੀ (ਜੀਵਾਂ ਅੰਦਰ ਬੈਠਾ ਕੰਮ) ਕਰਦਾ ਹੈ ਅਤੇ ਆਪ ਹੀ ਜੀਵਾਂ ਦਾ ਰਾਖਾ ਹੈ।੩।

ਪਦਾਰਥ = ਨ ਭੁਲੁ-ਗਲਤੀ ਨਾ ਕਰ।ਮੂਰਖਾ-ਹੇ ਮੂਰਖ!।ਦਰਬੁ ਲਖਾ-ਬੇਅੰਤ ਧਨ।ਨ ਬੂਝਈ-ਨਹੀਂ ਸਮਝਦਾ।ਜਮ ਖੜਗੁ-ਜਮਾਂ ਦੀ ਤਲਵਾਰ।ਕਲਖਾ-(ਕਲੱਖਾ ਪੜ੍ਹੋ) ਕਾਲਾ ਭਾਵ ਭੈਦਾਇਕ; ਖਿੱਚੀ ਖੜਾ ਹੈ (ਫ.ਸ.; ਸੰ.ਸ.; ਟਕਸਾਲ)।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਚਖਾ (ਚੱਖਾ ਪੜ੍ਹੋ)-ਚੱਖਿਆ ਹੈ।ਆਪੇ-ਆਪ ਹੀ।ਰਖਾ (ਰੱਖਾ ਪੜ੍ਹੋ)-ਰਾਖਾ।੩।